@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika**

**Punjabi National Daily** — **NO.1**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 19 January 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 19 ਜਨਵਰੀ 2025, 6 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 70, qpatrika@gmail.com ਫੋਨ : 9971359517 www.qaumipatrika.org

# ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੇ ਪ੍ਰਦਰਸ਼ਨ ਦੀ ਕੀਤੀ ਪ੍ਰਸ਼ੰਸਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 18 ਜਨਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ 'ਕਿਊ ਐੱਸ ਵਰਲਡ ਫਿਊਚਰ ਸਕਿੱਲਜ ਇੰਡੈਕਸ' ਵਿਚ ਭਾਰਤ ਦੇ ਪ੍ਰਦਰਸਨ ਦੀ ਪ੍ਰਸੰਸਾ ਕੀਤੀ ਅਤੇ ਇਸ ਨੂੰ ਕੀਮਤੀ ਦੱਸਿਆ। 'ਤੇ ਇੱਕ ਪੋਸਟ ਵਿਚ ਪ੍ਰਧਾਨ ਮੰਤਰੀ ਨੇ ਲਿਖਿਆ, "ਇਹ ਦੇਖ ਕੇ ਬਹੁਤ ਖੁਸੀ ਹੋਈ! ਪਿਛਲੇ ਦਹਾਕੇ ਦੌਰਾਨ, ਸਾਡੀ ਸਰਕਾਰ ਨੇ ਨੌਜਵਾਨਾਂ ਨੂੰ ਅਜਿਹੇ ਹੁਨਰਾਂ ਨਾਲ ਲੈਸ ਕਰਕੇ ਮਜਬੂਤ ਬਣਾਉਣ 'ਤੇ ਕੰਮ ਕੀਤਾ ਹੈ, ਜੋ ਉਨ੍ਹਾਂ ਨੂੰ ਸਵੈ-ਨਿਰਭਰ ਬਣਨ ਅਤੇ ਦੌਲਤ ਪੈਦਾ ਕਰਨ ਵਿਚ ਮਦਦ ਕਰ ਸਕਦੇ ਹਨ। ਅਸੀਂ ਭਾਰਤ ਨੂੰ ਨਵੀਨਤਾ ਅਤੇ ਉੱਦਮ ਦਾ ਕੇਂਦਰ ਬਣਾਉਣ ਲਈ ਤਕਨਾਲੋਜੀ ਦੀ ਸਕਤੀ ਦਾ ਵੀ ਲਾਭ ਉਠਾਇਆ ਹੈ।" ਪ੍ਰਧਾਨ ਮੰਤਰੀ ਨੇ ਦੇ ਅਤੇ ਪ੍ਰਬੰਧ ਨਿਰਦੇਸਕ ਨਨਜੀਓ ਕਵਾਕੁਆਰੇਲੀ ਦੇ ਐਕਸ-ਪੋਸਟ 'ਤੇ ਪ੍ਰਤੀਕਿਰਿਆ ਦਿੱਤੀ ਹੈ। ਇਸ ਪੋਸਟ ਵਿਚ ਲਿਖਿਆ ਹੈ ਕਿ ਇਹ ਭਾਰਤ ਲਈ ਮਾਣ ਵਾਲਾ ਪਲ ਹੈ। ਪ੍ਰਧਾਨ ਮੰਤਰੀ ਨੇ ਅੱਗੇ ਲਿਖਿਆ ਕਿ ਕਿਊ ਐੱਸ ਵਰਲਡ ਫਿਊਚਰ ਸਕਿੱਲਜ ਇੰਡੈਕਸ 2025 ਤੋਂ ਪ੍ਰਾਪਤ ਸੂਝਾਂ ਕੀਮਤੀ ਹਨ। ਜਿਵੇਂ ਕਿ ਅਸੀਂ ਖੁਸਹਾਲੀ ਅਤੇ ਨੌਜਵਾਨ ਸਸਕਤੀਕਰਨ ਵੱਲ ਇਸ ਯਾਤਰਾ 'ਤੇ



ਅੱਗੇ ਵਧਦੇ ਹਾਂ। ਨੇ ਵੀਰਵਾਰ ਦੁਪਹਿਰ ਨੂੰ ਲੰਡਨ ਵਿਚ ਪਹਿਲੀ ਫਿਊਚਰ ਸਕਿੱਲਜ ਇੰਡੈਕਸ 2025 ਰਿਪੋਰਟ ਜਾਰੀ ਕੀਤੀ। ਇਸ ਨੇ ਉੱਭਰ ਰਹੀਆਂ ਤਕਨਾਲੋਜੀਆਂ ਵਿਚ ਭਵਿੱਖ ਵਿਚ ਮੰਗ ਵਾਲੇ ਹੁਨਰਾਂ ਲਈ ਸਭ ਤੋਂ ਵੱਧ ਤਿਆਰ ਨੌਕਰੀ ਬਾਜਾਰਾਂ ਵਿਚੋਂ ਭਾਰਤ ਨੂੰ ਦੂਜਾ ਸਥਾਨ ਦਿੱਤਾ ਹੈ। ਦਰਅਸਲ, ਇਹ ਆਪਣੀ ਵੱਕਾਰੀ ਯੂਨੀਵਰਸਿਟੀ ਰੈਂਕਿੰਗ ਲਈ ਜਾਣਿਆ ਜਾਂਦਾ ਹੈ। ਰਿਪੋਰਟ ਅਨੁਸਾਰ, ਅਮਰੀਕਾ ਤੋਂ ਬਾਅਦ ਭਾਰਤ ਦੂਜਾ ਦੇਸ ਹੈ, ਜਿੱਥੇ ਨੌਜਵਾਨ ਆਬਾਦੀ ਨੂੰ ਆਰਟੀਫੀਸੀਅਲ ਇੰਟੈਲੀਜੈਂਸ (ਏਆਈ), ਡਿਜੀਟਲ, ਗ੍ਰੀਨ ਐਨਰਜੀ ਵਰਗੇ ਉੱਚ ਮੰਗ ਵਾਲੇ ਖੇਤਰਾਂ ਵਿਚ ਭਵਿੱਖ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਸਭ ਤੋਂ ਵੱਧ ਯੋਗ ਪਾਇਆ ਗਿਆ ਹੈ। ਕਿਊ ਐੱਸ ਦੇ ਵਰਲਡ ਫਿਊਚਰ ਸਕਿੱਲਜ ਇੰਡੈਕਸ 2025 ਦੀ ਰਿਪੋਰਟ ਵਿਚ ਭਾਰਤ ਦੇ ਕਾਰਜਬਲ ਨੂੰ ਸਭ ਤੋਂ ਵੱਧ ਪੇਸੇਵਰ ਦਰਜਾ ਦਿੱਤਾ ਗਿਆ ਹੈ। ਦੇ ਕਾਰਜਕਾਰੀ ਨਿਰਦੇਸਕ ਅਸਵਿਨ ਫਰਨਾਂਡਿਸ ਨੇ ਕਿਹਾ, ਨਵੀਨਤਮ ਰੈਂਕਿੰਗ ਦਰਸਾਉਂਦੀ ਹੈ ਕਿ ਭਾਰਤ ਦਾ ਕਾਰਜਬਲ ਆਧੁਨਿਕ ਤਕਨਾਲੋਜੀ ਦੇ ਨਾਲ ਤਾਲਮੇਲ ਬਣਾ ਰਿਹਾ ਹੈ। ਭਾਰਤ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੀ ਪੂਰੀ ਤਰ੍ਹਾਂ ਤਿਆਰ ਹੈ। ਏ. ਆਈ, ਡਿਜੀਟਲ ਅਤੇ ਹਰੀ ਊਰਜਾ ਵਰਗੇ ਖੇਤਰਾਂ ਵਿਚ ਭਾਰਤ ਦਾ ਕੰਮ ਦੁਨੀਆ ਦੇ ਦੂਜੇ ਦੇਸਾਂ ਨਾਲੋਂ ਇੱਕ ਕਦਮ ਅੱਗੇ ਹੈ।

## 76ਵੇਂ ਗਣਤੰਤਰ ਦਿਵਸ ਸਮਾਰੋਹ 'ਚ ਮੁੱਖ ਮਹਿਮਾਨ ਹੋਣਗੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ

ਨਵੀਂ ਦਿੱਲੀ 18 ਜਨਵਰੀ। ਇੰਡੋਨੇਸੀਆ ਦੇ ਰਾਸਟਰਪਤੀ ਪ੍ਰਬੋਵੋ ਸੁਬੀਆਂਤੋ 26 ਜਨਵਰੀ ਨੂੰ 76ਵੇਂ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਹੋਣਗੇ। ਇੰਡੋਨੇਸੀਆਈ ਰਾਸਟਰਪਤੀ ਪ੍ਰਬੋਵੋ ਸੁਬੀਆਂਤੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ 25-26 ਜਨਵਰੀ ਨੂੰ ਭਾਰਤ ਦੇ ਸਰਕਾਰੀ ਦੌਰੇ 'ਤੇ ਆਉਣਗੇ। ਵਿਦੇਸ ਮੰਤਰਾਲਾ ਦੇ ਇੱਕ ਬਿਆਨ ਅਨੁਸਾਰ, ਅਕਤੂਬਰ 2024 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਰਾਸਟਰਪਤੀ ਪ੍ਰਬੋਵੋ ਦਾ ਰਾਸਟਰਪਤੀ ਦੇ ਤੌਰ 'ਤੇ ਇਹ ਪਹਿਲਾ ਭਾਰਤ ਦੌਰਾ ਹੋਵੇਗਾ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਭਾਰਤ ਅਤੇ ਇੰਡੋਨੇਸੀਆ ਦਰਮਿਆਨ ਹਜਾਰਾਂ ਸਾਲਾਂ ਤੋਂ ਗਰਮਜੋਸੀ ਅਤੇ ਦੋਸਤਾਨਾ ਸਬੰਧ ਹਨ। ਇੱਕ ਵਿਆਪਕ ਰਣਨੀਤਕ ਭਾਈਵਾਲ ਦੇ ਰੂਪ ਵਿੱਚ ਇੰਡੋਨੇਸੀਆ, ਭਾਰਤ ਦੀ ਐਕਟ ਈਸਟ ਨੀਤੀ ਅਤੇ ਇੰਡੋ-ਪੈਸੀਫਿਕ ਦੇ ਸਾਡੇ ਦ੍ਰਿਸਟੀਕੋਣ ਵਿੱਚ ਇੱਕ ਮਹੱਤਵਪੂਰਨ ਥੰਮ੍ਹ ਹੈ। ਵਿਦੇਸ ਮੰਤਰਾਲਾ ਨੇ ਕਿਹਾ ਕਿ ਰਾਸਟਰਪਤੀ ਪ੍ਰਬੋਵੋ ਦਾ ਸਰਕਾਰੀ ਦੌਰਾ ਦੋਹਾਂ ਨੇਤਾਵਾਂ ਨੂੰ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕਰਨ ਦੇ ਨਾਲ-ਨਾਲ ਆਪਸੀ ਹਿੱਤ ਦੇ ਖੇਤਰੀ ਅਤੇ ਵਿਸਵਵਿਆਪੀ ਮੁੱਦਿਆਂ 'ਤੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਇੰਡੋਨੇਸੀਆਈ ਨੇਤਾ ਦਾ ਇਹ ਦੌਰਾ ਮਹੱਤਵਪੂਰਨ ਹੋਵੇਗਾ, ਕਿਉਂਕਿ ਭਾਰਤ ਅਤੇ ਇੰਡੋਨੇਸੀਆ ਆਪਣੇ ਕੂਟਨੀਤਕ ਸਬੰਧਾਂ ਦੀ 75ਵੀ ਵਰ੍ਹੇਗੰਢ ਮਨਾ ਰਹੇ ਹਨ।

## ਸਮੁੰਦਰੀ ਫੌਜ ਨੂੰ 2,960 ਕਰੋੜ ਰੁਪਏ 'ਚ ਮਿਲੇਗੀ ਮਿਜਾਈਲ ਪ੍ਰਣਾਲੀ

ਨਵੀਂ ਦਿੱਲੀ 18 ਜਨਵਰੀ। ਰੱਖਿਆ ਮੰਤਰਾਲਾ ਨੇ ਸਮੁੰਦਰੀ ਫੌਜ ਲਈ ਲੱਗਭਗ 2,960 ਕਰੋੜ ਰੁਪਏ ਦੀ ਲਾਗਤ ਨਾਲ ਮਧਿਅਮ ਦੂਰੀ ਦੀ ਸਤ੍ਹਾ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਮਿਜਾਈਲਾਂ ਦੀ ਸਪਲਾਈ ਲਈ ਭਾਰਤ ਡਾਇਨੇਮਿਕਸ ਲਿਮਟਿਡ () ਨਾਲ ਇਕ ਇਕਰਾਰਨਾਮੇ 'ਤੇ ਦਸਤਖਤ ਕੀਤੇ ਹਨ। ਰੱਖਿਆ ਮੰਤਰਾਲਾ ਨੇ ਵੀਰਵਾਰ ਨੂੰ ਦੱਸਿਆ ਕਿ ਇਸ ਸਮਝੌਤੇ 'ਤੇ ਰੱਖਿਆ



ਸਕੱਤਰ ਰਾਜੇਸ ਕੁਮਾਰ ਸਿੰਘ ਦੀ ਮੌਜੂਦਗੀ ਵਿਚ ਰੱਖਿਆ ਮੰਤਰਾਲਾ ਅਤੇ ਬੀ. ਡੀ. ਐੱਲ. ਦੇ ਅਧਿਕਾਰੀਆਂ ਨੇ ਦਸਤਖਤ ਕੀਤੇ ਹਨ। ਇਹ ਮਿਜਾਈਲ ਪ੍ਰਣਾਲੀ ਕਈ ਜੰਗੀ ਬੇੜਿਆਂ 'ਤੇ ਲੱਗੀ ਹੈ ਅਤੇ ਭਵਿੱਖ ਵਿਚ ਜ਼ਿਆਦਾਤਰ ਪਲੇਟਫਾਰਮਾਂ 'ਤੇ ਇਸ ਨੂੰ ਤਾਇਨਾਤ ਕਰਨ ਦੀ ਯੋਜਨਾ ਹੈ। ਇਹ ਇਕਰਾਰਨਾਮਾ ਭਾਰਤ ਦੀਆਂ ਰੱਖਿਆ ਸਮਰੱਥਾਵਾਂ ਨੂੰ ਮਜਬੂਤ ਕਰਨ ਅਤੇ ਉੱਨਤ ਫੌਜੀ ਤਕਨਾਲੋਜੀ ਨੂੰ ਸਵਦੇਸੀ ਬਣਾਉਣ ਦੇ ਯਤਨਾਂ ਵਿਚ ਇਕ ਮਹੱਤਵਪੂਰਨ ਮੀਲ ਪੱਥਰ ਹੈ।

## ਬੰਦ ਹੋਣ ਜਾ ਰਹੇ 200 ਰੁਪਏ ਦੇ ਨੋਟ ! ਆਰਬੀਆਈ ਨੇ ਜਾਰੀ ਕੀਤਾ ਨੋਟਿਸ

ਨਵੀਂ ਦਿੱਲੀ 18 ਜਨਵਰੀ। ਮੋਦੀ ਸਰਕਾਰ ਨੇ 8 ਨਵੰਬਰ 2016 ਨੂੰ 1000 ਰੁਪਏ ਦੇ ਨੋਟਾਂ ਨੂੰ ਬੰਦ ਕਰ ਦਿੱਤਾ ਸੀ ਅਤੇ 500 ਦੇ ਨੋਟਾਂ ਨੂੰ ਬਦਲ ਕੇ 500 ਤੇ 200 ਦੇ ਨਵੇਂ ਨੋਟ ਜਾਰੀ ਕੀਤੇ ਸਨ। ਇਸ ਤੋਂ ਬਾਅਦ 2000 ਰੁਪਏ ਦੇ ਨੋਟ ਵੀ ਹੁਣ ਬਾਜਾਰ ਤੋਂ ਵਾਪਸ ਲੈ ਲਏ ਗਏ ਹਨ। ਹੁਣ ਰਿਪੋਰਟਾਂ ਆ ਰਹੀਆਂ ਹਨ ਕਿ ਸਰਕਾਰ 200 ਰੁਪਏ ਦੇ ਨੋਟ ਲਈ ਵੀ ਸਖਤ ਕਦਮ ਚੁੱਕ ਸਕਦੀ ਹੈ। ਜ਼ਿਕਰਯੋਗ ਹੈ ਕਿ ਇਸ ਸਮੇਂ ਬਾਜਾਰ ਵਿਚ 500 ਅਤੇ 200 ਰੁਪਏ ਦੇ ਨੋਟ ਹੀ ਸਭ ਤੋਂ ਵੱਧ ਪ੍ਰਚਲਨ ਵਿੱਚ ਦੇਖੇ ਜਾ ਰਹੇ ਹਨ। ਹੁਣ ਸਵਾਲ ਇਹ ਸਾਹਮਣੇ



ਆ ਰਿਹਾ ਹੈ ਕਿ ਕੀ ਮੋਦੀ ਸਰਕਾਰ ਇਸ ਨੋਟ ਨੂੰ ਬੰਦ ਕਰਨ ਜਾ ਰਹੀ ਹੈ? ਰਿਜਰਵ ਬੈਂਕ ਨੇ ਇਸ ਸਬੰਧੀ ਅਪਡੇਟ ਦਿੱਤੀ ਹੈ। ਆਰਬੀਆਈ ਵੱਲੋਂ ਜਾਰੀ ਨੋਟੀਫਿਕੇਸਨ ਬਾਰੇ ਅਸੀਂ ਤੁਹਾਨੂੰ ਜਾਣਕਾਰੀ ਦੇ ਰਹੇ ਹਾਂ। ਆਰਬੀਆਈ ਦਾ ਕਹਿਣਾ ਹੈ ਕਿ ਦੇਸ ਵਿੱਚ 200 ਅਤੇ 500 ਰੁਪਏ ਦੇ ਨਕਲੀ ਨੋਟਾਂ ਦਾ ਪ੍ਰਚਲਨ ਵਧਦਾ ਜਾ ਰਿਹਾ ਹੈ। ਬੈਂਕ ਨੇ ਆਮ ਲੋਕਾਂ ਨੂੰ ਲੈਣ-ਦੇਣ ਕਰਦੇ ਸਮੇਂ ਵਾਧੂ ਸਾਵਧਾਨੀ ਵਰਤਣ ਦੀ ਚਿਤਾਵਨੀ ਜਾਰੀ ਕੀਤੀ ਹੈ। ਹਾਲਾਂਕਿ ਬੈਂਕ 2000 ਰੁਪਏ ਦੇ ਨੋਟਾਂ 'ਤੇ ਪਾਬੰਦੀ ਵੀ ਇਸ ਕਾਰਨ ਹੀ ਲਗਾਈ ਸੀ ਕਿਉਂਕਿ ਬਾਜਾਰ ਵਿਚ 2,000 ਰੁਪਏ ਦੇ ਨਕਲੀ ਨੋਟ ਬਹੁਤ ਜ਼ਿਆਦਾ ਆ ਗਏ ਸਨ। 200 ਰੁਪਏ ਦਾ ਨੋਟ ਨਕਲੀ ਹੈ ਜਾਂ ਨਹੀਂ? ਇਹ ਜਾਨਣ ਲਈ ਤੁਸੀਂ 200 ਰੁਪਏ ਦੇ ਨੋਟ 'ਤੇ ਖੱਬੇ ਪਾਸੇ ਦੇਖ ਸਕਦੇ ਹੋ ਇਥੇ ਦੇਵਨਾਗਰੀ ਲਿਪੀ ਵਿੱਚ 200 ਲਿਖਿਆ ਹੋਇਆ ਹੈ। ਵਿਚਕਾਰ ਮਹਾਤਮਾ ਗਾਂਧੀ ਦੀ ਇੱਕ ਬਹੁਤ ਹੀ ਸਪੱਸਟ ਤਸਵੀਰ ਹੈ ਅਤੇ '', 'ਭਾਰਤ', 'ਇੰਡੀਆ' ਅਤੇ '200' ਲਿਖਿਆ ਹੁੰਦਾ ਹੈ। ਸੱਜੇ ਪਾਸੇ ਅਸੋਕ ਸਤੰਭ ਦਾ ਚਿੰਨ੍ਹ ਹੁੰਦਾ ਹੈ। ਨਕਲੀ ਨੋਟਾਂ ਦੇ ਪ੍ਰਚਲਨ ਨੂੰ ਰੋਕਣ ਲਈ ਰਿਜਰਵ ਬੈਂਕ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

## ਮਰੀਜ ਦੀ ਮੌਤ ਤੋਂ ਬਾਅਦ ਡਾਕਟਰ 'ਤੇ ਦਰਜ ਹੋਇਆ ਲਾਪਰਵਾਹੀ ਦਾ ਮਾਮਲਾ

ਪਾਲਘਰ 18 ਜਨਵਰੀ। ਮਹਾਰਾਸ਼ਟਰ ਦੇ ਪਾਲਘਰ 'ਚ ਇਕ ਮਰੀਜ ਦੀ ਮੌਤ ਹੋਣ ਤੋਂ ਬਾਅਦ ਲਾਪਰਵਾਹੀ ਨੂੰ ਲੈ ਕੇ ਇਕ ਡਾਕਟਰ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਇਕ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 27 ਸਾਲਾ ਰੂਪੇਸ਼ ਲਾਲਮਨ ਗੁਪਤਾ ਨਾਮੀ ਇਕ ਮਰੀਜ ਦੀ ਵਸਈ ਸਥਿਤ ਇਸ ਡਾਕਟਰ ਦੇ ਹਸਪਤਾਲ 'ਚ 19 ਮਾਰਚ 2024 ਨੂੰ ਲਿਆਏ ਜਾਣ ਦੇ ਇਕ ਦਿਨ ਬਾਅਦ ਹੀ ਮੌਤ ਹੋ ਗਈ ਸੀ। ਗੁਪਤਾ ਦੇ ਪਰਿਵਾਰ ਨੇ ਡਾਕਟਰ 'ਤੇ ਲਾਪਰਵਾਹੀ ਦਾ ਦੋਸ਼ ਲਗਾਉਂਦੇ ਹੋਏ ਦਾਅਵਾ ਕੀਤਾ ਕਿ ਉਨ੍ਹਾਂ ਦਾ ਹਸਪਤਾਲ ਮਰੀਜ ਨੂੰ ਆਕਸੀਜਨ ਸੰਬੰਧੀ ਮਦਦ ਦੇਣ 'ਚ ਅਸਫਲ ਰਿਹਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪਹਿਲੇ ਤਾਂ ਪੁਲਸ ਨੇ ਅਚਾਨਕ ਹੋਈ ਮੌਤ ਦਾ ਮਾਮਲਾ ਦਰਜ ਕੀਤਾ ਪਰ ਵੱਖ-ਵੱਖ ਏਜੰਸੀਆਂ ਦੀ ਰਿਪੋਰਟ 'ਚ ਡਾਕਟਰ 'ਤੇ ਆਪਣੇ ਕਰਤੱਵ ਦੇ ਪ੍ਰਤੀ ਲਾਪਰਵਾਹੀ ਵਰਤਣ ਦਾ ਦੋਸ਼ ਲੱਗਾ।

## ਕਿਸਾਨ ਆਗੂ ਡੱਲੇਵਾਲ ਦੇ ਮਰਨ ਵਰਤ ਨੂੰ ਲੈ ਕੇ ਬੋਲੇ ਅਸ਼ੋਕ ਗਹਿਲੋਤ

ਜੈਪੁਰ 18 ਜਨਵਰੀ। ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸ਼ੁੱਕਰਵਾਰ ਨੂੰ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪ੍ਰਤੀ ਅਸੰਵੇਦਨਸੀਲਤਾ ਦਿਖਾਉਣ ਦਾ ਦੋਸ ਲਗਾਇਆ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਇਹੀ ਕਾਰਨ ਹੈ ਕਿ 111 ਹੋਰ ਕਿਸਾਨ ਸਰਕਾਰ ਕੋਲ ਆਪਣੇ ਵਿਚਾਰ ਰੱਖਣ ਲਈ ਭੁੱਖ ਹੜਤਾਲ 'ਤੇ ਬੈਠੇ ਹਨ। ਗਹਿਲੋਤ ਨੇ ਇਕ ਬਿਆਨ 'ਚ ਕਿਹਾ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਭੁੱਖ ਹੜਤਾਲ 'ਤੇ ਬੈਠੇ 51 ਦਿਨ ਹੋ ਗਏ ਹਨ। ਉਸ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ। ਇਨ੍ਹਾਂ 51 ਦਿਨਾਂ ਵਿਚ ਕੇਂਦਰ ਅਤੇ ਪੰਜਾਬ ਸਰਕਾਰਾਂ ਨੇ ਪੂਰੀ ਤਰ੍ਹਾਂ ਅਸੰਵੇਦਨਸੀਲਤਾ ਦਿਖਾਈ ਹੈ। ਜ਼ਿਕਰਯੋਗ ਹੈ ਕਿ ਡੱਲੇਵਾਲ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ () ਦੀ ਕਾਨੂੰਨੀ ਗਾਰੰਟੀ ਸਮੇਤ ਕਿਸਾਨਾਂ ਦੀਆਂ ਵੱਖ-ਵੱਖ ਮੰਗਾਂ ਦੇ ਸਮਰਥਨ 'ਚ ਪਿਛਲੇ ਸਾਲ 26 ਨਵੰਬਰ ਤੋਂ ਪੰਜਾਬ ਅਤੇ ਹਰਿਆਣਾ ਵਿਚਾਲੇ ਖਨੌਰੀ ਸਰਹੱਦ 'ਤੇ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਬੈਠੇ ਹਨ। ਗਹਿਲੋਤ ਨੇ ਕਿਹਾ ਕਿ ਤਿੰਨ ਕਾਲੇ ਕਿਸਾਨ ਕਾਨੂੰਨਾਂ ਦੇ ਵਿਰੋਧ ਵਿਚ 700 ਦੇ ਕਰੀਬ ਕਿਸਾਨਾਂ ਦੀ ਜਾਨ ਚਲੀ ਜਾਣ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ। ਉਨ੍ਹਾਂ ਕਿਹਾ ਕਿ ਇਹ ਸਮਝ ਤੋਂ ਬਾਹਰ ਹੈ ਕਿ ਵਾਰ-ਵਾਰ ਅਜਿਹੀ ਸਥਿਤੀ ਕਿਉਂ ਪੈਦਾ ਹੁੰਦੀ ਹੈ ਅਤੇ ਸਰਕਾਰ ਕਿਸਾਨਾਂ ਦੇ ਵਫਦ ਨਾਲ ਗੱਲਬਾਤ ਕਰਕੇ ਕੋਈ ਹੱਲ ਕਿਉਂ ਨਹੀਂ ਕੱਢਣਾ ਚਾਹੁੰਦੀ?

# ਦਿੱਲੀ ਵਾਸੀ ਨਫਰਤ ਦੀ ਸਿਆਸਤ ਕਰਨ ਵਾਲੀਆਂ ਪਾਰਟੀਆਂ ਨੂੰ ਨਕਾਰ ਦੇਣ : ਭਗਵੰਤ ਮਾਨ

**ਏਜੰਸੀਆਂ**

ਜਲੰਧਰ/ਚੰਡੀਗੜ੍ਹ 18 ਜਨਵਰੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਭਾਜਪਾ ਹਰ ਸੂਬੇ 'ਚ ਵੱਡੇ-ਵੱਡੇ ਨਾਅਰੇ ਦਿੰਦੀ ਹੈ ਪਰ ਉਸ ਨੇ ਦਿੱਲੀ ਵਿਚ ਕਦੇ ਵੀ ਸੀਟਾਂ ਜਿੱਤਣ ਨੂੰ ਲੈ ਕੇ ਵੱਡਾ ਨਾਅਰਾ ਨਹੀਂ ਦਿੱਤਾ। ਮੁੱਖ ਮੰਤਰੀ ਬੀਤੇ ਦਿਨ ਇਥੇ ਗਾਂਧੀ ਨਗਰ ਵਿਧਾਨ ਸਭਾ ਹਲਕਾ, ਦਿੱਲੀ 'ਚ 'ਆਪ' ਦੇ ਉਮੀਦਵਾਰ ਦੇ ਹੱਕ ਵਿਚ ਰੋਡ ਸ਼ੋਅ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਵੋਟਰਾਂ ਨੇ ਇਹ ਫੈਸਲਾ ਕਰਨਾ ਹੈ ਕਿ ਕਿਹੜੀ ਪਾਰਟੀ ਨਫਰਤ ਦੀ ਸਿਆਸਤ ਨਹੀਂ ਕਰਦੀ ਜਾਂ ਕਿਹੜੇ ਉਮੀਦਵਾਰ ਲੋਕਾਂ ਨਾਲ ਪਿਆਰ ਨਾਲ ਪੇਸ਼ ਆਉਂਦੇ ਹਨ, ਉਨ੍ਹਾਂ ਵਿਚੋਂ ਚੰਗੇ ਉਮੀਦਵਾਰਾਂ ਦੀ ਚੋਣ ਕਰਨੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ 'ਆਪ' ਦੀ ਸਰਕਾਰ ਹੈ ਅਤੇ ਚੰਡੀਗੜ੍ਹ, ਜਲੰਧਰ ਅਤੇ ਪਟਿਆਲਾ 'ਚ ਆਮ ਆਦਮੀ ਪਾਰਟੀ ਦੇ ਮੇਅਰ ਕੰਮ ਕਰ ਰਹੇ ਹਨ। ਸਾਡੀ ਪਾਰਟੀ ਕੌਮੀ ਪਾਰਟੀ ਬਣ ਚੁੱਕੀ ਹੈ, ਜਿਸ ਦਾ ਆਧਾਰ ਗੁਜਰਾਤ ਅਤੇ ਗੋਆ ਵਿਚ ਵੀ ਹੈ। ਭਾਵੇਂ ਮੁਹੱਲਾ ਕਲੀਨਿਕ, ਹਸਪਤਾਲ, ਮੁਫਤ ਬਿਜਲੀ ਦੇਣ ਜਾਂ ਚੰਗੇ ਸਕੂਲ ਬਣਾਉਣ ਦਾ ਕੰਮ ਹੋਵੇ, ਦਿੱਲੀ ਵਿਚ ਪੂਰੇ ਕੰਮ ਕੇਜਰੀਵਾਲ ਸਰਕਾਰ ਨੇ ਕੀਤੇ ਹਨ ਅਤੇ ਪੰਜਾਬ ਵਿਚ ਵੀ ਇਹ ਕੰਮ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ 850 ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ, ਜਿੱਥੇ ਲੋਕਾਂ ਦਾ ਮੁਫਤ ਇਲਾਜ ਕੀਤਾ ਜਾ ਰਿਹਾ ਹੈ। ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰੀ ਗਈ ਹੈ, ਜਿੱਥੋਂ ਦੇ ਵਿਦਿਆਰਥੀ ਜੇ. ਈ., ਆਈ. ਆਈ. ਟੀ. ਅਤੇ



ਮੈਡੀਕਲ ਦੀਆਂ ਪ੍ਰੀਖਿਆਵਾਂ ਕਲੀਅਰ ਕਰ ਰਹੇ ਹਨ। ਇਹ ਉਹ ਬੱਚੇ ਹਨ, ਜਿਨ੍ਹਾਂ ਦੇ ਮਾਪੇ ਬਹੁਤ ਗਰੀਬ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਕਿਹਾ ਕਿ ਵੋਟਰਾਂ ਨੂੰ ਭਾਜਪਾ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਕਿਉਂਕਿ ਉਹ ਧਰਮ ਦੀ ਸਿਆਸਤ ਕਰਦੀ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਰੋਜਗਾਰ ਦੀ ਗੱਲ ਕਰਦੀ ਹੈ, ਜਿਸ ਨੇ ਪੰਜਾਬ ਵਿਚ 50 ਹਜਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਅਸੀਂ ਚੰਗੇ ਹਸਪਤਾਲਾਂ ਤੇ ਚੰਗੇ ਸਕੂਲਾਂ ਦੀ ਗੱਲ ਕਰਦੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਤੇ ਕਾਂਗਰਸ ਪਹਿਲਾਂ ਚੋਣ ਮੈਨੀਫੈਸਟੋ ਜਾਰੀ ਕਰਦੀਆਂ ਸਨ ਪਰ ਜਦੋਂ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਨੇ ਚੋਣ ਗਾਰੰਟੀਆਂ ਦੇਣ ਦਾ ਕੰਮ ਸ਼ੁਰੂ ਕੀਤਾ ਤਾਂ ਇਨ੍ਹਾਂ ਪਾਰਟੀਆਂ ਨੇ ਵੀ ਸਾਡੀ ਨਕਲ ਕਰਕੇ ਗਾਰੰਟੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਦਿੱਲੀ ਵਿਚ ਚੰਗੇ ਸਕੂਲ ਤੇ ਹਸਪਤਾਲ ਬਣਾਉਣ ਵਾਲਿਆਂ ਨੂੰ ਜੇਲ ਭੇਜ ਦਿੱਤਾ ਗਿਆ। ਕੇਜਰੀਵਾਲ ਨੂੰ ਵੀ ਜੇਲ 'ਚ ਭੇਜਿਆ ਗਿਆ ਪਰ ਉਨ੍ਹਾਂ ਦੀ ਸੋਚ ਨੂੰ ਭਾਜਪਾ ਕੈਦ ਨਹੀਂ ਕਰ ਸਕੀ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਮੁੜ ਬਣਨ ਜਾ ਰਹੀ ਹੈ। ਲੋਕਾਂ ਨੇ ਮਨ ਬਣਾ ਲਿਆ ਹੈ। ਹੁਣ ਤਾਂ ਬਸ ਰਸਮ ਹੀ ਬਾਕੀ ਰਹਿ ਗਈ ਹੈ।

# ਔਰਤਾਂ ਨੂੰ ਹਰ ਮਹੀਨੇ ਮਿਲਣਗੇ 2500 ਰੁਪਏ, ਸਿਲੰਡਰ 'ਤੇ ਮਿਲੇਗੀ 500 ਰੁਪਏ ਦੀ ਸਬਸਿਡੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 18 ਜਨਵਰੀ। ਭਾਜਪਾ ਨੇ ਅੱਜ ਸ਼ੁੱਕਰਵਾਰ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣੇ ਚੋਣ ਮੈਨੀਫੈਸਟੋ ਦਾ ਪਹਿਲਾ ਹਿੱਸਾ ਜਾਰੀ ਕੀਤਾ ਹੈ। ਭਾਜਪਾ ਨੇ ਮੈਨੀਫੈਸਟੋ ਦੇ ਪਹਿਲੇ ਹਿੱਸੇ 'ਚ ਔਰਤਾਂ 'ਤੇ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਹੈ। ਭਾਜਪਾ ਪ੍ਰਧਾਨ ਜੇ. ਪੀ. ਨੱਡਾ ਨੇ ਵਾਅਦਾ ਕੀਤਾ ਹੈ ਕਿ ਜੇਕਰ ਉਹ ਦਿੱਲੀ 'ਚ ਸਰਕਾਰ ਬਣਾਉਂਦੀ ਹੈ, ਤਾਂ ਔਰਤਾਂ ਨੂੰ ਹਰ ਮਹੀਨੇ 2500 ਰੁਪਏ ਦਿੱਤੇ ਜਾਣਗੇ। ਇਸ ਯੋਜਨਾ ਦਾ ਨਾਮ 'ਮਹਿਲਾ ਸਮ੍ਰਿੱਧੀ ਯੋਜਨਾ' ਹੋਵੇਗਾ ਅਤੇ ਸਰਕਾਰ ਬਣਨ ਤੋਂ ਬਾਅਦ ਇਸ ਨੂੰ ਪਹਿਲੀ ਕੈਬਨਿਟ ਵਿਚ ਪਾਸ ਕੀਤਾ ਜਾਵੇਗਾ। ਨੱਡਾ ਨੇ ਕਿਹਾ ਕਿ ਇਸ ਦੇ ਨਾਲ ਹੀ ਗੈਸ ਸਿਲੰਡਰ 'ਤੇ 500 ਰੁਪਏ ਦੀ ਸਬਸਿਡੀ ਹੋਵੇਗੀ। ਹੋਲੀ ਅਤੇ ਦੀਵਾਲੀ 'ਤੇ ਇਕ ਵਾਧੂ ਸਿਲੰਡਰ ਉਪਲਬਧ ਹੋਵੇਗਾ। ਜਣੇਪਾ ਸੁਰੱਖਿਆ ਯੋਜਨਾ ਤਹਿਤ 21000 ਰੁਪਏ ਦਿੱਤੇ ਜਾਣਗੇ। ਨੱਡਾ ਨੇ ਕਿਹਾ ਕਿ ਦਿੱਲੀ 'ਚ ਚੱਲ ਰਹੀਆਂ ਸਾਰੀਆਂ ਲੋਕ ਭਲਾਈ ਸਕੀਮਾਂ ਭਾਜਪਾ ਦੀ ਸਰਕਾਰ ਬਣਨ 'ਤੇ ਵੀ ਜਾਰੀ



ਰਹਿਣਗੀਆਂ। ਉਨ੍ਹਾਂ ਕਿਹਾ ਕਿ ਭਾਜਪਾ ਨੇ ਅੱਜ ਆਪਣੇ ਚੋਣ ਮੈਨੀਫੈਸਟੋ ਦਾ ਪਹਿਲਾ ਹਿੱਸਾ ਜਾਰੀ ਕਰ ਦਿੱਤਾ ਹੈ ਅਤੇ ਦੂਜਾ ਅਤੇ ਤੀਜਾ ਹਿੱਸਾ ਵੀ ਜਲਦੀ ਹੀ ਜਾਰੀ ਕੀਤਾ ਜਾਵੇਗਾ। ਭਾਜਪਾ ਨੇ ਕਿਹਾ ਕਿ ਪਾਰਟੀ ਦਾ ਮੈਨੀਫੈਸਟੋ ਵਿਕਸਿਤ ਦਿੱਲੀ ਦੀ ਨੀਂਹ ਰੱਖਣ ਵਾਲਾ ਹੈ। ਭਾਜਪਾ ਨੇ ਗਰੀਬਾਂ ਦਾ ਵੀ ਧਿਆਨ ਰੱਖਿਆ ਅਤੇ ਉਨ੍ਹਾਂ ਲਈ ਅਟਲ ਕੰਟੀਨ ਯੋਜਨਾ ਸੂਰੂ ਕਰਨ ਦੀ ਗੱਲ ਕੀਤੀ। ਨੱਡਾ ਨੇ ਕਿਹਾ ਕਿ ਦਿੱਲੀ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ 5 ਰੁਪਏ ਵਿਚ ਪੂਰਾ ਖਾਣਾ ਮੁਹੱਈਆ ਕਰਵਾਉਣ ਲਈ 'ਅਟਲ ਕੰਟੀਨ ਯੋਜਨਾ' ਸੂਰੂ ਕੀਤੀ ਜਾਵੇਗੀ। ਜੇਪੀ ਨੱਡਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ 2018 ਤੋਂ ਦਿੱਲੀ ਦੇ 51 ਲੱਖ ਲੋਕਾਂ ਨੂੰ ਆਯੁਸਮਾਨ ਭਾਰਤ ਯੋਜਨਾ ਤੋਂ ਵਾਂਝਾ ਰੱਖਿਆ ਹੈ। ਅਸੀਂ ਪਹਿਲੀ ਕੈਬਨਿਟ ਵਿਚ ਦਿੱਲੀ ਵਿਚ ਆਯੁਸਮਾਨ ਯੋਜਨਾ ਲਾਗੂ ਕਰਾਂਗੇ। ਅਸੀਂ ਦਿੱਲੀ ਸਰਕਾਰ ਤੋਂ 5 ਲੱਖ ਰੁਪਏ ਦਾ ਵਾਧੂ ਕਵਰ ਦੇਵਾਂਗੇ। ਦਿੱਲੀ ਦੇ ਲੋਕਾਂ ਨੂੰ ਕੇਂਦਰ ਵੱਲੋਂ 5 ਲੱਖ ਰੁਪਏ ਤੇ ਸੂਬਾ ਸਰਕਾਰ ਵੱਲੋਂ 5 ਲੱਖ ਰੁਪਏ ਦਾ ਸਿਹਤ ਬੀਮਾ ਦਿੱਤਾ ਜਾਵੇਗਾ। ਆਯੁਸਮਾਨ ਭਾਰਤ ਯੋਜਨਾ ਤਹਿਤ ਦਿੱਲੀ ਦੇ ਲੋਕਾਂ ਨੂੰ ਕੁੱਲ 10 ਲੱਖ ਰੁਪਏ ਦਾ ਸਿਹਤ ਬੀਮਾ ਮਿਲੇਗਾ।

## ਜਮਾਨਤ 'ਤੇ ਆਏ ਦਿੱਲੀ ਦੰਗਿਆਂ ਦੇ ਮੁਲਜਮ ਤਾਹਿਰ ਹੁਸੈਨ ਨੇ ਮੁਸਤਫਾਬਾਦ ਤੋਂ ਭਰਿਆ ਨਾਮਜਦਗੀ ਪੱਤਰ

ਨਵੀਂ ਦਿੱਲੀ 18 ਜਨਵਰੀ। ਦਿੱਲੀ ਦੰਗਿਆਂ ਦੇ ਮੁਲਜਮ ਤਾਹਿਰ ਹੁਸੈਨ ਨੇ ਮੁਸਤਫਾਬਾਦ ਵਿਧਾਨ ਸਭਾ ਹਲਕੇ ਤੋਂ ਆਪਣਾ ਨਾਮਜਦਗੀ ਪੱਤਰ ਦਾਖਲ ਕਰਵਾ ਦਿੱਤਾ ਹੈ, ਜਿਸ ਤੋਂ ਬਾਅਦ ਉਹ ਤਿਹਾੜ ਜੇਲ੍ਹ ਵਾਪਸ ਆ ਗਏ। ਇਸ ਗੱਲ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ ਹੈ। ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਕੌਂਸਲਰ ਹੁਸੈਨ ਨੂੰ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ (ਏ.ਆਈ.ਐੱਮ.ਆਈ.ਐੱਮ.) ਨੇ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮੁਸਤਫਾਬਾਦ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਸੂਤਰ ਨੇ ਕਿਹਾ ਕਿ ਹੁਸੈਨ ਨੂੰ ਦਿੱਲੀ ਪੁਲਸ ਵੱਲੋਂ ਪ੍ਰਦਾਨ ਕੀਤੀ ਗਈ ਸਖਤ ਸੁਰੱਖਿਆ ਦੇ ਵਿਚਕਾਰ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਉਹ ਸਵੇਰੇ 9.15 ਵਜੇ ਦੇ ਕਰੀਬ ਜੇਲ ਤੋਂ ਬਾਹਰ ਆਏ। ਪਾਰਟੀ ਅੱਜ ਆਪਣੇ ਹੋਰ ਉਮੀਦਵਾਰਾਂ ਦਾ ਐਲਾਨ ਕਰ ਸਕਦੀ ਹੈ। ਏ. ਆਈ. ਐੱਮ. ਆਈ. ਐੱਮ. ਦੇ ਦਿੱਲੀ ਸੂਬਾ ਪ੍ਰਧਾਨ ਸੋਏਬ ਜਮਈ ਨੇ ਕਿਹਾ ਕਿ ਅਸੀਂ ਸਾਰੀਆਂ ਸੀਟਾਂ 'ਤੇ ਚੋਣ ਨਹੀਂ ਲੜਾਂਗੇ ਪਰ ਜਿੱਥੇ ਵੀ ਅਸੀਂ ਚੋਣ ਲੜਾਂਗੇ, ਅਸੀਂ ਕੋਈ ਕਸਰ ਨਹੀਂ ਛੱਡਾਂਗੇ। ਸਾਡੇ ਉਮੀਦਵਾਰ ਮਜਬੂਤ ਹੋਣਗੇ, ਜਿਵੇਂ ਮੁਸਤਫਾਬਾਦ ਤੋਂ ਤਾਹਿਰ ਹੁਸੈਨ ਅਤੇ ਓਖਲਾ ਤੋਂ ਸਫਾ-ਉਰ-ਰਹਿਮਾਨ।

## ਮਹਿਬੂਬਾ ਨੇ ਅਧਿਕਾਰੀ ਦੇ ਤਬਾਦਲੇ ਨੂੰ ਲੈ ਕੇ ਜੰਮੂ ਕਸ਼ਮੀਰ ਸਰਕਾਰ ਦੀ ਕੀਤੀ ਆਲੋਚਨਾ

ਸ਼੍ਰੀਨਗਰ 18 ਜਨਵਰੀ। ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਕ ਮਾਮਲੇ ਦੀ ਜਾਂਚ ਕਰ ਰਹੇ ਭ੍ਰਿਸਟਾਚਾਰ ਵਿਰੋਧੀ ਬਿਊਰੋ ਦੇ ਅਧਿਕਾਰੀ ਦਾ ਤਬਾਦਲਾ ਭ੍ਰਿਸਟ ਅਤੇ ਸਭ ਤੋਂ ਸਕਤੀਸਾਲੀ ਲੋਕਾਂ ਵਿਚਕਾਰ 'ਗੱਠਜੋੜ' ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਜੰਮੂ-ਕਸਮੀਰ ਸਰਕਾਰ ਦੀ ਨਿਆਂ ਅਤੇ ਜਵਾਬਦੇਹੀ ਪ੍ਰਤੀ ਵਚਨਬੱਧਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਸਰਕਾਰ ਨੇ ਭ੍ਰਿਸਟਾਚਾਰ ਵਿਰੋਧੀ ਸੰਸਥਾ 'ਚ ਫੇਰਬਦਲ ਦੇ ਹਿੱਸੇ ਵਜੋਂ ਏਸੀਬੀ ਦੇ ਐੱਸਐੱਸਪੀ ਅਬਦੁਲ ਵਾਹਿਦ ਨੂੰ ਗ੍ਰਹਿ ਵਿਭਾਗ 'ਚ ਵਾਪਸ ਭੇਜਣ ਦਾ ਹੁਕਮ ਦਿੱਤਾ। ਉਨ੍ਹਾਂ ਨੂੰ ਸਹਾਇਕ ਇੰਸਪੈਕਟਰ ਜਨਰਲ (ਏਆਈਜੀ) ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਵਾਹਿਦ ਸ਼੍ਰੀਨਗਰ ਸਮਾਰਟ ਸਿਟੀ ਪ੍ਰਾਜੈਕਟ 'ਚ ਕਥਿਤ ਭ੍ਰਿਸਟਾਚਾਰ ਦੀ ਜਾਂਚ ਕਰ ਰਿਹਾ ਸੀ ਅਤੇ ਹਾਲ ਹੀ 'ਚ ਉਸ ਨੇ ਆਪਣੇ 2 ਸੀਨੀਅਰ ਅਧਿਕਾਰੀਆਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ () ਦੇ ਮਾਮਲੇ 'ਚ ਐੱਫਆਈਆਰ ਦਰਜ ਕੀਤੀ ਸੀ। ਮਹਿਬੂਬਾ ਮੁਫਤੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਜਾਰੀ ਪੋਸਟ 'ਚ ਕਿਹਾ,"ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏਸੀਬੀ) ਤੋਂ ਅਬਦੁੱਲ ਵਾਹਿਦ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਹਟਾਇਆ ਜਾਣਾ ਭ੍ਰਿਸ਼ਟਾਚਾਰ ਨੂੰ ਚੁਣੌਤੀ ਦੇਣ ਵਾਲੇ ਅਧਿਕਾਰੀਆਂ ਦੇ ਸਾਹਮਣੇ ਆਉਣ ਵਾਲੇ ਖਤਰਿਆਂ ਨੂੰ ਉਜਾਗਰ ਕਰਦਾ ਹੈ। ਇਹ ਭ੍ਰਿਸ਼ਟ ਅਤੇ ਸਭ ਤੋਂ ਸ਼ਕਤੀਸ਼ਾਲੀ ਲੋਕਾਂ ਵਿਚਾਲੇ ਮਿਲੀਭਗਤ ਨੂੰ ਉਜਾਗਰ ਕਰਦਾ ਹੈ।" ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ



ਨੂੰ ਉਜਾਗਰ ਕਰਨ ਵਾਲਿਆਂ ਨੂੰ ਸਜਾ ਦੇਣ ਦੇ ਇਸ ਕੰਮ ਤੋਂ ਸਰਕਾਰ ਦੀ ਅਸਲੀ ਮੰਸ਼ਾ ਉਜਾਗਰ ਹੋ ਗਈ ਹੈ। ਮੁਫਤੀ ਨੇ ਦੋਸ਼ ਲਗਾਇਆ ਕਿ ਸਰਕਾਰ ਭ੍ਰਿਸ਼ਟਾਚਾਰ ਜਾਂਚ ਦੀ ਆੜ 'ਚ ਕਸ਼ਮੀਰੀਆਂ ਦੀਆਂ ਜਾਇਦਾਦਾਂ 'ਤੇ ਛਾਪੇਮਾਰੀ ਕਰਨ ਲਈ ਏਸੀਬੀ ਸਮੇਤ ਵੱਖ-ਵੱਖ ਏਜੰਸੀਆਂ ਦਾ ਇਸਤੇਮਾਲ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ,"ਇਸ ਨਾਲ ਨਿਆਂ ਅਤੇ ਜਵਾਬਦੇਹੀ ਦੇ ਪ੍ਰਤੀ ਸਰਕਾਰ ਦੀ ਵਚਨਬੱਧਤਾ 'ਤੇ ਸਵਾਲ ਖੜ੍ਹਾ ਹੁੰਦਾ ਹੈ।"

# ਭਾਜਪਾ ਬੁਲਾਰੇ ਆਰ.ਪੀ. ਸਿੰਘ ਨੇ 49 ਨਾਮਧਾਰੀ ਸਿੱਖਾਂ ਦੀ ਸ਼ਹਾਦਤ ਨੂੰ ਯਾਦ ਕੀਤਾ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 18 ਜਨਵਰੀ। ਭਾਜਪਾ ਦੇ ਰਾਸ਼ਟਰੀ ਬੁਲਾਰੇ ਸਰਦਾਰ ਆਰ.ਪੀ. ਸਿੰਘ ਨੇ 49 ਨਾਮਧਾਰੀ ਸਿੱਖਾਂ ਦੀ ਸ਼ਹਾਦਤ ਨੂੰ ਯਾਦ ਕੀਤਾ। ਆਰ.ਪੀ. ਸਿੰਘ ਨੇ ਕਿਹਾ ਕਿ ਇਹ ਘਟਨਾ ਕਾਂਗਰਸ ਦੀ ਸਥਾਪਨਾ ਤੋਂ 14 ਸਾਲ ਪਹਿਲਾਂ ਹੋਈ ਸੀ। ਆਰਪੀ ਸਿੰਘ ਨੇ ਐਕਸ 'ਤੇ ਪੋਸਟ ਕਰ ਕੇ ਕਿਹਾ, "ਜਨਵਰੀ 17, 1872 ਨੂੰ, 49 ਨਾਮਧਾਰੀ ਸਿੱਖ, ਜਿਨ੍ਹਾਂ ਨੂੰ ਅੰਗਰੇਜਾਂ ਵੱਲੋਂ 'ਕੂਕੇ' ਕਿਹਾ ਗਿਆ, ਨੂੰ ਗਦਰ ਪੈਦਾ ਕਰਨ ਦੇ ਦੋਸ 'ਤੇ ਤੋਪਾਂ ਨਾਲ ਉਡਾ ਦਿੱਤਾ ਗਿਆ। ਇਹ ਘਟਨਾ ਕਾਂਗਰਸ ਦੀ ਸਥਾਪਨਾ ਤੋਂ 14 ਸਾਲ ਪਹਿਲਾਂ ਹੋਈ ਸੀ, ਜਦੋਂ 28 ਦਸੰਬਰ, 1885 ਨੂੰ ਭਾਰਤੀ ਰਾਸਟਰੀ ਕਾਂਗਰਸ ਬਣੀ, ਹਾਲਾਂਕਿ ਬਾਅਦ 'ਚ ਇਹ ਭਾਰਤ ਦੇ ਆਜਾਦੀ ਸੰਘਰਸ ਦਾ ਕੇਂਦਰ ਬਣੀ। ਇਹ ਘਟਨਾ ਸਾਫ ਦੱਸਦੀ ਹੈ ਕਿ ਭਾਰਤ ਦੀ ਆਜਾਦੀ ਦੀ ਲੜਾਈ ਸਿਰਫ ਕਾਂਗਰਸ ਦੇ ਯਤਨਾਂ ਤੱਕ ਸੀਮਿਤ ਨਹੀਂ ਸੀ। ਕੂਕਿਆਂ ਦੇ ਯਤਨਾਂ ਦੇ ਨਾਲ ਆਦਿਵਾਸੀ ਬਗਾਵਤਾਂ ਅਤੇ ਕਿਸਾਨ ਅੰਦੋਲਨਾਂ ਵਰਗੀਆਂ ਪਹਿਲਾਂ ਦੀਆਂ ਕਾਵਲਤਾਵਾਂ ਨੇ ਵੀ ਆਜਾਦੀ ਦੀ ਲੜਾਈ ਨੂੰ ਮਜਬੂਤੀ ਦਿੱਤੀ। ਕੂਕੇ ਸਹੀਦਾਂ ਦੀ ਕੁਰਬਾਨੀ ਸਾਨੂੰ ਇਹ ਯਾਦ ਦਿਵਾਉਂਦੀ ਹੈ ਕਿ ਭਾਰਤ ਦੀ ਆਜਾਦੀ ਬੇਹਿਸਾਬ ਅਗਿਆਤ ਹੀਰਿਆਂ ਦੀ ਸਾਂਝੀ ਕੋਸ਼ਿਸ ਦਾ ਨਤੀਜਾ ਸੀ, ਜੋ ਸਿਰਫ ਕਾਂਗਰਸੀਆਂ ਤੱਕ ਸੀਮਿਤ ਨਹੀਂ ਸੀ।" ਨਾਮਧਾਰੀ ਸਿੱਖਾਂ ਵੱਲੋਂ ਦੇਸ ਦੀ ਆਜਾਦੀ ਲਈ ਸੁਰੂ ਕੀਤੇ ਗਏ ਕੂਕਾ ਅੰਦੋਲਨ ਤਹਿਤ ਇਤਿਹਾਸਕ ਸਹਿਰ



ਮਲੇਰਕੋਟਲਾ ਦੀ ਧਰਤੀ 'ਤੇ 66 ਨਾਮਧਾਰੀ ਸਿੱਖਾਂ ਨੂੰ ਸਹੀਦ ਕੀਤਾ ਗਿਆ ਸੀ। ਨਾਮਧਾਰੀ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਆਜਾਦੀ ਸੰਗਰਾਮ ਦੇ ਇਤਿਹਾਸਕ ਪੰਨਿਆਂ 'ਚ ਕੂਕਾ ਲਹਿਰ ਦੇ ਨਾਮ ਹੇਠ ਦਰਜ ਕੀਤਾ ਗਿਆ ਹੈ। ਜਦੋਂ ਸੰਤ ਗੁਰੂ ਰਾਮ ਸਿੰਘ ਨੇ 12 ਅਪ੍ਰੈਲ, 1857 ਨੂੰ ਲੁਧਿਆਣਾ ਜ਼ਿਲ੍ਹੇ ਦੇ ਸ੍ਰੀ ਭੈਣੀ ਸਾਹਿਬ ਤੋਂ ਬ੍ਰਿਟਿਸ ਸਾਸਨ ਵਿਰੁੱਧ ਆਵਾਜ ਬੁਲੰਦ ਕੀਤੀ, ਤਾਂ ਭਾਰਤੀ ਨਾ ਸਿਰਫ ਗੁਲਾਮੀ ਦਾ ਸ਼ਿਕਾਰ ਸਨ, ਸਗੋਂ ਅਧਰਮ, ਦੁਸਟ ਅਤੇ ਸਮਾਜਿਕ ਬੁਰਾਈਆਂ ਦਾ ਵੀ ਸ਼ਿਕਾਰ ਸਨ। ਇਨ੍ਹਾਂ ਹਾਲਾਤਾਂ 'ਚ, ਸੰਤ ਗੁਰੂ ਰਾਮ ਸਿੰਘ ਨੇ ਲੋਕਾਂ 'ਚ ਸਵੈ-ਮਾਣ ਜਗਾਇਆ ਅਤੇ ਉਨ੍ਹਾਂ ਨੂੰ ਸਰਧਾ ਅਤੇ ਬਹਾਦਰੀ ਦੀ ਭਾਵਨਾ, ਦੇਸ ਭਗਤੀ, ਆਪਸੀ ਭਾਈਚਾਰਾ, ਸਹਿਣਸੀਲਤਾ ਅਤੇ ਭੋਜਨ ਸਾਂਝਾ ਕਰਨ ਲਈ ਪ੍ਰੇਰਿਤ ਕੀਤਾ। ਨਾਮਧਾਰੀ ਸਿੱਖਾਂ ਨੂੰ ਖਤਮ ਕਰਨ ਲਈ, ਅੰਗਰੇਜਾਂ ਨੇ ਭਾਰਤੀ ਰਿਆਸਤਾਂ ਤੋਂ 9 ਤੋਪਾਂ ਲਿਆਂਦੀਆਂ ਅਤੇ ਉਨ੍ਹਾਂ ਨੂੰ ਮਲੇਰਕੋਟਲਾ ਦੇ ਪਰੇਡ ਗਰਾਊਂਡ 'ਚ ਸਥਾਪਿਤ ਕੀਤਾ। ਸੱਤ ਤੋਪਾਂ ਸੱਤ ਵਾਰ ਦਾਗੀਆਂ ਗਈਆਂ, ਜਿਸ 'ਚ 49 ਨਾਮਧਾਰੀ ਸਿੱਖ ਮਾਰੇ ਗਏ। ਇਸ ਸਮੂਹ 'ਚ ਬਿਸਨ ਸਿੰਘ ਨਾਮ ਦਾ ਇਕ 12 ਸਾਲ ਦਾ ਮੁੰਡਾ ਵੀ ਸਾਮਲ ਸੀ ਜਿਸ ਦਾ ਸਿਰ ਸਿਪਾਹੀਆਂ ਨੇ ਸਰੀਰ ਤੋਂ ਵੱਖ ਕਰ ਦਿੱਤਾ ਸੀ। 18 ਜਨਵਰੀ, 1872 ਨੂੰ 16 ਹੋਰ ਸਿੱਖ ਤੋਪਾਂ ਦੀ ਗੋਲੀ ਨਾਲ ਉਡਾਏ ਜਾਣ ਕਾਰਨ ਸਹੀਦ ਹੋ ਗਏ ਸਨ। ਇਸ ਤਰ੍ਹਾਂ ਮਲੇਰਕੋਟਲਾ ਕਾਂਡ 'ਚ 10 ਸਿੱਖ ਲੜਦੇ ਹੋਏ ਸਹੀਦ ਹੋਏ, 4 ਕਾਲੇ ਪਾਣੀ ਦੀ ਸਜਾ ਭੁਗਤਦੇ ਹੋਏ, 66 ਸਿੱਖ ਤੋਪਾਂ ਨਾਲ ਸਹੀਦ ਹੋਏ ਅਤੇ ਇਕ ਸਿੱਖ ਤਲਵਾਰ ਨਾਲ, ਇਹ ਨਾਮਧਾਰੀ ਸਿੱਖ ਸਹੀਦ ਹੋਏ। ਅੰਗਰੇਜਾਂ ਨੇ ਸਤਿਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਨਾਮਧਾਰੀ ਸਿੱਖਾਂ ਦੀ ਸਹਾਦਤ ਰੰਗ ਲਿਆਈ ਅਤੇ ਦੇਸ 15 ਅਗਸਤ 1947 ਨੂੰ ਆਜਾਦ ਹੋਇਆ।

# ਮੌਸਮ 'ਚ ਤਬਦੀਲੀ ਕਾਰਨ ਵਾਇਰਲ ਬੁਖਾਰ ਦਾ ਕਹਿਰ

ਅੰਮ੍ਰਿਤਸਰ 18 ਜਨਵਰੀ। ਮੌਸਮ 'ਚ ਲਗਾਤਾਰ ਹੋ ਰਹੇ ਬਦਲਾਅ ਕਾਰਨ ਵਾਇਰਲ ਬੁਖਾਰ ਦਾ ਕਹਿਰ ਤੇਜੀ ਨਾਲ ਫੈਲ ਰਿਹਾ ਹੈ। ਬੱਚੇ, ਬਜ਼ੁਰਗ ਅਤੇ ਨੌਜਵਾਨ ਵੱਡੀ ਗਿਣਤੀ 'ਚ ਇਸ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰੀ ਮੈਡੀਕਲ ਕਾਲਜ ਦੇ ਜੱਚਾ-ਬੱਚਾ ਵਿਭਾਗ ਦੀਆਂ ਵੱਖ-ਵੱਖ ਵਾਰਡਾਂ ਇਸ ਵਾਇਰਲ ਬੁਖਾਰ ਦਾ ਸ਼ਿਕਾਰ ਹੋਏ ਬੱਚਿਆਂ ਨਾਲ ਭਰੀਆਂ ਪਈਆਂ ਹਨ, ਜਦੋਂਕਿ ਸਰਕਾਰੀ ਹਸਪਤਾਲਾਂ 'ਚ ਵੀ ਇਹੋ ਹਾਲ ਹੈ, ਜਦੋਂਕਿ ਪ੍ਰਾਈਵੇਟ ਡਾਕਟਰਾਂ ਦੀ ਓ. ਪੀ. ਡੀ. ਫੁਲ ਹੋ ਗਈ ਹੈ। ਵਾਇਰਲ ਬੁਖਾਰ ਇੰਨਾ ਘਾਤਕ ਹੈ ਕਿ ਇਲਾਜ ਨਾ ਕਰਵਾਉਣ 'ਤੇ ਇਹ ਜਾਨਲੇਵਾ ਵੀ ਹੋ ਸਕਦਾ ਹੈ, ਇਹ ਇਕ ਤੋਂ ਦੂਜੇ ਵਿਅਕਤੀ 'ਚ ਤੇਜੀ ਨਾਲ ਫੈਲ ਰਿਹਾ ਹੈ। ਅੰਮ੍ਰਿਤਸਰ 'ਚ ਵਾਇਰਲ ਬੁਖਾਰ ਤੇਜੀ ਨਾਲ ਫੈਲ ਰਿਹਾ ਹੈ। ਹਰ ਵਰਗ ਦੇ ਲੋਕ ਵੱਡੀ ਗਿਣਤੀ 'ਚ ਇਸ ਦਾ ਸ਼ਿਕਾਰ ਹੋ ਰਹੇ ਹਨ। ਬੱਚੇ ਇਸ ਦਾ ਸਭ ਤੋਂ ਵੱਧ ਸ਼ਿਕਾਰ ਹੋ ਰਹੇ ਹਨ। ਸਰਕਾਰੀ ਮੈਡੀਕਲ ਕਾਲਜ ਦੇ ਬੱਚਿਆਂ ਦੇ ਵਿਭਾਗ ਦੀ ਓ. ਪੀ. ਡੀ. 'ਚ ਹਰ ਰੋਜ ਬੱਚਿਆਂ 'ਚ ਬੁਖਾਰ ਦੇ 100 ਤੋਂ ਵੱਧ ਮਾਮਲੇ ਸਾਹਮਣੇ ਆ ਰਹੇ ਹਨ, ਜਦੋਂਕਿ ਸਰਕਾਰੀ ਹਸਪਤਾਲਾਂ ਦੀਆਂ ਓ. ਪੀ. ਡੀਜ 'ਚ ਵੀ ਅਜਿਹਾ ਹੀ ਹਾਲ ਦੇਖਣ ਨੂੰ ਮਿਲ ਰਿਹਾ ਹੈ। ਮੈਡੀਕਲ ਕਾਲਜ ਦੇ ਜੱਚਾ-ਬੱਚਾ ਵਿਭਾਗ 'ਚ ਕਈ ਦਰਜਨ ਬੱਚੇ ਬੁਖਾਰ ਕਾਰਨ ਇਲਾਜ ਅਧੀਨ ਹਨ। ਅਕਸਰ ਲੋਕ ਸਾਧਾਰਨ ਬੁਖਾਰ ਅਤੇ ਵਾਇਰਲ ਬੁਖਾਰ ਵਿਚਕਾਰ ਉਲਝਣ 'ਚ ਪੈ ਜਾਂਦੇ ਹਨ। ਮੌਸਮ 'ਚ ਬਦਲਾਅ ਕਾਰਨ ਵਾਇਰਲ ਇਨਫੈਕਸਨ ਦਾ ਖਤਰਾ ਵੱਧ ਜਾਂਦਾ ਹੈ। ਮਰੀਜ ਨੂੰ ਤੇਜ ਬੁਖਾਰ ਹੋ ਸਕਦਾ ਹੈ। ਇਸ 'ਚ ਮਰੀਜ ਦੇ ਸਰੀਰ ਦਾ ਤਾਪਮਾਨ ਕਾਫੀ ਵਧ ਸਕਦਾ ਹੈ। ਇਕ ਸਰਵੇ ਅਨੁਸਾਰ ਬੁਖਾਰ 'ਚ ਮਰੀਜ ਨੂੰ ਨੱਕ ਵਗਣਾ, ਖੰਘ, ਜੀਅ ਕੱਚਾ ਹੋਣਾ, ਥਕਾਵਟ ਅਤੇ ਸਰੀਰ 'ਚ ਦਰਦ ਵਰਗੇ ਲੱਛਣ ਹੋ ਸਕਦੇ ਹਨ। ਇਹ ਇਕ ਤੋਂ ਦੂਜੇ ਵਿਅਕਤੀ 'ਚ ਤੇਜੀ ਨਾਲ ਫੈਲਦਾ ਹੈ। ਇਸ ਲਈ ਤੁਰੰਤ ਇਲਾਜ ਦੀ ਲੋੜ ਹੈ। ਸਮਝਦੇ ਹਾਂ ਕਿ ਵਾਇਰਲ ਬੁਖਾਰ ਆਮ ਬੁਖਾਰ ਤੋਂ ਕਿੰਨਾ ਵੱਖਰਾ ਅਤੇ ਖਤਰਨਾਕ ਹੈ ਅਤੇ ਇਸ ਤੋਂ ਰਾਹਤ ਪਾਉਣ ਲਈ ਤੁਹਾਨੂੰ ਕਿਹੜੇ ਉਪਾਅ ਕਰਨੇ ਚਾਹੀਦੇ ਹਨ। ਇੰਡੀਅਨ ਮੈਡੀਕਲ ਐਸੋਸੀਏਸਨ ਦੇ ਟੀ. ਬੀ. ਕੰਟਰੋਲ ਪ੍ਰੋਗਰਾਮ ਅਫਸਰ ਡਾ. ਨਰੇਸ ਚਾਵਲਾ ਅਨੁਸਾਰ ਸਰੀਰ ਦਾ ਤਾਪਮਾਨ ਵਧਣ ਕਾਰਨ ਬੁਖਾਰ ਹੁੰਦਾ ਹੈ।



ਜੇਕਰ ਸਰੀਰ ਦਾ ਤਾਪਮਾਨ 37.5 ਡਿਗਰੀ ਸੈਲਸੀਅਸ ਤੋਂ ਵੱਧ ਜਾਵੇ ਤਾਂ ਇਸ ਨੂੰ ਬੁਖਾਰ ਮੰਨਿਆ ਜਾਂਦਾ ਹੈ। ਬੁਖਾਰ ਆਮ ਤੌਰ 'ਤੇ ਉਦੋਂ ਹੁੰਦਾ ਹੈ ਜਦੋਂ ਤੁਹਾਡਾ ਸਰੀਰ ਜੁਕਾਮ ਜਾਂ ਫਲੂ ਦੇ ਵਾਇਰਸਾਂ, ਬੈਕਟੀਰੀਆ, ਗਲੇ 'ਚ ਖਰਾਸ ਜਾਂ ਸੋਜ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ, ਵਾਤਾਵਰਣ ਤੋਂ ਬਾਹਰੀ ਕਾਰਕ, ਜਿਵੇਂ ਕਿ ਧੁੱਪ, ਜੁਕਾਮ, ਦਵਾਈਆਂ ਜਾਂ ਰਸਾਇਣ ਵੀ ਬੁਖਾਰ ਦਾ ਕਾਰਨ ਬਣ ਸਕਦੇ ਹਨ। ਡਾਕਟਰ ਚਾਵਲਾ ਨੇ ਦੱਸਿਆ ਕਿ ਵਾਇਰਲ ਬੁਖਾਰ ਦੇ ਲੱਛਣਾਂ ਨੂੰ ਦੇਖ ਕੇ ਪਤਾ ਲਾਉਣਾ ਮੁਸਕਲ ਹੈ। ਸਿਰਫ ਉਦੋਂ ਹੀ ਤੁਹਾਨੂੰ ਕੁਝ ਖੂਨ ਦੀ ਜਾਂਚ ਲਈ ਕਿਹਾ ਜਾ ਸਕਦਾ ਹੈ। ਡਾਕਟਰ ਕਿਸੇ ਵਿਅਕਤੀ ਨੂੰ ਵਾਇਰਸ ਦੀ ਪਛਾਣ ਕਰਨ ਲਈ ਖੂਨ, ਥੁੱਕ ਅਤੇ ਪਿਸਾਬ ਦੀ ਜਾਂਚ ਕਰਨ ਦੀ ਸਲਾਹ ਦੇ ਸਕਦੇ ਹਨ, ਜਿਸ ਨਾਲ ਡੇਂਗੂ, ਮਲੇਰੀਆ, ਚਿਕਨਗੁਨੀਆ, ਟਾਈਫਾਈਡ ਆਦਿ ਦਾ ਪਤਾ ਲਾਉਣ 'ਚ ਮਦਦ ਮਿਲ ਸਕਦੀ ਹੈ। ਇੰਡੀਅਨ ਮੈਡੀਕਲ ਐਸੋਸੀਏਸਨ ਦੇ ਮੈਂਬਰ ਡਾ. ਰਜਨੀਸ ਸਰਮਾ ਨੇ ਕਿਹਾ ਕਿ ਸੁਸਤੀ ਬਾਲਗਾਂ 'ਚ ਵਾਇਰਲ ਬੁਖਾਰ ਦੇ ਸਭ ਤੋਂ ਆਮ ਲੱਛਣਾਂ 'ਚੋਂ ਇਕ ਹੈ। ਮਰੀਜ ਪੂਰੇ ਸਰੀਰ 'ਚ ਦਰਦ ਮਹਿਸੂਸ ਕਰਦੇ ਹਨ, ਖਾਸ ਕਰ ਕੇ ਮਾਸਪੇਸੀਆਂ 'ਚ, ਸਰੀਰ ਦਾ ਤਾਪਮਾਨ ਗੰਭੀਰ ਲਾਗ ਨੂੰ ਦਰਸਾਉਂਦਾ ਹੈ, ਬੁਖਾਰ ਕਈ ਵਾਰ 40 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ। ਵਾਇਰਲ ਬੁਖਾਰ 'ਚ, ਜੁਕਾਮ ਦੀ ਭਾਵਨਾ ਹੁੰਦੀ ਹੈ, ਜਿਸ ਕਾਰਨ ਮਰੀਜ ਨੂੰ ਖੰਘ ਅਤੇ ਨੱਕ ਵਗਣਾ ਸੁਰੂ ਹੋ ਜਾਂਦਾ ਹੈ। ਖੰਘ ਅਤੇ ਨੱਕ ਵਗਣ ਤੋਂ ਬਾਅਦ, ਨੱਕ ਬੰਦ ਹੋ ਜਾਂਦਾ ਹੈ, ਸਾਹ ਲੈਣ 'ਚ ਮੁਸਕਲ ਆਉਂਦੀ ਹੈ, ਘਬਰਾਹਟ ਹੁੰਦੀ ਹੈ। ਵਾਇਰਲ ਬੁਖਾਰ ਦੇ ਮਰੀਜਾਂ ਨੂੰ ਅਕਸਰ ਸਿਰ ਦਰਦ ਹੁੰਦਾ ਹੈ, ਖਾਸ ਕਰ ਕੇ ਬੁਖਾਰ ਤੋਂ ਬਾਅਦ ਕੁਝ ਮਰੀਜਾਂ ਨੂੰ ਬੁਖਾਰ ਦੇ ਨਾਲ ਚਮੜੀ 'ਤੇ ਲਾਲ ਧੱਫੜ ਹੁੰਦੇ ਹਨ। ਸਰਕਾਰੀ ਮੈਡੀਕਲ ਕਾਲਜ 'ਚ ਜੱਚਾ-ਬੱਚਾ ਵਿਭਾਗ ਨਾਲ ਸਬੰਧਤ ਸਹਾਇਕ ਪ੍ਰੋ. ਡਾ. ਸੰਦੀਪ ਅਗਰਵਾਲ ਨੇ ਦੱਸਿਆ ਕਿ ਓ. ਪੀ. ਡੀ. 'ਚ ਇਨ੍ਹਾਂ ਦੋਵਾਂ 'ਚ ਬੁਖਾਰ ਦੇ ਵੱਡੀ ਗਿਣਤੀ 'ਚ ਕੇਸ ਸਾਹਮਣੇ ਆ ਰਹੇ ਹਨ ਅਤੇ ਕਈ ਬੱਚੇ ਬੁਖਾਰ ਤੋਂ ਪੀੜਤ ਵਾਰਡ 'ਚ ਦਾਖਲ ਵੀ ਹਨ। ਇਹ ਬੁਖਾਰ ਰੋਗੀ ਨੂੰ ਜਲਦ ਆਪਣੀ ਲਪੇਟ 'ਚ ਲੈ ਲੈਂਦਾ ਹੈ ਅਤੇ ਡਾਕਟਰੀ ਸਹਾਇਤਾ ਨਾਲ ਕੁਝ ਦਿਨਾਂ ਬਾਅਦ ਉਤਰ ਜਾਂਦਾ ਹੈ। ਲੋਕਾਂ ਨੂੰ ਵਾਇਰਲ ਬੁਖਾਰ ਨੂੰ ਹਲਕੇ 'ਚ ਨਹੀਂ ਲੈਣਾ ਚਾਹੀਦਾ। ਅਜਿਹੇ 'ਚ ਬੱਚਿਆਂ ਦੇ ਵਿਭਾਗ 'ਚ ਇਲਾਜ ਦੇ ਪੁਖਤਾ ਪ੍ਰਬੰਧ ਹਨ ਅਤੇ ਸਮੇਂ-ਸਮੇਂ 'ਤੇ ਮਾਪਿਆਂ ਨੂੰ ਵੀ ਜਾਗਰੂਕ ਕੀਤਾ ਜਾਂਦਾ ਹੈ।

## ਸਾਧੂ ਦੇ ਭੇਸ 'ਚ ਆਏ ਵਿਅਕਤੀ ਨੇ ਕੀਤੀ ਬੇਅਦਬੀ ! ਦੁਕਾਨਾਂ ਨੂੰ ਵੀ ਲਾ 'ਤੀ ਅੱਗ, ਲੋਕਾਂ ਨੇ ਕੀਤਾ ਕਾਬੂ

ਮਾਲੇਰਕੋਟਲਾ 18 ਜਨਵਰੀ। ਮਾਲੇਰਕੋਟਲਾ ਵਿਚ ਸਾਧੂ ਦੇ ਭੇਸ ਵਿਚ ਆਏ ਇਕ ਵਿਅਕਤੀ ਵੱਲੋਂ ਮੰਦਰ ਦੇ ਅੰਦਰ ਬੇਅਦਬੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਇਸ ਮਗਰੋਂ ਉਸ ਨੇ 3 ਦੁਕਾਨਾਂ ਨੂੰ ਅੱਗ ਲਗਾ ਦਿੱਤੀ ਅਤੇ ਫ਼ਿਰ ਨਾਲ ਲੱਗਦੇ ਪਿੰਡ ਭੋਗੀਵਾਲ ਦੇ ਗੁਰਦੁਆਰਾ ਸਾਹਿਬ ਵਿਚ ਜਾ ਵੜਿਆ। ਉੱਥੇ ਲੋਕਾਂ ਨੇ ਉਸ ਨੂੰ ਕਾਬੂ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਦਰ ਦੇ ਪੁਜਾਰੀ ਨੇ ਦੱਸਿਆ ਕਿ ਇਹ ਘਟਨਾ ਰਾਤ ਪੌਣੇ 1 ਵਜੇ ਦੀ ਹੈ। ਉਕਤ ਵਿਅਕਤੀ ਨੇ ਮੰਦਰ ਵਿਚ ਦਾਖਲ ਹੋ ਕੇ ਗਣੇਸ਼ ਭਗਵਾਨ ਦੀ ਮੂਰਤੀ ਖੰਡਿਤ ਕਰ ਦਿੱਤੀ ਅਤੇ ਬਾਕੀ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੇ ਕੱਪੜੇ ਸਾੜ ਦਿੱਤੇ। ਉਸ ਨੇ 3 ਦੁਕਾਨਾਂ ਨੂੰ ਵੀ ਅੱਗ ਲਗਾ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਸਾਰੀ ਘਟਨਾ ਇੱਥੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਵੀ ਕੈਦ ਹੋ ਗਈ ਹੈ। ਉਨ੍ਹਾਂ ਨੇ ਪੁਲਸ ਨੂੰ ਇਸ ਮਾਮਲੇ ਵਿਚ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸਦਰ ਥਾਣਾ ਅਹਿਮਦਗੜ੍ਹ ਦੇ ਐੱਸ.ਐੱਚ.ਓ. ਸੁਖਵਿੰਦਰਪਾਲ ਸੋਹੀ ਨੇ ਕਿਹਾ ਕਿ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੁਲਜਮ ਦੀ ਪਛਾਣ ਨਵਦੀਪ ਅਰੋੜਾ ਵਜੋਂ ਹੋਈ ਹੈ ਜੋ ਮੁੱਲਾਂਪੁਰ ਦਾਖਾ ਦਾ ਰਹਿਣ ਵਾਲਾ ਹੈ। ਉਨ੍ਹਾਂ ਦੱਸਿਆ ਕਿ ਮੁਲਜਮ ਨਸ਼ੇ ਦੀ ਹਾਲਤ ਵਿਚ ਸੀ। ਉਸ ਨੂੰ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

## ਮੋਬਾਈਲ ਫੋਨ 'ਤੇ ਜਾਨੋਂ ਮਾਰਨ ਦੀ ਧਮਕੀ ਦੇ ਕੇ ਮੰਗੇ 10 ਲੱਖ ਰੁਪਏ, ਮਾਮਲਾ ਦਰਜ

ਦੀਨਾਨਗਰ 18 ਜਨਵਰੀ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਉਸ ਸਟੇਸਨ ਦੌਰਾਂਗਲਾ ਦੇ ਪਿੰਡ ਦਬੂੜੀ ਦੇ ਰਹਿਣ ਵਾਲੇ ਇੱਕ ਨੌਜਵਾਨ ਨੂੰ ਟੈਲੀਫੋਨ ਕਰਕੇ 10 ਲੱਖ ਰੁਪਏ ਦੀ ਮੰਗ ਨਾ ਦੇਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਜਿਸ ਤਹਿਤ ਪੁਲਸ ਵੱਲੋਂ ਇੱਕ ਅਣਪਛਾਤੇ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਦੇ ਜਾਂਚ ਅਧਿਕਾਰੀ ਰਾਜਪਾਲ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮੰਗਤ ਰਾਮ ਪੁੱਤਰ ਅਮਰ ਨਾਥ ਵਾਸੀ ਦਬੂੜੀ ਨੇ ਦਰਜ ਕਰਵਾਇਆ ਕਿ ਮੈਂ ਆਪਣੇ ਪਿੰਡ ਵਿਚ ਹੀ ਜਿੰਮ ਚਲਾਉਂਦਾ ਹਾਂ । ਮਿਤੀ 26-07-2024 ਦੀ ਦਰਮਿਆਨੀ ਰਾਤ ਨੂੰ ਕਰੀਬ 2 ਵਜੇ ਕਿਸੇ ਨਾਮਲੂਮ ਵਿਅਕਤੀ ਵਲੋਂ ਮੇਰੇ ਫੋਨ 'ਤੇ ਫੋਨ ਕਰਕੇ ਮੈਨੂੰ ਧਮਕੀ ਦਿੱਤੀ ਅਤੇ 10 ਲੱਖ ਰੁਪਏ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਧਮਕੀ ਦੇ ਕੇ ਕਿਹਾ ਕਿ ਜੇਕਰ 10 ਲੱਖ ਰੁਪਏ ਨਹੀਂ ਦਿੱਤੇ ਤਾਂ ਤੇਰੀ ਭੈਣ ਦਾ ਮੁੰਡਾ ਅਤੇ ਤੇਰਾ ਮੁੰਡਾ ਜੋ ਇਕ ਪ੍ਰਾਈਵੇਟ ਸਕੂਲ ਗੁਰਦਾਸਪੁਰ ਵਿਖੇ ਪੜ੍ਹਦੇ ਹਨ ਉਹਨਾਂ ਨੂੰ ਸਕੂਲ ਦੇ ਬਾਹਰ ਮਾਰ ਦਿੱਤਾ ਜਾਵੇਗਾ ਅਤੇ ਜੇਕਰ ਤੂੰ ਗੱਡੀ ਲੈ ਕੇ ਬਾਹਰ ਆਉਂਦਾ ਜਾਦਾ ਦਿਖਾਈ ਦਿੱਤਾ ਤਾਂ ਤੈਨੂੰ ਵੀ ਗੋਲੀਆਂ ਮਾਰ ਦੇਵਾਂਗਾ। ਇਸ ਤੋਂ ਬਾਅਦ ਮਿਤੀ 27-07-2024 ਨੂੰ ਮੁੜ ਤੋਂ ਫੋਨ ਕਰਕੇ ਧਮਕੀ ਦਿੱਤੀ ਕਿ ਕੱਲ੍ਹ ਤੈਨੂੰ ਫੋਨ ਕਰਕੇ 10 ਲੱਖ ਰੁਪਏ ਦੀ ਮੰਗ ਕੀਤੀ ਸੀ ਪਰ ਤੂੰ ਅਜੇ ਤੱਕ ਸਾਡਾ ਕੰਮ ਨਹੀਂ ਕੀਤਾ ਤੇ ਹੁਣ ਤੈਨੂੰ ਦੇਖ ਲਵਾਂਗੇ ਅਤੇ ਜੋ ਵਿਅਕਤੀ ਧਮਕੀ ਦੇਣ ਵਾਲਾ ਸੀ ਉਹ ਪੰਜਾਬੀ ਬੋਲ ਰਿਹਾ ਸੀ ਪੁਲਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਪੜਤਾਲ ਕਰਨ ਉਪਰੰਤ ਮੁਦਈ ਦੇ ਬਿਆਨਾਂ ਦੇ ਆਧਾਰ 'ਤੇ ਇਕ ਨਾਮਾਲੂਮ ਵਿਅਕਤੀ ਖ਼ਿਲਾਫ 10 ਲੱਖ ਦੀ ਫਿਰੌਤੀ ਮੰਗਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤਹਿਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।

## ਨਸ਼ੇ ਨੇ ਉਜਾੜਿਆ ਪਰਿਵਾਰ, ਓਵਰਡੋਜ਼ ਨਾਲ ਨੌਜਵਾਨ ਦੀ ਮੌਤ

ਗੁਰਦਾਸਪੁਰ 18 ਜਨਵਰੀ। ਗੁਰਦਾਸਪੁਰ ਦੇ ਮੁਹੱਲਾ ਸ਼ਹਿਜਾਦਾ ਨੰਗਲ ਦੇ ਰਹਿਣ ਵਾਲੇ ਇਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋਣ ਦਾ ਸਮਾਚਾਰ ਹੈ। ਨੌਜਵਾਨ ਦੀ ਲਾਸ਼ ਬੀਤੇ ਦਿਨੀਂ ਮੁਹੱਲੇ ਦੇ ਸਮਸ਼ਾਨਘਾਟ 'ਚੋਂ ਮਿਲੀ ਸੀ। ਨੌਜਵਾਨ ਦੀ ਬਾਂਹ 'ਤੇ ਨਸ਼ੇ ਦਾ ਟੀਕਾ ਲੱਗਾ ਹੋਇਆ ਸੀ। ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਹੱਲੇ ਤੋਂ ਕਿਸੇ ਨੇ ਸੂਚਨਾ ਦਿੱਤੀ ਸੀ ਕਿ ਉਨ੍ਹਾਂ ਦਾ ਲੜਕਾ ਬੰਟੀ ਸਮਸ਼ਾਨਘਾਟ 'ਚ ਬੇਸੁੱਧ ਪਿਆ ਹੋਇਆ ਹੈ। ਜਦੋਂ ਉਨ੍ਹਾਂ ਨੇ ਉਥੇ ਜਾ ਕੇ ਵੇਖਿਆ ਤਾਂ ਉਸ ਦੀ ਬਾਂਹ 'ਤੇ ਟੀਕਾ ਲੱਗਾ ਹੋਇਆ ਸੀ ਅਤੇ ਉਸ ਦੇ ਸਾਥੀ ਉਥੋਂ ਭੱਜ ਚੁੱਕੇ ਸੀ। ਉਨ੍ਹਾਂ ਬੰਟੀ ਨੂੰ ਚੁੱਕ ਕੇ ਗੁਰਦਾਸਪੁਰ ਦੇ ਇਕ ਨਿੱਜੀ ਹਸਪਤਾਲ ਵਿਚ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪਰਿਵਾਰ ਨੇ ਦੱਸਿਆ ਕਿ ਬੰਟੀ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਹੈ। ਇਸ ਮਾਮਲੇ ਨੂੰ ਲੈ ਕੇ ਸਿਟੀ ਪੁਲਸ ਸਟੇਸ਼ਨ ਦੇ ਇੰਚਾਰਜ ਗੁਰਮੀਤ ਸਿੰਘ ਨਾਲ ਜਦੋਂ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੋਈ ਸ਼ਿਕਾਇਤ ਨਹੀਂ ਆਈ। ਪਰਿਵਾਰ ਵੱਲੋਂ ਸ਼ਿਕਾਇਤ ਕੀਤੀ ਜਾਵੇਗੀ ਤਾਂ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ।

## ਦੁਕਾਨ 'ਚ ਦਾਖਲ ਹੋ ਕੇ ਵਿਅਕਤੀ ਦੀ ਕੀਤੀ ਕੁੱਟਮਾਰ, 2 ਲੱਖ 30 ਹਜਾਰ ਰੁਪਏ ਦਾ ਸਾਮਾਨ ਕੀਤਾ ਚੋਰੀ

ਜਲਾਲਾਬਾਦ 18 ਜਨਵਰੀ। ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਗਾਂਧੀ ਨਗਰ ਜਲਾਲਾਬਾਦ ਸ਼ਹਿਰ ਵਿਚ ਦੁਕਾਨ ਵਿਚ ਆ ਕੇ ਇਕ ਵਿਅਕਤੀ ਦੀ ਕੁੱਟਮਾਰ ਕਰਨ, ਸੋਨੇ ਦੇ ਗਹਿਣੇ ਅਤੇ 82 ਹਜਾਰ ਰੁਪਏ ਨਕਦੀ ਚੋਰੀ ਕਰਨ ਦੇ ਦੋਸ਼ 'ਚ 6 ਲੋਕਾਂ ਖ਼ਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਚਿਮਨ ਲਾਲ ਪੁੱਤਰ ਹਾਕਮ ਚੰਦ ਵਾਸੀ ਚੱਕ ਕਬਰ ਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਇਆ ਹੈ ਕਿ ਮੇਰੀ ਪਤਨੀ ਸੀਮਾ ਰਾਣੀ ਨਾਲ ਅਣਬਣ ਹੋਣ ਕਰਕੇ ਉਹ (ਮੁਦੱਈ) ਜਸਵੀਰ ਕੌਰ ਨਾਲ ਰਿਲੇਸ਼ਨਸ਼ਿਪ ਵਿਚ ਸੀ, ਜਿਸ ਰੰਜਿਸ਼ ਕਰਕੇ ਗੁਰਦਿੱਤਾ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਝੋਕ ਨੰਦ ਸਿੰਘ ਵਾਲਾ, ਸੁਭਾਸ਼ ਚੰਦ ਪੁੱਤਰ ਭਗਵਾਨ ਦਾਸ ਵਾਸੀ ਚੱਕ ਪੁੰਨਾਵਾਲੀ,




ਅਸ਼ੋਕ ਕੁਮਾਰ ਪੁੱਤਰ ਭਗਵਾਨ ਚੰਦ ਪੁੱਤਰ ਭਗਵਾਨ ਦਾਸ ਵਾਸੀ ਲੱਖੋਕੇ, ਮਿੰਟੂ ਪੁੱਤਰ ਭਗਵਾਨ ਦਾਸ ਵਾਸੀ ਲੱਖੋਕੇ, ਸੀਮਾ ਰਾਣੀ ਪੁੱਤਰ ਸੁਭਾਸ਼ ਚੰਦਰ ਅਤੇ ਇਕ ਅਣਪਛਾਤੇ ਵਿਅਕਤੀ ਨੇ ਉਸ ਦੀ (ਮੁਦੱਈ) ਦੁਕਾਨ ਅੰਦਰ ਵੜ ਕੇ ਕੁੱਟਮਾਰ ਕੀਤੀ ਅਤੇ ਦੁਕਾਨ 'ਚੋਂ ਇਕ ਚੈਨ ਸੋਨਾ, ਲੇਡੀ ਟੋਪਸ, 2 ਸ਼ਾਪ ਅਤੇ 82 ਹਜਾਰ ਰੁਪਏ ਨਕਦੀ ਚੋਰੀ ਕਰਕੇ ਲੈ ਗਏ ਹਨ, ਜਿਸ ਦੀ ਕੀਮਤ ਕਰੀਬ 2 ਲੱਖ 30 ਹਜਾਰ ਰੁਪਏ ਬਣਦੀ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਭਗਵਾਨ ਦਾਸ ਨੇ ਦੱਸਿਆ ਕਿ ਮੁਦੱਈ ਚਿਮਨ ਲਾਲ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 110 ਮਿਤੀ 27-07-2024 ਨੂੰ ਧਾਰਾ 454,380 ਆਈ. ਪੀ. ਸੀ. ਤਹਿਤ ਗੁਰਦਿੱਤਾ ਸਿੰਘ, ਸੁਭਾਸ਼ ਚੰਦ, ਅਸ਼ੋਕ ਕੁਮਾਰ, ਮਿੰਟੂ, ਸੀਮਾ ਰਾਣੀ ਅਤੇ ਇਕ ਅਣਪਛਾਤੇ ਵਿਅਕਤੀ ਖ਼ਿਲਾਫ ਰਜਿਸਟਰ ਕੀਤਾ ਗਿਆ ਹੈ।

## ਵਿਆਹ ਮਗਰੋਂ ਪਤਨੀ ਨੇ ਕੀਤੀ ਅਜਿਹੀ ਮੰਗ, ਗੁੱਸੇ 'ਚ ਪਤੀ ਨੇ ਚੁੱਕਿਆ ਇਹ ਕਦਮ

ਵੈੱਬ ਡੈਸਕ 18 ਜਨਵਰੀ। ਯੂਪੀ ਦੇ ਆਗਰਾ ਤੋਂ ਪਤੀ-ਪਤਨੀ ਵਿਚਕਾਰ ਝਗੜੇ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਪਤੀ-ਪਤਨੀ ਵਿਚਕਾਰ ਛੋਟੀਆਂ-ਛੋਟੀਆਂ ਲੜਾਈਆਂ ਕਾਰਨ ਰਿਸ਼ਤਿਆਂ 'ਚ ਖਟਾਸ ਆਉਣ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਆਗਰਾ ਪੁਲਸ ਦਾ ਪਰਿਵਾਰਕ ਸਲਾਹ ਕੇਂਦਰ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਸਨੀਵਾਰ ਨੂੰ ਅਜਿਹੀ ਹੀ ਇਕ ਅਜੀਬ ਘਟਨਾ ਸਾਹਮਣੇ ਆਈ, ਜਿਸ 'ਚ ਪਤਨੀ ਵੱਲੋਂ ਪੀਜਾ ਖਾਣ ਦੀ ਜ਼ਿੱਦ ਕਰਨ ਕਾਰਨ ਪਤੀ-ਪਤਨੀ ਵਿਚਕਾਰ ਝਗੜਾ ਹੋ ਗਿਆ। ਮਾਮਲਾ ਇੰਨਾ ਵਧ ਗਿਆ ਕਿ ਪਤਨੀ ਆਪਣੇ ਮਾਪਿਆਂ ਦੇ ਘਰ ਚਲੀ ਗਈ ਅਤੇ ਲੜਾਈ ਪੁਲਸ ਸਟੇਸਨ ਤੱਕ ਪਹੁੰਚ ਗਈ। ਆਗਰਾ ਸਹਿਰ 'ਚ ਰਹਿਣ ਵਾਲੇ ਇਕ ਵਿਆਹੁਤਾ ਜੋੜੇ ਨੇ ਸਾਲ 2023 'ਚ ਬਹੁਤ ਧੂਮਧਾਮ ਨਾਲ ਵਿਆਹ ਕਰਵਾਇਆ। ਇਸ ਦੌਰਾਨ ਦੱਸਿਆ ਗਿਆ ਹੈ ਕਿ ਪਤਨੀ ਕਈ ਦਿਨਾਂ ਤੋਂ ਪੀਜਾ ਖਾਣ ਦੀ ਮੰਗ ਕਰ ਰਹੀ ਸੀ ਕਿਉਂਕਿ ਪਤਨੀ ਨੂੰ ਫਾਸਟ ਫੂਡ ਪਸੰਦ ਸੀ ਪਰ ਪਤੀ ਸਿਹਤ ਬਾਰੇ ਚਿੰਤਤ ਸੀ। ਇਕ ਦਿਨ ਜਦੋਂ ਪਤਨੀ ਨੇ ਪੀਜਾ ਖਾਣ ਦੀ ਜ਼ਿੱਦ ਕੀਤੀ ਤਾਂ ਪਤੀ ਨੇ ਉਸਨੂੰ ਪੀਜਾ ਦੀ ਬਜਾਏ ਇਕ ਗਲਾਸ ਗਰਮ ਦੁੱਧ ਦਿੱਤਾ। ਇਸ ਤੋਂ ਗੁੱਸੇ 'ਚ ਆ ਕੇ ਪਤਨੀ ਨੇ ਦੁੱਧ ਦਾ ਗਲਾਸ ਸੁੱਟ ਦਿੱਤਾ ਅਤੇ ਝਗੜਾ ਇੰਨਾ ਵਧ ਗਿਆ ਕਿ ਪਤਨੀ ਆਪਣੇ ਮਾਪਿਆਂ ਦੇ ਘਰ ਚਲੀ ਗਈ। ਇਸ ਦੇ ਨਾਲ ਹੀ, ਉਹ ਪਿਛਲੇ 2 ਮਹੀਨਿਆਂ ਤੋਂ ਆਪਣੇ ਪੇਰੇ ਘਰ ਰਹਿ ਰਹੀ ਹੈ। ਇਸ ਮਾਮਲੇ ਦੀ ਸੁਣਵਾਈ ਆਗਰਾ ਫੈਮਿਲੀ ਕਾਉਂਸਲਿੰਗ ਸੈਂਟਰ 'ਚ ਹੋਈ। ਕੌਂਸਲਰ ਨੇ ਦੋਵਾਂ ਦੀ ਸਲਾਹ ਦਿੱਤੀ, ਜਿਸ 'ਚ ਦੋਵਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਪਤੀ ਨੇ ਕਿਹਾ ਕਿ ਉਸਨੇ ਪੀਜਾ ਪਰੋਸਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਸਦੀ ਪਤਨੀ ਦੀ



ਸਿਹਤ ਠੀਕ ਨਹੀਂ ਸੀ। ਗੱਲਬਾਤ ਤੋਂ ਬਾਅਦ, ਦੋਵੇਂ ਇਸ ਗੱਲ 'ਤੇ ਸਹਿਮਤ ਹੋਏ ਕਿ ਪਤੀ ਆਪਣੀ ਪਤਨੀ ਦੀ ਸਿਹਤ 'ਚ ਸੁਧਾਰ ਹੁੰਦੇ ਹੀ ਉਸਨੂੰ ਪੀਜਾ ਖੁਆਏਗਾ। ਦੋਵੇਂ ਪਤੀ-ਪਤਨੀ ਖੁਸੀ-ਖੁਸੀ ਆਪਣੇ ਘਰ ਵਾਪਸ ਆ ਗਏ। ਇਸ ਦੇ ਨਾਲ ਹੀ, ਕਾਉਂਸਲਿੰਗ ਦੌਰਾਨ ਕੁੱਲ 15 ਵਿਵਾਦਾਂ ਦਾ ਨਿਪਟਾਰਾ ਕੀਤਾ ਗਿਆ। ਕੌਂਸਲਰ ਨੇ ਕਿਹਾ ਕਿ ਅੱਜ ਦੇ ਸਮੇਂ 'ਚ ਛੋਟੀਆਂ-ਛੋਟੀਆਂ ਗੱਲਾਂ 'ਤੇ ਰਿਸਤਿਆਂ 'ਚ ਤਣਾਅ ਹੋਣਾ ਆਮ ਗੱਲ ਹੋ ਗਈ ਹੈ, ਪਰ ਇਸਨੂੰ ਗੱਲਬਾਤ ਅਤੇ ਸਮਝ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਪਰਿਵਾਰਕ ਸਲਾਹ ਕੇਂਦਰ ਦਾ ਉਦੇਸ ਰਿਸਤਿਆਂ ਨੂੰ ਮਜਬੂਤ ਕਰਨਾ ਅਤੇ ਝਗੜਿਆਂ ਨੂੰ ਸੁਲ੍ਹਾ-ਸਫਾਈ ਨਾਲ ਹੱਲ ਕਰਨਾ ਹੈ।

## ਮੁੱਲਾਂਪੁਰ ਬੈਰੀਅਰ ਕੋਲ ਮਿਲੀ ਵਿਅਕਤੀ ਦੀ ਲਾਸ਼

ਨਵਾਂਗਰਾਓਂ 18 ਜਨਵਰੀ। ਮੁੱਲਾਂਪੁਰ ਬੈਰੀਅਰ ਕੋਲ ਸੜਕ ਕਿਨਾਰੇ ਵਿਅਕਤੀ ਦੀ ਲਾਸ਼ ਪੁਲਸ ਨੂੰ ਮਿਲੀ। ਇਸ ਤੋਂ ਬਾਅਦ ਪੁਲਸ ਨੇ ਲਾਸ਼ ਨੂੰ ਮੋਰਚਰੀ 'ਚ ਰਖਵਾ ਦਿੱਤਾ ਹੈ। ਡੀ. ਐੱਸ. ਪੀ. ਧਰਮਵੀਰ ਸਿੰਘ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਮੁੱਲਾਂਪੁਰ ਬੈਰੀਅਰ ਕੋਲ ਸੜਕ ਕਿਨਾਰੇ ਲਾਸ਼ ਸੜਕ ਕਿਨਾਰੇ ਪਈ ਹੈ। ਪੁਲਸ ਨੇ ਜਾਂਚ ਤੋਂ ਬਾਅਦ ਲਾਸ਼ ਨੂੰ ਸਿਵਲ ਹਸਪਤਾਲ ਦੀ ਮੋਰਚਰੀ 'ਚ ਭੇਜ ਦਿੱਤਾ ਹੈ। ਡੀ. ਐੱਸ. ਪੀ. ਨੇ ਦੱਸਿਆ ਕਿ ਬੈਰੀਅਰ ਕੋਲ ਲੱਗੇ ਕੈਮਰੇ ਦੀ ਫੁਟੇਜ ਵੀ ਦੇਖੀ ਜਾ ਰਹੀ ਹੈ। ਪੁਲਸ ਅਨੁਸਾਰ ਮ੍ਰਿਤਕ ਦੇ ਸ਼ਰੀਰ 'ਤੇ ਕੋਈ ਸੱਟ ਦਾ ਨਿਸ਼ਾਨ ਵੀ ਨਹੀਂ ਸੀ। ਮ੍ਰਿਤਕ ਪਿੰਡ ਬਰਿੰਡੀ ਦਾ ਰਹਿਣ ਵਾਲਾ ਸੀ। ਉਸ ਦੀ ਪਛਾਣ ਕਿੰਦਰ ਸਿੰਘ ਵਜੋਂ ਹੋਈ ਹੈ।

## ਭਰਾ ਨੇ ਭੈਣ ਨਾਲ ਜਬਰਦਸਤੀ ਕੀਤਾ ਗਲਤ ਕੰਮ

ਫਿਰੋਜ਼ਪੁਰ 18 ਜਨਵਰੀ। ਅੱਜ ਦੇ ਕਲਯੁੱਗ ਦੇ ਜ਼ਮਾਨੇ 'ਚ ਰਿਸ਼ਤੇ ਉਸ ਸਮੇਂ ਤਾਰ-ਤਾਰ ਹੋ ਗਏ, ਜਦੋਂ ਭਰਾ ਨੇ ਆਪਣੀ ਭੈਣ ਨਾਲ ਜਬਰਦਸਤੀ ਗਲਤ ਕੰਮ ਕੀਤਾ। ਇਸ ਸਬੰਧ 'ਚ ਥਾਣਾ ਮੱਲਾਂਵਾਲਾ ਪੁਲਸ ਨੇ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਨਾਬਾਲਗ ਕੁੜੀ ਨੇ ਦੱਸਿਆ ਕਿ ਮੇਰੇ ਮਾਤਾ-ਪਿਤਾ ਨੇ ਮੇਰੇ ਜਨਮ ਤੋਂ 5 ਦਿਨ ਬਾਅਦ ਆਪਣੇ ਭੈਣ-ਭਣਵੱਈਏ ਨੂੰ ਗੋਦ ਦੇ ਦਿੱਤਾ ਸੀ। ਨਾਬਾਲਗ ਕੁੜੀ ਨੇ ਦੱਸਿਆ ਕਿ ਮੇਰਾ ਪਾਲਣ-ਪੋਸ਼ਣ ਉਨ੍ਹਾਂ ਨੇ ਮਾਂ-ਪਿਓ ਦੀ ਤਰ੍ਹਾਂ ਹੀ ਕੀਤਾ। ਨਾਬਾਲਗ ਕੁੜੀ ਨੇ ਦੱਸਿਆ ਕਿ 26 ਜੁਲਾਈ, 2024 ਨੂੰ ਮੇਰੀ ਭੈਣ ਘਰ ਵਿਚ ਸੀ ਅਤੇ ਮੇਰੇ ਮਾਤਾ ਪਿਤਾ ਬਾਹਰ ਗਏ ਸੀ ਤਾਂ ਮੇਰਾ ਭਰਾ ਵਿਸ਼ਾਲ ਆਇਆ ਅਤੇ ਆ ਕੇ ਬੈੱਡ 'ਤੇ ਲੇਟ ਗਿਆ। ਉਸ ਨੇ ਮੈਨੂੰ ਅੰਦਰ ਆਵਾਜ ਦਿੱਤੀ ਅਤੇ ਜਬਰਦਸਤੀ ਮੇਰੇ ਨਾਲ ਗਲਤ ਕੰਮ ਕੀਤਾ। ਪੀੜਤਾ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਜ਼ੀਰਾ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।




ਜਲਾਲਾਬਾਦ (ਬਜਾਜ) : ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਢੰਡੀ ਖੁਰਦ 'ਚ ਹੋਈ ਲੜਾਈ ਦੌਰਾਨ ਕੁੱਟਮਾਰ ਕਰਕੇ ਸੱਟਾਂ ਲਗਾਉਣ ਦੇ ਦੋਸ਼ 'ਚ 2 ਵਿਅਕਤੀਆਂ ਦੇ ਖ਼ਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁੱਦਈ ਸੁਨੀਲ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਢੰਡੀ ਖੁਰਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਸੁਨੀਲ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਹਜਾਰਾ ਰਾਮ ਸਿੰਘ ਵਾਲਾ ਅਤੇ ਬਲਵਿੰਦਰ ਸਿੰਘ ਵਾਸੀ ਕੋਹਰ ਸਿੰਘ ਵਾਲਾ ਵੱਲੋਂ 3-4 ਮਹੀਨੇ ਪਹਿਲਾਂ ਹੋਈ ਮਾਮੂਲੀ ਲੜਾਈ ਕਾਰਨ ਉਸਦੀ ਕੁੱਟਮਾਰ ਕੀਤੀ ਗਈ ਸੀ। ਇਸ 'ਤੇ ਉਹ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਇਲਾਜ ਲਈ ਦਾਖਲ ਹੋਇਆ ਸੀ। ਪੁਲਸ ਵੱਲੋਂ ਬਿਆਨ ਦਰਜ ਕੀਤੇ ਗਏ ਹਨ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਐਕਸਰੇ ਰਿਪੋਰਟ ਥਾਣੇ ਵਿਚ ਆਉਣ ਉਪਰੰਤ ਮੁਦੱਈ ਸੁਨੀਲ ਸਿੰਘ ਪੁੱਤਰ ਜੰਗੀਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਸੁਨੀਲ ਸਿੰਘ ਪੁੱਤਰ ਪ੍ਰੇਮ ਸਿੰਘ ਪਿੰਡ ਹਜਾਰਾ ਰਾਮ ਸਿੰਘ ਵਾਲਾ ਅਤੇ ਬਲਵਿੰਦਰ ਸਿੰਘ ਵਾਸੀ ਕੋਹਰ ਸਿੰਘ ਵਾਲਾ ਦੇ ਖ਼ਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

## ਫਿਰੋਜਪੁਰ 'ਚ ਚੱਲੀਆਂ ਤਾਬੜਤੋੜ ਗੋਲੀਆਂ, ਇਕ ਨੌਜਵਾਨ ਜਖਮੀ

ਫਿਰੋਜ਼ਪੁਰ 18 ਜਨਵਰੀ। ਫ਼ਿਰੋਜ਼ਪੁਰ ਸਹਿਰ 'ਚ ਵੱਡੀ ਵਾਰਦਾਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਨੌਜਵਾਨ ਲਵੀਸ ਅਟਵਾਲ ਆਪਣੇ ਮੋਟਰਸਾਈਕਲ 'ਤੇ ਫ਼ਿਰੋਜ਼ਪੁਰ ਛਾਉਣੀ ਤੋਂ ਸਹਿਰ ਵੱਲ ਆ ਰਿਹਾ ਸੀ ਤਾਂ ਪਿੱਛੇ ਤੋਂ ਆ ਰਹੀ ਸਵਿਫਟ ਕਾਰ 'ਚ ਸਵਾਰ ਚਾਰ ਹਮਲਾਵਰਾਂ ਨੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ। ਜਿਸ 'ਚ ਇੱਕ ਨੌਜਵਾਨ ਜਖਮੀ ਹੋ ਗਿਆ ਅਤੇ ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ। ਫਿਲਹਾਲ ਜਖਮੀ ਨੌਜਵਾਨ ਨੂੰ ਇਲਾਜ ਲਈ ਫ਼ਿਰੋਜ਼ਪੁਰ ਦੇ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਿਸ 'ਤੇ ਮੋਟਰਸਾਈਕਲ ਸਵਾਰ ਨੌਜਵਾਨ ਨੇ ਦੱਸਿਆ ਕਿ ਉਹ ਅਤੇ ਲਵੀਸ ਫ਼ਿਰੋਜ਼ਪੁਰ ਛਾਉਣੀ ਤੋਂ ਸਹਿਰ ਵੱਲ ਆ ਰਹੇ ਸਨ, ਜਦੋਂ ਉਨ੍ਹਾਂ 'ਤੇ ਸਵਿਫਟ ਕਾਰ 'ਚ ਸਵਾਰ ਚਾਰ ਵਿਅਕਤੀਆਂ ਨੇ ਫਾਇਰਿੰਗ ਸੁਰੂ ਕਰ ਦਿੱਤੀ। ਇਸ ਗੋਲੀਬਾਰੀ 'ਚ ਲਵੀਸ ਗੋਲੀ ਲੱਗਣ ਕਾਰਨ ਜਖਮੀ ਹੋ ਗਿਆ ਅਤੇ ਉਸ ਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਜਿਵੇਂ ਹੀ ਪੁਲਸ ਨੂੰ ਸੂਚਨਾ ਮਿਲੀ ਤਾਂ ਉਹ ਘਟਨਾ ਸਥਾਨ 'ਤੇ ਪਹੁੰਚ ਗਈ ਅਤੇ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

## ਮੁੰਡੇ ਨੂੰ 'ਲਵ ਮੈਰਿਜ' ਕਰਵਾਉਣੀ ਪਈ ਮਹਿੰਗੀ, ਕੁੜੀ ਦੇ ਪਰਿਵਾਰ ਵਾਲਿਆਂ ਨੇ ਪੈਟਰੋਲ ਪਾ ਕੇ ਫੂਕ'ਤਾ ਘਰ ਦਾ ਸਾਮਾਨ

ਫਿਰੋਜ਼ਪੁਰ 18 ਜਨਵਰੀ। ਅੱਜ ਕੱਲ੍ਹ ਮੁੰਡੇ-ਕੁੜੀਆਂ ਆਪਣੇ ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਘਰੋਂ ਭੱਜ ਕੇ ਵਿਆਹ ਕਰਵਾ ਲੈਂਦੇ ਹਨ, ਜਿਸ ਦਾ ਖਮਿਆਜ਼ਾ ਬਾਅਦ 'ਚ ਪੂਰੇ ਪਰਿਵਾਰ ਨੂੰ ਭੁਗਤਣਾ ਪੈਂਦਾ ਹੈ। ਅਜਿਹਾ ਹੀ ਇਕ ਮਾਮਲਾ ਫਿਰੋਜ਼ਪੁਰ ਦੇ ਪਿੰਡ ਨਵਾਂ ਪੀਰਾ ਵਾਲਾ ਤੋਂ ਸਾਹਮਣੇ ਆਇਆ ਹੈ, ਜਿਥੇ ਇਕ ਮੁੰਡੇ-ਕੁੜੀ ਨੇ ਘਰੋਂ ਭੱਜ ਕੇ ਵਿਆਹ ਕਰਵਾ ਲਿਆ ਪਰ ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਕਥਿਤ ਤੌਰ ਮੁੰਡੇ ਦੇ ਘਰ 'ਚ ਦਾਖਲ ਹੋ ਕੇ ਘਰ ਦਾ ਸਾਰਾ ਸਾਮਾਨ ਤੋੜ ਦਿੱਤਾ ਅਤੇ ਬਾਅਦ 'ਚ ਪੈਟਰੋਲ ਪਾ ਕੇ ਉਸ ਨੂੰ ਅੱਗ ਲਗਾ ਦਿੱਤੀ। ਜਾਣਕਾਰੀ ਅਨੁਸਾਰ ਪਿੰਡ ਨਵਾਂ ਪੀਰਾ ਵਾਲਾ ਦਾ ਰਹਿਣ ਵਾਲਾ ਬਿੱਟੂ, ਜੋ ਕਿ ਪੇਸ਼ੇ ਤੋਂ ਡਰਾਈਵਰ ਹੈ, ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਕਿਹਾ ਹੈ ਕਿ ਉਸ ਦੇ ਮੁੰਡੇ ਨੇ ਘਰੋਂ ਭੱਜ ਕੇ ਇਕ ਕੁੜੀ ਨਾਲ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਲਵ ਮੈਰਿਜ ਕਰਵਾ ਲਈ ਸੀ, ਜਿਸ ਸਬੰਧੀ ਉਨ੍ਹਾਂ ਨੂੰ ਕੁਝ ਨਹੀਂ ਪਤਾ। ਪਰ ਰਾਤ ਨੂੰ ਜਦੋਂ ਉਹ ਘਰ ਨਹੀਂ ਸੀ ਤਾਂ



ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਦੇ ਘਰ ਆ ਕੇ ਸਾਮਾਨ ਦੀ ਭੰਨਤੋੜ ਕੀਤੀ ਅਤੇ ਬਾਅਦ 'ਚ ਪੈਟਰੋਲ ਪਾ ਕੇ ਸਾਮਾਨ ਨੂੰ ਅੱਗ ਲਗਾ ਦਿੱਤੀ। ਡਰਾਈਵਰ ਬਿੱਟੂ ਨੇ ਪਵਿੱਤਰ ਬਾਈਬਲ ਦਿਖਾਉਂਦੇ ਹੋਏ ਕਿਹਾ ਕਿ ਕੁੜੀ ਦੇ ਪਰਿਵਾਰ ਵਾਲਿਆਂ ਨੇ ਇਸ ਨੂੰ ਵੀ ਨਹੀਂ ਬਖਸ਼ਿਆ ਅਤੇ ਸਾੜ ਦਿੱਤਾ। ਉਸ ਦੇ ਘਰ 'ਚ ਹੁਣ ਕੁਝ ਵੀ ਨਹੀਂ ਬਚਿਆ ਅਤੇ ਹਮਲਾਵਰ ਘਰ 'ਚ ਪਏ ਸੋਨੇ ਦੇ ਗਹਿਣੇ ਅਤੇ ਨਕਦੀ ਵੀ ਲੈ ਗਏ ਹਨ। ਇਸ ਸਬੰਧੀ ਜਦੋਂ ਥਾਣਾ ਸਦਰ ਫਿਰੋਜ਼ਪੁਰ ਦੇ ਐੱਸ.ਐੱਚ.ਓ. ਇੰਸਪੈਕਟਰ ਜਸਵੰਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਬਿੱਟੂ ਵੱਲੋਂ ਦਿੱਤੀ ਗਈ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਸਾਮਾਨ ਦੀ ਭੰਨ-ਤੋੜ ਕਰਨ ਅਤੇ ਅੱਗ ਲਾਉਣ ਦੇ ਦੋਸ਼ 'ਚ ਨਾਮਜ਼ਦ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ

# ਪ੍ਰਸ਼ਾਸਨਿਕ ਕੰਪਲੈਕਸ 'ਚ ਕੰਟੀਨ ਮਾਫੀਆ ਖੇਡ ਰਿਹਾ ਭ੍ਰਿਸ਼ਟਾਚਾਰ ਦੀ ਵੱਡੀ ਖੇਡ

ਜਲੰਧਰ 18 ਜਨਵਰੀ। ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਚ ਪਿਛਲੇ ਲੰਮੇ ਸਮੇਂ ਤੋਂ ਅਧਿਕਾਰੀਆਂ ਦੀ ਛਤਰ-ਛਾਇਆ ਵਿਚ ਕੰਟੀਨ ਮਾਫੀਆ ਧੜੱਲੇ ਨਾਲ ਕਾਰੋਬਾਰ ਕਰ ਰਿਹਾ ਹੈ, ਜਿਸ ਨਾਲ ਸਰਕਾਰ ਨੂੰ ਲੱਖਾਂ ਰੁਪਏ ਦੇ ਰੈਵੇਨਿਊ ਦਾ ਚੂਨਾ ਲੱਗ ਚੁੱਕਾ ਹੈ ਅਤੇ ਇਹ ਸਿਲਸਿਲਾ ਅੱਗੇ ਵੀ ਲਗਾਤਾਰ ਜਾਰੀ ਹੈ ਪਰ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਸਭ ਕੁਝ ਜਾਣਦੇ ਹੋਏ ਵੀ ਜਾਣਬੁੱਝ ਕੇ ਮੂਕਦਰਸ਼ਕ ਬਣੇ ਹੋਏ ਹਨ ਅਤੇ ਨਾਜਰ ਬ੍ਰਾਂਚ ਵੀ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਨਾਲ ਖਾਮੋਸ਼ ਹੈ। ਵਰਣਨਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਪ੍ਰਸ਼ਾਸਨਿਕ ਕੰਪਲੈਕਸ ਦੀ ਪਾਰਕਿੰਗ, ਕੰਟੀਨ ਤੇ ਸੇਵਾ ਕੇਂਦਰ ਦੀ ਕੰਟੀਨ ਦੀ ਨਿਲਾਮੀ ਰੱਖੀ ਹੋਈ ਸੀ। ਪਾਰਕਿੰਗ ਅਤੇ ਸੇਵਾ ਕੇਂਦਰ ਦੀ ਕੰਟੀਨ ਨੂੰ ਲੈ ਕੇ ਕਿਸੇ ਵੀ ਵਿਅਕਤੀ ਵੱਲੋਂ ਦਰਖਾਸਤ ਨਾ ਦਿੱਤੇ ਜਾਣ 'ਤੇ ਦੋਵਾਂ ਦੀ ਨਿਲਾਮੀ ਨੂੰ ਰੱਦ ਕਰ ਦਿੱਤਾ ਗਿਆ, ਜਦਕਿ ਕੰਟੀਨ ਦੇ ਠੇਕੇ ਨੂੰ ਲੈ ਕੇ 3 ਬਿਨੈਕਾਰਾਂ ਦਾ ਕੋਰਮ ਪੂਰਾ ਹੋਣ 'ਤੇ ਖੁੱਲ੍ਹੀ ਬੋਲੀ ਕਰਵਾਈ ਗਈ। ਕੰਟੀਨ ਦੇ ਮਾਰਚ 2025 ਤਕ ਅਗਲੇ 8 ਮਹੀਨਿਆਂ ਲਈ ਰਾਖਵੀਂ ਬੋਲੀ 856667 ਰੱਖੀ ਗਈ ਸੀ ਅਤੇ ਆਖਰੀ ਬੋਲੀ 1111000 ਰੁਪਏ ਵਿਚ ਫਾਈਨਲ ਹੋਈ। ਇਸ ਨਿਲਾਮੀ ਉਪਰੰਤ ਜਦੋਂ ਡੀ. ਆਰ. ਓ. ਤੋਂ ਪੁੱਛਿਆ ਗਿਆ ਕਿ ਅੱਜ ਹੋਈ ਨਿਲਾਮੀ ਵਿਚ ਕੰਪਲੈਕਸ ਵਿਚ ਕਿੰਨੀਆਂ ਕੰਟੀਨਾਂ ਦੀ ਨਿਲਾਮੀ ਕੀਤੀ ਗਈ ਹੈ ਤਾਂ ਡੀ. ਆਰ. ਓ. ਨੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਕਿ 11 ਲੱਖ 11 ਹਜਾਰ ਰੁਪਏ ਦੀ ਬੋਲੀ 'ਤੇ ਸਿਰਫ ਗੇਟ ਨੰਬਰ 2 ਨੇੜੇ ਬਣੀ ਇਕ ਕੰਟੀਨ ਨੂੰ ਠੇਕੇ 'ਤੇ ਅਲਾਟ ਕੀਤਾ ਗਿਆ। ਜਦੋਂ ਉਨ੍ਹਾਂ ਨੂੰ ਦੱਸਿਆ ਕਿ ਕੰਪਲੈਕਸ ਵਿਚ ਤਾਂ ਪਿਛਲੇ ਕੁਝ ਸਾਲਾਂ ਤੋਂ ਕੰਟੀਨ ਦਾ ਠੇਕਾ ਲੈਣ ਵਾਲੇ ਠੇਕੇਦਾਰ ਵੱਲੋਂ 1-1 ਕਰਕੇ 7 ਦੇ ਲਗਭਗ ਕੰਟੀਨਾਂ ਖੋਲ੍ਹੀਆਂ ਹੋਈਆਂ ਹਨ ਤਾਂ ਡੀ. ਆਰ. ਓ. ਨੇ ਸਪੱਸ਼ਟ ਕੀਤਾ ਕਿ ਕੰਪਲੈਕਸ ਵਿਚ ਨਿਲਾਮੀ ਸਿਰਫ ਇਕ ਹੀ ਕੰਟੀਨ ਦੀ ਹੋਈ ਹੈ ਅਤੇ ਜੇਕਰ ਵੱਧ ਕੰਟੀਨਾਂ ਖੁੱਲ੍ਹੀਆਂ ਹੋਈਆਂ ਹਨ ਤਾਂ ਜਾਂਚ ਕਰਵਾ ਕੇ ਉਨ੍ਹਾਂ ਨੂੰ ਬੰਦ ਕਰਵਾਇਆ ਜਾਵੇਗਾ। ਡੀ. ਆਰ. ਓ. ਦੇ ਖੁਲਾਸੇ ਤੋਂ ਬਾਅਦ ਹੈਰਾਨੀਜਨਕ ਤੱਥ ਹੈ ਕਿ ਕੰਪਲੈਕਸ ਵਿਚ ਇਕ ਦੇ ਬਾਅਦ ਇਕ ਧੜਾਧੜ ਕੰਟੀਨਾਂ ਖੁੱਲ੍ਹਦੀਆਂ ਰਹੀਆਂ। ਅਧਿਕਾਰੀ ਅਤੇ ਜ਼ਿੰਮੇਵਾਰ ਨਾਜਰ ਬ੍ਰਾਂਚ ਦੇ ਕਰਮਚਾਰੀ ਆਖਿਰ ਇੰਨੇ ਸਾਲਾਂ ਤੋਂ ਮੂਕਦਰਸ਼ਕ ਕਿਉਂ ਬਣੇ ਰਹੇ? ਜਦੋਂ ਪ੍ਰਸ਼ਾਸਨ ਨੂੰ ਇਕ ਕੰਟੀਨ ਤੋਂ 8 ਮਹੀਨਿਆਂ ਲਈ 11 ਲੱਖ 11 ਹਜਾਰ ਰੁਪਏ ਦਾ ਰੈਵੇਨਿਊ ਇਕੱਠਾ ਹੋ ਸਕਦਾ ਹੈ ਤਾਂ 7 ਕੰਟੀਨਾਂ ਦੇ ਹਿਸਾਬ ਨਾਲ ਨਿਲਾਮੀ ਦੀ ਰਕਮ ਤਾਂ 50 ਲੱਖ ਰੁਪਏ ਤੋਂ ਉੱਪਰ ਬਣਦੀ ਹੈ। ਜੇਕਰ 7 ਕੰਟੀਨਾਂ ਦਾ ਹਿਸਾਬ ਲਾਇਆ ਜਾਵੇ ਤਾਂ ਪ੍ਰਸ਼ਾਸਨ ਨੂੰ ਹੋਈ ਨਿਲਾਮੀ ਤੋਂ ਹਰੇਕ ਕੰਟੀਨ ਦਾ ਸਿਰਫ 2 ਲੱਖ ਤੋਂ ਘੱਟ ਰੈਵੇਨਿਊ ਹੀ ਮਿਲ ਸਕਿਆ ਹੈ। ਜਦੋਂ ਕਿ ਕੰਟੀਨ ਮਾਫੀਆ ਨੇ ਕੰਪਲੈਕਸ ਦਾ ਕੋਈ ਅਜਿਹਾ ਕੋਨਾ ਨਹੀਂ ਛੱਡਿਆ, ਜਿਥੇ ਉਨ੍ਹਾਂ ਪੂਰੇ ਤਾਮ-ਝਾਮ ਨਾਲ ਦੁਕਾਨਾਂ ਨਾ ਸਜਾਈਆਂ ਹੋਣ। ਹੁਣ ਸਵਾਲ ਉੱਠਦਾ ਹੈ ਕਿ ਇਸ ਕੰਟੀਨ ਮਾਫੀਆ ਨੂੰ ਠੇਕਾ ਲੈਣ ਵਾਲੇ ਠੇਕੇਦਾਰ ਨੇ ਸਰਪ੍ਰਸਤੀ ਨਹੀਂ ਦਿੱਤੀ ਤਾਂ ਆਖਿਰ ਕਿਸ ਅਧਿਕਾਰੀ ਦੀ ਸ਼ਹਿ 'ਤੇ ਨਾਜਾਇਜ ਅਤੇ ਬਿਨਾਂ ਮਨਜ਼ੂਰੀ ਦੇ ਭ੍ਰਿਸ਼ਟਾਚਾਰ ਦੀ ਸਾਰੀ ਖੇਡ ਧੜੱਲੇ ਨਾਲ ਖੇਡੀ ਜਾ ਰਹੀ ਹੈ। ਨਾਜਰ ਬ੍ਰਾਂਚ ਨੇ ਕਦੀ ਵੀ ਬਿਨਾਂ ਮਨਜ਼ੂਰੀ ਦੇ ਚੱਲ ਰਹੀਆਂ ਕੰਟੀਨਾਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ। ਦੂਜੇ ਪਾਸੇ ਕੰਪਲੈਕਸ ਦੇ ਇਕ ਸਾਬਕਾ ਠੇਕੇਦਾਰ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਬਿਨਾਂ ਮਨਜ਼ੂਰੀ ਦੇ ਕੰਟੀਨ ਖੋਲ੍ਹਣ ਦੇ ਪਿੱਛੇ ਨਾਜਰ ਬ੍ਰਾਂਚ ਦੇ ਕੁਝ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਪਿਛਲੇ ਲੰਮੇ ਸਮੇਂ ਤੋਂ ਇਹ ਖੇਡ ਖੇਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਕਦੀ ਵੀ ਨਾਜਾਇਜ ਤੌਰ 'ਤੇ ਕੰਟੀਨ ਖੁੱਲ੍ਹਣ ਅਤੇ ਨਿਯਮਾਂ ਦੇ ਉਲਟ ਕੰਪਲੈਕਸ ਵਿਚ ਜਗ੍ਹਾ-ਜਗ੍ਹਾ



ਰੇਹੜੀਆਂ ਲਾਉਣ ਦਾ ਮਾਮਲਾ ਉੱਠਦਾ ਰਿਹਾ ਹੈ, ਨਾਜਰ ਬ੍ਰਾਂਚ ਦੇ ਉਕਤ ਕਰਮਚਾਰੀ ਡਿਪਟੀ ਕਮਿਸ਼ਨਰ ਸਮੇਤ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕਰਦੇ ਆਏ ਹਨ। ਕੰਪਲੈਕਸ ਵਿਚ ਖਾਣ-ਪੀਣ ਦੀਆਂ ਲੱਗਣ ਵਾਲੀਆਂ ਰੇਹੜੀਆਂ ਵੀ ਨਿਕਲੀਆਂ ਨਾਜਾਇਜ ਡੀ. ਓ. ਓ. ਨੂੰ ਜਦੋਂ ਪ੍ਰਸ਼ਾਸਨਿਕ ਕੰਪਲੈਕਸ ਵਿਚ ਪਾਰਕਿੰਗ ਸਥਾਨ ਅਤੇ ਸਬ-ਰਜਿਸਟਰਾਰ ਦਫਤਰ ਦੇ ਸਾਹਮਣੇ ਖਾਣ-ਪੀਣ ਦੀਆਂ ਰੇਹੜੀਆਂ ਲਾਏ ਜਾਣ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸੇ ਵੀ ਵਿਅਕਤੀ ਨੂੰ ਖਾਣ-ਪੀਣ ਦਾ ਸਾਮਾਨ ਵੇਚਣ ਅਤੇ ਰੇਹੜੀ ਲਾਉਣ ਦੀ ਇਜਾਜਤ ਨਹੀਂ ਹੈ। ਖਾਣ-ਪੀਣ ਦਾ ਸਾਮਾਨ ਸਿਰਫ ਅਲਾਟ ਹੋਈ ਕੰਟੀਨ 'ਤੇ ਹੀ ਵਿਕ ਸਕਦਾ ਹੈ। ਉਹ ਰੇਹੜੀਆਂ ਲੱਗਣ ਦੇ ਮਾਮਲੇ ਦੀ ਵੀ ਜਾਂਚ ਕਰਨਗੇ ਅਤੇ ਜੇਕਰ ਅਜਿਹਾ ਕਿਤੇ ਪਾਇਆ ਗਿਆ ਤਾਂ ਰੇਹੜੀ ਸੰਚਾਲਕਾਂ ਦੇ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸੇਵਾ ਕੇਂਦਰ ਅਤੇ ਸਬ-ਰਜਿਸਟਰਾਰ ਬਿਲਡਿੰਗ ਦੇ ਮੁੱਖ ਐਂਟਰੀ ਗੇਟ ਦੇ ਨਾਲ ਮਾਰਕਫੈੱਡ ਦੇ ਬੂਥ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਇਕ ਵਿਅਕਤੀ ਨੂੰ ਬੋਲੀ ਵਿਚ ਅਲਾਟ ਕੀਤਾ ਹੋਇਆ ਹੈ ਪਰ ਨਾਜਾਇਜ ਕੰਟੀਨ ਸੰਚਾਲਕਾਂ ਦੀ ਹਿੰਮਤ ਵੇਖੋ ਕਿ ਜਿਹੜਾ ਵਿਅਕਤੀ ਸਾਰਾ ਸਾਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਬੂਥ ਦਾ ਕਿਰਾਇਆ ਦੇ ਰਿਹਾ ਹੈ, ਉਸ ਦੇ ਬੂਥ ਦੇ ਅੱਗੇ ਵੀ ਇਕ ਕੰਟੀਨ ਬਣਾ ਕੇ ਉਥੇ ਬਰਾਬਰ ਖਾਣ-ਪੀਣ ਦੇ ਸਾਮਾਨ ਦੀ ਵਿਕਰੀ ਕੀਤੀ ਜਾ ਰਹੀ ਹੈ। ਉਕਤ ਬੂਥ ਠੇਕੇਦਾਰ ਦਾ ਕਹਿਣਾ ਸੀ ਕਿ ਸ਼ਿਕਾਇਤ ਤਾਂ ਉਦੋਂ ਕਰੀਏ ਜਦੋਂ ਕੋਈ ਜ਼ਿੰਮੇਵਾਰ ਅਧਿਕਾਰੀ ਸੁਣਨ ਨੂੰ ਤਿਆਰ ਹੋਵੇ। ਇਸ ਸੰਦਰਭ ਵਿਚ ਨਾਜਰ ਬ੍ਰਾਂਚ ਦੇ ਕਰਮਚਾਰੀਆਂ ਨਾਲ ਕਈ ਵਾਰ ਗੱਲ ਕੀਤੀ ਜਾ ਚੁੱਕੀ ਹੈ। ਹੁਣ ਇਥੇ ਵੀ ਵੱਡਾ ਸਵਾਲ ਉੱਠਦਾ ਹੈ ਕਿ ਆਖਿਰ ਇਨ੍ਹਾਂ ਰੇਹੜੀਆਂ ਨੂੰ ਕੰਪਲੈਕਸ ਵਿਚ ਲੁਆ ਕੇ ਰੇਹੜੀ ਸੰਚਾਲਕਾਂ ਤੋਂ ਵਸੂਲੀ ਕੌਣ ਕਰ ਰਿਹਾ ਹੈ? ਜ਼ਿਲ੍ਹਾ ਨਾਜਰ ਅਸ਼ੋਕ ਕੁਮਾਰ ਅਰੋੜਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੰਪਲੈਕਸ ਦੀ ਹੱਦ ਦੇ ਅੰਦਰ ਬਣੇ ਜਿੰਨੇ ਵੀ ਬੂਥ ਅਤੇ ਕੰਟੀਨ ਹਨ, ਉਨ੍ਹਾਂ ਨੂੰ ਨਿਲਾਮੀ ਜਰੀਏ ਖੁੱਲ੍ਹੀ ਬੋਲੀ ਵਿਚ ਵੱਧ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਦਾਤਾ ਦੇ ਨਾਂ ਅਲਾਟ ਕੀਤਾ ਜਾਂਦਾ ਹੈ

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਭਿਆਨਕ ਹਾਦਸੇ 4 ਦੋਸਤਾਂ ਦੀ ਇਕੱਠਿਆਂ ਮੌਤ, ਪਲਟੀਆਂ ਖਾਂਦੀ ਕਾਰ ਦੇ ਉੱਡੇ ਪਰਖੱਚੇ

ਨੋਇਡਾ 18 ਜਨਵਰੀ। ਨੋਇਡਾ ਵਿੱਚ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਚਾਰ ਨੌਜਵਾਨਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ, ਜਦਕਿ ਉਨ੍ਹਾਂ ਦਾ ਇੱਕ ਦੋਸਤ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਇਹ ਸਾਰੇ ਦੋਸਤ ਦਿੱਲੀ ਤੋਂ ਨੋਇਡਾ ਘੁੰਮਣ ਲਈ ਆਏ ਸਨ ਅਤੇ ਦੇਰ ਰਾਤ ਖਾਣਾ ਖਾਣ ਤੋਂ ਬਾਅਦ ਵਾਪਸ ਦਿੱਲੀ ਪਰਤ ਰਹੇ ਸਨ ਕਿ ਉਨ੍ਹਾਂ ਦੀ ਕਾਰ ਨੂੰ ਮਾਲ ਨਾਲ ਭਰੀ ਟਰੈਕਟਰ-ਟਰਾਲੀ ਨੇ ਟੱਕਰ ਮਾਰ ਦਿੱਤੀ। ਇਹ ਹਾਦਸਾ ਸੈਕਟਰ-24 ਥਾਣਾ ਖੇਤਰ ਦੀ 12-11 ਸਿੰਗਲ ਰੋਡ 'ਤੇ ਸ?ਿਵਾਨੀ ਫਰਨੀਚਰ ਸ਼ੋਅਰੂਮ ਨੇੜੇ ਵਾਪਰਿਆ ਹੈ। ਹਾਦਸਾ ਰਾਤ ਕਰੀਬ 2 ਵਜੇ ਉਸ ਸਮੇਂ ਵਾਪਰਿਆ, ਜਦੋਂ ਨੌਜਵਾਨ ਦੀ ਆਲਟੋ ਕਾਰ ਨੂੰ ਗਲਤ ਦਿਸਾ ਤੋਂ ਆ ਰਹੇ ਤੇਜ ਰਫਤਾਰ ਟਰੈਕਟਰ ਨੇ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜਬਰਦਸਤ ਸੀ ਕਿ ਕਾਰ ਪਲਟੀਆਂ ਮਾਰਦੀ ਹੋਈ ਪਲਟ ਗਈ। ਇਸ ਹਾਦਸੇ ਵਿਚ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਚੌਥੇ ਨੌਜਵਾਨ ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਹਾਦਸੇ ਤੋਂ ਬਾਅਦ ਦੋਸੀ ਟਰੈਕਟਰ-ਟਰਾਲੀ ਚਾਲਕ ਫਰਾਰ ਹੋ ਗਿਆ। ਦੱਸ ਦੇਈਏ ਕਿ ਇਸ ਹਾਦਸੇ ਵਿੱਚ ਮਰਨ ਵਾਲੇ ਨੌਜਵਾਨਾਂ ਦੀ ਪਛਾਣ ਮੋਹਿਤ, ਵਿਸਾਲ, ਮਨੀਸ ਅਤੇ ਹਿਮਾਂਸੂ ਸਾਰੇ ਵਾਸੀ ਨਿਊ ਕੋਂਡਾਲੀ ਪਾਕੇਟ ਏ-2 ਦਿੱਲੀ ਵਜੋਂ ਹੋਈ ਹੈ। ਉਨ੍ਹਾਂ ਦੇ ਪੰਜਵੇਂ ਦੋਸਤ ਉੱਤਮ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਖਮੀ ਨੌਜਵਾਨ ਵਲੋਂ ਪੁਲਸ ਨੂੰ ਆਪਣੇ ਬਿਆਨ ਦਰਜ ਕਰਵਾਏ ਗਏ ਹਨ। ਉੱਤਮ ਅਨੁਸਾਰ ਟਰੈਕਟਰ ਗਲਤ ਦਿਸਾ ਤੋਂ ਆ ਰਿਹਾ ਸੀ, ਜਿਸ 'ਤੇ ਉੱਚੀ ਆਵਾਜ ਵਿੱਚ ਸੰਗੀਤ ਚੱਲ ਰਿਹਾ ਸੀ। ਮਨੀਸ ਮਿਸਰਾ ਨੇ ਹਾਦਸੇ ਦੀ ਪੁਸਟੀ ਕਰਦਿਆਂ ਕਿਹਾ ਕਿ ਲਾਸਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਦੋਸੀ ਟਰੈਕਟਰ ਚਾਲਕ ਦੀ ਭਾਲ ਜਾਰੀ ਹੈ। ਪੁਲਸ ਨੇ ਉੱਤਮ ਦੀ ਸ?ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਹੈ ਅਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

## ਰੇਲ ਗੱਡੀ ਦੀ ਫੇਟ ਵੱਜਣ ਕਾਰਨ ਇਕ ਭਰਾ ਦੀ ਮੌਤ, ਦੂਜਾ ਜਖਮੀ

ਬਟਾਲਾ 18 ਜਨਵਰੀ। ਬਟਾਲਾ ਦੇ ਨਜਦੀਕ ਮੁਰਗੀ ਮਹੱਲਾ ਵਿਖੇ ਰੇਲ ਗੱਡੀ ਦੀ ਫੇਟ ਵੱਜਣ ਨਾਲ ਇਕ ਭਰਾ ਦੀ ਮੌਤ ਗਈ, ਜਦਕਿ ਦੂਜਾ ਗੰਭੀਰ ਜਖਮੀ ਹੋ ਗਿਆ ਹੈ। ਇਸ ਸਬੰਧੀ ਰੇਲਵੇ ਪੁਲਸ ਚੌਕੀ ਇੰਚਾਰਜ ਏ. ਐੱਸ. ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਰਤਨ ਲਾਲ ਅਤੇ ਨਰੇਸ ਕੁਮਾਰ ਦੋਵੇਂ ਪੁੱਤਰਾਨ ਹੰਸਰਾਜ ਵਾਸੀ ਮੁਰਗੀ ਮਹੱਲਾ ਚੰਦਰ ਨਗਰ ਬਟਾਲਾ, ਜੋ ਦੇਰ ਸਾਮ ਕਰੀਬ 8 ਵਜੇ ਦੇ ਕਰੀਬ ਰੇਲਵੇ ਲਾਈਨ 'ਤੇ ਬੈਠੇ ਹੋਏ ਸੀ। ਇਸ ਦੌਰਾਨ ਕਾਦੀਆਂ ਵਾਲੀ ਸਾਈਡ ਤੋਂ ਆ ਰਹੀ ਇਕ ਰੇਲ ਗੱਡੀ ਵੱਲੋਂ ਉਨ੍ਹਾਂ ਨੂੰ ਫੇਟ ਮਾਰ ਦਿੱਤੀ ਗਈ, ਜਿਸ ਦੌਰਾਨ ਨਰੇਸ ਕੁਮਾਰ ਦੀ ਮੌਤ ਹੋ ਗਈ ਅਤੇ ਉਸਦਾ ਭਰਾ ਰਤਨ ਲਾਲ ਗੰਭੀਰ ਜਖਮੀ ਹੋ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਲਾਸ ਨੂੰ ਬਟਾਲਾ ਸਿਵਲ ਹਸਪਤਾਲ ਦੇ ਮੋਰਚਰੀ 'ਚ ਰਖਵਾ ਦਿੱਤਾ ਅਤੇ ਜਖਮੀ ਰਤਨ ਲਾਲ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਡਾਕਟਰਾਂ ਨੇ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਹੈ।

# ਸਹੇਲੀ ਨੂੰ ਸਕੂਟਰੀ 'ਤੇ ਲੈ ਜਾਂਦੇ ਪਤੀ ਨੂੰ ਫੜ੍ਹਿਆ ਰੰਗੇ ਹੱਥੀਂ, ਕੁੜੀ ਕਹਿੰਦੀ-ਅਸੀਂ ਤਾਂ ਭੈਣ-ਭਰਾ

ਛਤਰਪੁਰ 18 ਜਨਵਰੀ। ਛਤਰਪੁਰ 'ਚ ਪਤੀ-ਪਤਨੀ ਅਤੇ ਉਹ ਦਾ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਪਤੀ ਪੇਸੇ ਤੋਂ ਇਕ ਸਕੂਲ ਟੀਚਰ ਹੈ ਅਤੇ ਉਸ ਦੀ ਆਪਣੀ ਪਤਨੀ ਨਾਲ ਤਕਰਾਰ ਚੱਲ ਰਹੀ ਹੈ। ਇਸ ਦੌਰਾਨ ਪਤਨੀ ਨੇ ਆਪਣੇ ਪਤੀ ਨੂੰ ਉਸ ਦੀ ਪ੍ਰੇਮਿਕਾ ਨੂੰ ਸਕੂਟਰ 'ਤੇ ਬਿਠਾ ਕੇ ਲਿਜਾਂਦੇ ਫੜ ਲਿਆ, ਜਿਸ ਕਾਰਨ ਪਤਨੀ ਨੇ ਸੜਕ ਵਿਚਕਾਰ ਹੰਗਾਮਾ ਕਰ ਦਿੱਤਾ। ਪਤਨੀ ਨੇ ਸੜਕ 'ਤੇ ਦੋਵਾਂ ਨੂੰ ਸਕੂਟਰ ਸਣੇ ਸੁੱਟ ਦਿੱਤਾ ਅਤੇ ਪਤੀ ਦੀ ਵੀਡੀਓ ਬਣਾਉਣ ਲੱਗੀ। ਘਟਨਾ ਦੀ ਵੀਡੀਓ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਗਈ। ਘਟਨਾ ਦੇ ਦੂਜੇ ਦਿਨ ਸਰਕਾਰੀ ਅਧਿਆਪਕ ਅਤੇ ਉਸ ਦੀ ਕਥਿਤ ਪ੍ਰੇਮਿਕਾ ਨੇ ਸਾਂਝੀ ਪ੍ਰੈਸ ਕਾਨਫਰੰਸ ਕਰ ਆਪਣੇ ਬਿਆਨ ਦਰਜ ਕਰਵਾਏ। ਜਿਸ 'ਚ ਕਥਿਤ ਪ੍ਰੇਮਿਕਾ ਨੇ ਕਿਹਾ ਕਿ ਉਨ੍ਹਾਂ ਦਾ ਆਪਸ 'ਚ ਭਰਾ-ਭੈਣ ਵਰਗਾ ਰਿਸਤਾ ਹੈ। ਉਹਨਾਂ ਵਿਚ ਅਜਿਹਾ ਕੁਝ ਨਹੀਂ ਜੋ ਸਰਕਾਰੀ ਅਧਿਆਪਕ ਦੇ ਦੋਸ਼ ਲਗਾਏ ਹਨ। ਇੱਕ ਸਰਕਾਰੀ ਅਧਿਆਪਕ ਦੀ ਅਜਿਹੀ ਹਰਕਤ ਸਾਹਮਣੇ ਆਉਣ ਤੋਂ





ਬਾਅਦ ਕੁਲੈਕਟਰ ਅਤੇ ਡੀਈਓ ਤੋਂ ਅਧਿਆਪਕ ਖਿ?ਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਜਿਸ ਨਾਲ ਸਮਾਜ ਵਿੱਚ ਚੰਗਾ ਸੁਨੇਹਾ ਜਾਵੇ। ਦੱਸ ਦੇਈਏ ਕਿ ਇਹ ਅਧਿਆਪਕ ਬੜੈਚ ਸਕੂਲ ਵਿੱਚ ਤਾਇਨਾਤ ਹੈ, ਜਿੱਥੇ ਇਸ ਅਧਿਆਪਕ ਨੇ ਪ੍ਰਸਾਸਨ ਦੇ ਨਿਯਮਾਂ ਦੀ ਅਣਦੇਖੀ ਕਰਕੇ ਆਪਣਾ ਅਕਸ ਖਰਾਬ ਕੀਤਾ ਹੈ। ਅਜਿਹਾ ਕਰਕੇ ਉਹ ਹੁਣ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੇ ਯੋਗ ਨਹੀਂ ਹੈ। ਪਤਨੀ ਨੇ ਪਤੀ ਅਤੇ ਉਸ ਦੀ ਪ੍ਰੇਮਿਕਾ ਨੂੰ ਹਾਈਵੇ 'ਤੇ ਸਕੂਟਰ 'ਤੇ ਘੁੰਮਦੇ ਹੋਏ ਫੜ ਲਿਆ। ਇਹ ਦੇਖ ਕੇ ਪਤਨੀ ਗੁੱਸੇ 'ਚ ਆ ਗਈ ਅਤੇ ਉਹਨਾਂ ਨੂੰ ਸਕੂਟਰ ਤੋਂ ਹੇਠਾਂ ਸੁੱਟ ਦਿੱਤਾ। ਇਸ ਦੌਰਾਨ ਪ੍ਰੇਮਿਕਾ ਨੇ ਮੂੰਹ 'ਤੇ ਚੁੰਨੀ ਅਤੇ ਅੱਖਾਂ 'ਤੇ ਚਸਮਾ ਲਗਾ ਰੱਖਿਆ ਸੀ, ਜਿਸ ਨੂੰ ਪਤਨੀ ਉਤਾਰਨ ਦੀ ਕੋਸ਼ਿਸ਼ ਕਰਦੀ ਹੋਈ ਗਾਲ੍ਹਾਂ ਕੱਢ ਰਹੀ ਸੀ। ਇਸ ਦੌਰਾਨ ਪਤੀ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈ ਰਿਹਾ ਸੀ ਕਿ ਉਹ ਵੀਡੀਓ ਬਣਾਵੇ ਚਾਹੇ ਹੋਰ ਕੁਝ ਕਰੇ। ਵਿਅਕਤੀ ਦੀ ਪਤਨੀ ਪ੍ਰੇਮਿਕਾ ਨੂੰ ਗਾਲ੍ਹਾਂ ਕੱਢਦੀ ਹੋਈ ਪੁੱਛ ਰਹੀ ਸੀ ਕਿ ਉਹ ਉਸ ਦੇ ਪਤੀ ਨਾਲ ਕਿੱਥੇ ਜਾ ਰਹੀ ਹੈ। ਪ੍ਰੇਮਿਕਾ ਨੇ ਵੀ ਪ੍ਰੇਮੀ ਦੀ ਪਤਨੀ ਨੂੰ ਕਰਾਰਾ ਜਵਾਬ ਦਿੰਦੇ ਕਿਹਾ ਤੂੰ ਕੀ ਲੈਣਾ, ਅਸੀਂ ਜਿੱਥੇ ਮਰਜੀ ਜਾਈਏ। ਇਸ ਦੌਰਾਨ ਪਤਨੀ ਆਪਣੇ ਬੱਚੇ ਨੂੰ ਵੀ ਨਾਲ ਲੈ ਕੇ ਆਈ ਸੀ।

## ਦੀਨਾਨਗਰ ਵਿਖੇ ਪੰਚਾਇਤੀ ਚੋਣਾਂ ਦੀ ਨਾਮਜਦਗੀ ਦੇ ਆਖਰੀ ਪੜਾਅ 'ਤੇ ਦਿਸਿਆ ਮੇਲੇ ਵਰਗਾ ਮਾਹੌਲ

ਦੀਨਾਨਗਰ 18 ਜਨਵਰੀ। ਪੰਚਾਇਤੀ ਚੋਣਾਂ ਦੇ ਐਲਾਨ ਤੋਂ ਬਾਅਦ ਜਿੱਥੇ ਪੂਰੀ ਤਰ੍ਹਾਂ ਨਾਲ ਸਿਆਸੀ ਅਖਾੜਾ ਭੱਖਦਾ ਨਜਰ ਆ ਰਿਹਾ ਉੱਥੇ ਅੱਜ ਅਖੀਰਲੇ ਦਿਨ ਨਾਮਜਦਗੀ ਨੂੰ ਲੈ ਕੇ ਜਿੱਥੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ। ਉਥੇ ਅੱਜ ਵਿਧਾਨ ਸਭਾ ਖੇਤਰ ਦੀਨਾਨਗਰ ਚ ਅੱਜ ਨਾਮਜਦਗੀ ਦੇ ਆਖਰੀ ਦੌਰ ਦੌਰਾਨ ਦੀਨਾਨਗਰ 'ਚ ਮੇਲੇ ਵਰਗਾ ਮਾਹੌਲ ਵੇਖਣ ਨੂੰ ਪਾਇਆ ਗਿਆ। ਉਥੇ ਚੋਣ ਕਮਿਸਨ ਦੇ ਦਿਸਾ ਨਿਰਦੇਸਾਂ ਤਹਿਤ ਪੁਲਸ ਪ੍ਰਸਾਸਨ ਅਤੇ ਸਿਵਲ ਪ੍ਰਸਾਸਨ ਵੱਲੋਂ ਪੂਰੇ ਪੁਖਤਾ ਪ੍ਰਬੰਧ ਵੀ ਨਜਰ ਆਏ। ਇਸ ਸਬੰਧੀ ਏ. ਐੱਸ. ਪੀ. (ਆਈ. ਪੀ. ਐੱਸ. ) ਦਿਲਪ੍ਰੀਤ ਸਿੰਘ ਅਤੇ ਬੀ. ਡੀ. ਪੀ. ਓ. ਦੀਨਾਨਗਰ ਨੇ ਦੱਸਿਆ ਕਿ ਨਾਮਜਦਗੀ ਦਾ ਅੱਜ ਆਖਰੀ ਦਿਨ ਸੀ, ਜੋ ਸਾਂਤੀਪੂਰਵਕ ਨੇਪਰੇ ਚੜ੍ਹਿਆ ਹੈ।

# ਰਿਸ਼ਤੇ ਹੋਏ ਤਾਰ-ਤਾਰ, ਭਰਾ ਨੇ ਭਰਾ-ਭਰਜਾਈ 'ਤੇ ਅੰਨ੍ਹੇਵਾਹ ਕੀਤੀ ਫਾਇਰਿੰਗ

ਬਟਾਲਾ 18 ਜਨਵਰੀ। ਇਕ ਭਰਾ ਵੱਲੋਂ ਆਪਣੇ ਹੀ ਸਕੇ ਭਰਾ-ਭਰਜਾਈ 'ਤੇ ਅੰਨ੍ਹੇਵਾਹ ਫਾਇਰਿੰਗ ਕਰਨ ਦੇ ਕਥਿਤ ਦੋਸ਼ ਹੇਠ ਥਾਣਾ ਕਾਦੀਆਂ ਦੀ ਪੁਲਸ ਨੇ ਭਰਾ ਸਮੇਤ 2 ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਏ. ਐੱਸ. ਆਈ. ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਨਿਸ਼ਾਨ ਸਿੰਘ ਪੁੱਤਰ ਰਵਿੰਦਰ ਸਿੰਘ ਵਾਸੀ ਲੀਲ ਕਲਾਂ ਨੇ ਲਿਖਵਾਇਆ ਕਿ ਬੀਤੀ 9 ਜੂਨ ਨੂੰ ਦੁਪਹਿਰ ਸਾਢੇ ਤਿੰਨ ਵਜੇ ਉਹ ਆਪਣੀ ਪਤਨੀ ਅਮਨਦੀਪ ਕੌਰ ਅਤੇ ਮੁੰਡੇ ਹਰਮਨਦੀਪ ਸਿੰਘ ਨਾਲ ਕਿਸੇ ਪ੍ਰੋਗਰਾਮ ਤੋਂ ਵਾਪਸ ਆਪਣੇ ਘਰ ਪਹੁੰਚਿਆ ਤਾਂ ਅੰਦਰ ਦਾਖਲ ਹੋਇਆ ਅਤੇ ਦੇਖਿਆ ਕਿ ਉਸਦਾ ਭਰਾ ਸੁਰਜੀਤ ਸਿੰਘ ਅਤੇ ਮਾਮਾ ਹਰਪ੍ਰੀਤ ਸਿੰਘ ਵਾਸੀ ਮੁਹੱਲਾ ਰਾਮ ਨਗਰ ਬਟਾਲਾ ਉਸਦੇ ਪਿਤਾ ਨੂੰ ਡੰਡੇ ਨਾਲ ਕੁੱਟਮਾਰ ਰਹੇ ਸਨ, ਉਕਤ ਭਰਾ ਨੇ ਜਦੋਂ ਆਪਣੇ ਭਰਾ ਅਤੇ ਭਰਜਾਈ ਵੇਖਿਆ ਤਾਂ ਆਪਣੀ ਡੱਬ 'ਚੋਂ ਲਾਇਸੈਂਸੀ ਰਿਵਾਲਵਰ ਕੱਢ ਕੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਅੰਨ੍ਹੇਵਾਹ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਜਿਸ



ਦੌਰਾਨ ਜਿਥੇ ਉਹ ਗੰਭੀਰ ਜ਼ਖਮੀ ਹੋ ਗਿਆ, ਉਥੇ ਉਸਦੀ ਪਤਨੀ ਅਮਨਦੀਪ ਕੌਰ ਦੇ ਪੇਟ 'ਤੇ ਵੀ ਗੋਲੀ ਲੱਗ ਗਈ ਤੇ ਉਹ ਗੰਭੀਰ ਜ਼ਖਮੀ ਹੋ ਗਈ। ਬਿਆਨਕਰਤਾ ਨਿਸ਼ਾਨ ਸਿੰਘ ਨੇ ਆਪਣੇ ਬਿਆਨ ਵਿਚ ਪੁਲਸ ਨੂੰ ਲਿਖਵਾਇਆ ਕਿ ਉਸਦੇ ਉਕਤ ਭਰਾ ਨੇ ਰਜ?ਿਸ 'ਚ ਅਜਿਹਾ ਕੀਤਾ ਹੈ, ਕਿਉਂਕਿ ਉਹ ਜ਼ਬਰਦਸਤੀ ਸਾਡੇ ਕੋਲੋਂ ਜਾਇਦਾਦ ਦਾ ਹਿੱਸਾ ਮੰਗਦਾ ਹੈ ਅਤੇ ਇਸੇ ਤੈਸ਼ ਵਿਚ ਆ ਕੇ ਸੁਰਜੀਤ ਸਿੰਘ ਨੇ ਆਪਣੇ ਲਾਇਸੈਂਸੀ ਅਸਲੇ ਨਾਲ ਅੰਧਾ-ਧੁੰਦ ਫਾਇਰਿੰਗ ਕੀਤੀ ਅਤੇ ਰੌਲਾ ਪਾਉਂਦਿਆਂ ਉਸਦਾ ਉਕਤ ਭਰਾ ਤੇ ਉਕਤ ਮਾਮਾ ਮੌਕੇ ਤੋਂ ਫਰਾਰ ਹੋ ਗਏ। ਜਦਕਿ ਉਹ ਤੇ ਉਸਦੀ ਪਤਨੀ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਏ. ਐੱਸ. ਆਈ. ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਬਿਆਨਕਰਤਾ ਦੇ ਬਿਆਨ 'ਤੇ ਇਸਦੇ ਭਰਾ ਅਤੇ ਮਾਮੇ ਵਿਰੁੱਧ ਬਣਦੀਆਂ ਧਾਰਾਵਾਂ ਹੇਠ ਥਾਣਾ ਕਾਦੀਆਂ ਵਿਖੇ ਕੇਸ ਦਰਜ ਕਰ ਦਿੱਤਾ ਗਿਆ ਹੈ।

## ਜਾਅਲੀ ਰਜਿਸਟਰੀਆਂ ਕਰਵਾ ਕੇ ਬੈਂਕ ਤੋਂ ਲੋਨ ਲੈਣ ਵਾਲੇ ਗਿਰੋਹ ਦਾ ਭੱਜਿਆ ਭਾਂਡਾ

ਲੁਧਿਆਣਾ 18 ਜਨਵਰੀ। ਸਬ ਰਜਿਸਟਰਾਰ (ਸੈਂਟਰਲ) ਵਿਚ ਫਰਜੀ ਮਾਲਕ ਤੇ ਗਵਾਹ ਖੜ੍ਹੇ ਕਰ ਕੇ ਜਾਅਲੀ ਰਜਿਸਟਰੀਆਂ ਕਰਵਾਉਣ ਵਾਲੇ ਗਿਰੋਹ ਦਾ ਖੁਲਾਸਾ ਹੋਇਆ ਹੈ। ਤਹਿਸੀਲਦਾਰ ਨਵਦੀਪ ਸਿੰਘ ਸ਼ੇਰਗਿੱਲ ਦੀ ਸ਼ਿਕਾਇਤ ਤੋਂ ਬਾਅਦ ਪੁਲਸ ਨੇ ਇਸ ਦੀ ਜਾਂਚ ਕੀਤੀ ਅਤੇ ਵੱਡਾ ਨੈਕਸਸ ਤੋੜਿਆ ਹੈ। ਇਨ੍ਹਾਂ ਜਾਅਲੀ ਰਜਿਸਟ੍ਰੀਆਂ ਨੂੰ ਬੈਂਕ ਵਿਚ ਰੱਖ ਕੇ ਲੱਖਾਂ ਰੁਪਏ ਦਾ ਲੋਨ ਲੈ ਲੈਂਦੇ ਸਨ। ਇਸ ਸਬੰਧੀ ਥਾਣਾ ਸਦਰ ਦੀ ਪੁਲਸ ਨੇ ਮੁੱਖ ਮੁਲਜਮ ਗੁਰਜੀਤ ਰਾਏ ਦੇ ਨਾਲ-ਨਾਲ ਸਪਨਾ ਢੀਂਗਰਾ, ਗੁਰਸੇਵਕ ਸਿੰਘ, ਸੰਤੋਸ਼ ਕੌਰ, ਮਨਪ੍ਰੀਤ ਸਿੰਘ ਉਰਫ ਸੋਨੂੰ, ਮਹਿੰਦਰ ਸਿੰਘ ਭੰਗੂ, ਵਰਿੰਦਰ ਸਿੰਘ ਸੁਪਰੀਆ, ਪੰਜਾਬ ਐਂਡ ਸਿੰਧ ਬੈਂਕ ਸਿਵਲ ਲਾਈਨ ਦੇ ਮੈਨੇਜਰ ਪ੍ਰਭਜੀਤ ਸਿੰਘ ਚਾਵਲਾ, ਅਜੇ ਕੁਮਾਰ ਢੀਂਗਰਾ, ਮਨਸਾ ਰਾਮ ਤੇ ਅਣਪਛਾਤੇ 'ਤੇ ਧੋਖਾਧੜੀ, ਜਾਅਲੀ ਸਰਕਾਰੀ ਦਸਤਾਵੇਜ ਬਣਾਉਣ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

# ਨਵੀਂ ਕਾਰ ਦਾ ਇੰਜਣ ਬਦਲਣ ਤੋਂ ਬਾਅਦ ਵੀ ਨਹੀਂ ਹੋਇਆ ਹੱਲ, 30 ਹਜ਼ਾਰ ਹਰਜਾਨਾ

ਚੰਡੀਗੜ੍ਹ 18 ਜਨਵਰੀ। ਆਪਣੀ ਨਵੀਂ ਗੱਡੀ 'ਚ ਲਗਾਤਾਰ ਆ ਰਹੀਆਂ ਸਮੱਸਿਆਵਾਂ ਤੋਂ ਪਰੇਸ਼ਾਨ ਇਕ ਗਾਹਕ ਦੀ ਸ਼ਿਕਾਇਤ 'ਤੇ ਜ਼ਿ?ਲ੍ਹਾ ਖਪਤਕਾਰ ਕਮਿਸ਼ਨ ਨੇ ਟਾਟਾ ਮੋਟਰਜ਼ ਨੂੰ ਲਾਪਰਵਾਹੀ ਵਰਤਣ ਦਾ ਦੋਸ਼ੀ ਠਹਿਰਾਉਂਦਿਆਂ 30 ਹਜਾਰ ਰੁਪਏ ਦਾ ਹਰਜਾਨਾ ਲਾਇਆ ਹੈ। ਸੈਕਟਰ-48 ਦੇ ਰਹਿਣ ਵਾਲੇ ਦੁਰਗੇਸ਼ ਕੁਮਾਰ ਝਾਅ ਨੇ ਕਰੀਬ 2 ਸਾਲ ਪਹਿਲਾਂ 8.96 ਲੱਖ ਰੁਪਏ ਦੀ ਟਾਟਾ ਮੋਟਰਜ਼ ਦੀ ਨੈਕਸਨ ਕਾਰ ਖਰੀਦੀ ਸੀ। ਕੁਝ ਸਮੇਂ ਬਾਅਦ ਇਗਨੀਸ਼ਨ ਬਾਕਸ ਤੋਂ ਇਲਾਵਾ ਹੋਰ ਸਮੱਸਿਆਵਾਂ ਦਿਖਾਈ ਦੇਣੀਆਂ ਸ਼ੁਰੂ ਹੋ ਗਈਆਂ। ਗਾਹਕ ਦੇ ਅਨੁਸਾਰ ਸਰਵਿਸ ਸੈਂਟਰ ਦੇ ਸਟਾਫ ਨੇ ਦੱਸਿਆ ਸੀ ਕਿ ਗੱਡੀ ਦੇ ਇੰਜਣ 'ਚ ਖ਼ਰਾਬੀ ਹੈ ਤੇ ਇਸ ਨੂੰ ਬਦਲਣਾ ਪਵੇਗਾ। ਸਰਵਿਸ ਸੈਂਟਰ ਨੇ ਭਰੋਸਾ ਦਿੱਤਾ ਕਿ ਇੰਜਣ ਬਦਲਣ ਤੋਂ ਬਾਅਦ ਕੋਈ ਸਮੱਸਿਆ ਨਹੀਂ ਆਵੇਗੀ। ਉਸ ਨੂੰ ਮਜਬੂਰੀ 'ਚ ਨਵੀਂ ਕਾਰ ਦਾ ਇੰਜਣ ਬਦਲਾਉਣਾ ਪਿਆ ਪਰ ਕਾਰ 'ਚ ਹੋਰ ਮੁਸ਼ਕਲ ਆਉਣ ਲੱਗੀ। ਇਸ ਤੋਂ ਪਰੇਸ਼ਾਨ ਹੋ ਕੇ ਉਸ ਨੇ ਜ਼ਿ?ਲ੍ਹਾ ਖਪਤਕਾਰ ਝਗੜਾ ਨਿਵਾਰਨ ਕਮਿਸ਼ਨ 'ਚ ਸ਼ਿਕਾਇਤ ਦਰਜ ਕਰਵਾਈ ਸੀ। ਇਸ ਦੇ




ਨਾਲ ਹੀ ਕਮਿਸ਼ਨ 'ਚ ਦਾਇਰ ਲਿਖਤੀ ਜਵਾਬ 'ਚ ਕੰਪਨੀ ਨੇ ਕਿਹਾ ਕਿ ਕਾਰ 'ਚ ਕੋਈ ਖਰਾਬੀ ਨਹੀਂ ਹੈ। ਸ਼ਿਕਾਇਤਕਰਤਾ ਨੇ ਸੈਂਟਰਲ ਲਾਕ ਤੇ ਮਿਊਜ਼ਿਕ ਸਿਸਟਮ ਵਰਗੀਆਂ ਮਾਮੂਲੀ ਸਮੱਸਿਆਵਾਂ ਦੱਸੀਆਂ ਸਨ, ਜਿਨ੍ਹਾਂ ਨੂੰ ਠੀਕ ਕਰ ਦਿੱਤਾ ਗਿਆ ਸੀ। ਇਸ ਲਈ ਕੰਪਨੀ ਖ਼ਿਲਾਫ਼ ਦਰਜ ਕੀਤੀ ਗਈ ਸ਼ਿਕਾਇਤ ਨੂੰ ਖਾਰਜ ਕੀਤਾ ਜਾਵੇ। ਦੋਵੇਂ ਧਿਰਾਂ ਨੂੰ ਸੁਣਨ ਤੋਂ ਬਾਅਦ ਕਮਿਸ਼ਨ ਨੇ ਕਿਹਾ ਕਿ ਕੰਪਨੀ ਦੀ ਲਾਪਰਵਾਹੀ ਕਾਰਨ ਗਾਹਕ ਨੂੰ ਕਾਰ ਦੀ ਮੁਰੰਮਤ ਕਰਵਾਉਣ ਲਈ ਵਰਕਸ਼ਾਪ ਦੇ ਕਈ ਗੇੜੇ ਲਾਉਣੇ ਪਏ। ਇਸ ਲਈ ਕਮਿਸ਼ਨ ਨੇ ਕੰਪਨੀ 'ਤੇ 30 ਹਜ਼ਾਰ ਰੁਪਏ ਦਾ ਹਰਜਾਨਾ ਲਾਇਆ।

ਮੋਟਰਜ਼ ਦੀ ਨੈਕਸਨ ਕਾਰ ਖਰੀਦੀ ਸੀ। ਕੁਝ ਸਮੇਂ ਬਾਅਦ ਇਗਨੀਸ਼ਨ ਬਾਕਸ ਤੋਂ ਇਲਾਵਾ ਹੋਰ ਸਮੱਸਿਆਵਾਂ ਦਿਖਾਈ ਦੇਣੀਆਂ ਸ਼ੁਰੂ ਹੋ ਗਈਆਂ। ਗਾਹਕ ਦੇ ਅਨੁਸਾਰ ਸਰਵਿਸ ਸੈਂਟਰ ਦੇ ਸਟਾਫ ਨੇ ਦੱਸਿਆ ਸੀ

# ਮਾਂ ਦਾ ਕਤਲ ਕਰ ਲਾਸ਼ ਦੇ ਕੀਤੇ ਟੁਕੜੇ, ਫਿਰ ਕੜਾਹੀ 'ਚ ਤਲ ਕੇ ਖਾ ਗਿਆ ਪੁੱਤ

ਮੁੰਬਈ 18 ਜਨਵਰੀ। ਬੰਬਈ ਹਾਈ ਕੋਰਟ ਨੇ ਮੰਗਲਵਾਰ ਨੂੰ ਕੋਲਹਾਪੁਰ ਦੀ ਇਕ ਅਦਾਲਤ ਵਲੋਂ ਸਾਲ 2017 ਵਿਚ ਆਪਣੀ ਮਾਂ ਦਾ ਕਤਲ ਕਰਨ ਅਤੇ ਉਸ ਦੇ ਸਰੀਰ ਦੇ ਕੁਝ ਅੰਗਾਂ ਨੂੰ ਕਥਿਤ ਤੌਰ 'ਤੇ ਖਾਣ ਦੇ ਮਾਮਲੇ ਵਿਚ ਦੋਸੀ ਨੂੰ ਸੁਣਾਈ ਗਈ ਮੌਤ ਦੀ ਸਜਾ ਦੀ ਪੁਸਟੀ ਕਰਦੇ ਹੋਏ, ਉਸ ਨੂੰ ਆਦਮਖੋਰ ਕਿਹਾ। ਜਸਟਿਸ ਰੇਵਤੀ ਮੋਹਿਤੇ ਡੇਰੇ ਅਤੇ ਪ੍ਰਿਥਵੀਰਾਜ ਚੌਹਾਨ ਦੀ ਡਿਵੀਜਨ ਬੈਂਚ ਨੇ ਕਿਹਾ ਕਿ ਇਹ ਦੋਸੀ ਸੁਨੀਲ ਕੁਚਕੋਰਵੀ ਦੀ ਮੌਤ ਦੀ ਸਜਾ ਦੀ ਪੁਸਟੀ ਕਰਦਾ ਹੈ। ਬੈਂਚ ਅਨੁਸਾਰ ਦੋਸੀ ਲਈ ਸੁਧਾਰ ਦੀ ਕੋਈ ਸੰਭਾਵਨਾ ਨਹੀਂ ਹੈ। ਹਾਈਕੋਰਟ ਨੇ ਕਿਹਾ,"ਇਹ ਮਾਮਲਾ ਦੁਰਲੱਭ ਸ੍ਰੇਣੀ 'ਚ ਆਉਂਦਾ ਹੈ। ਦੋਸੀ ਨੇ ਨਾ ਸਿਰਫ ਆਪਣੀ ਮਾਂ ਦਾ ਕਤਲ ਕੀਤਾ, ਸਗੋਂ ਉਸ ਨੇ ਉਸ ਦੇ ਸਰੀਰ ਦੇ ਅੰਗਾਂ- ਦਿਮਾਗ, ਦਿਲ, ਜਿਗਰ, ਗੁਰਦੇ, ਅੰਤੜੀ ਨੂੰ ਵੀ ਕੱਢ ਲਿਆ ਅਤੇ ਉਨ੍ਹਾਂ ਨੂੰ ਇਕ ਬਰਤਨ ਵਿਚ ਪਕਾ ਰਿਹਾ ਸੀ।" ਬੈਂਚ ਨੇ ਕਿਹਾ,"ਉਸ ਨੇ ਉਸ ਦੀਆਂ ਪਸਲੀਆਂ ਵੀ ਪਕਾਈਆਂ ਸਨ ਅਤੇ ਉਸ ਦਾ ਦਿਲ ਵੀ ਪਕਾਉਣ ਵਾਲਾ ਸੀ। ਇਹ ਆਦਮਖੋਰ (ਨਰਭਕਸ਼ਣ) ਮਾਮਲਾ ਹੈ।" ਹਾਈ ਕੋਰਟ ਨੇ ਕਿਹਾ ਕਿ ਦੋਸੀ ਦੇ ਸੁਧਾਰ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਉਸ ਵਿਚ



ਆਦਮਖੋਰ ਦਾ ਰੁਝਾਨ ਹੈ। ਬੈਂਚ ਨੇ ਕਿਹਾ,"ਜੇਕਰ ਉਸ ਨੂੰ ਉਮਰ ਕੈਦ ਦੀ ਸਜਾ ਦਿੱਤੀ ਜਾਂਦੀ ਹੈ ਤਾਂ ਉਹ ਜੇਲ੍ਹ 'ਚ ਵੀ ਇਸੇ ਤਰ੍ਹਾਂ ਦਾ ਅਪਰਾਧ ਕਰ ਸਕਦਾ ਹੈ।" ਕੁਚਕੋਰਵੀ ਨੂੰ ਵੀਡੀਓ ਕਾਨਫਰੰਸ ਰਾਹੀਂ ਫੈਸਲੇ ਦੀ ਜਾਣਕਾਰੀ ਦਿੱਤੀ ਗਈ। ਇਸਤਗਾਸਾ ਪੱਖ ਅਨੁਸਾਰ, ਸੁਨੀਲ ਕੁਚਕੋਰਵੀ ਨੇ 28 ਅਗਸਤ 2017 ਨੂੰ ਕੋਲਹਾਪੁਰ ਸ਼ਹਿਰ 'ਚ ਆਪਣੇ ਘਰ 'ਚ 63 ਸਾਲਾ ਮਾਂ ਯਲੱਮਾ ਰਮਾ ਕੁਚਕੋਰਵੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਬਾਅਦ ਉਸ ਨੇ ਲਾਸ਼ ਦੇ ਟੁਕੜੇ ਕੀਤੇ ਅਕੇ ਕੁਝ ਅੰਗਾਂ ਨੂੰ ਕਹਾੜੀ 'ਚ ਤਲ ਕੇ ਖਾ ਲਿਆ। ਇਸਤਗਾਸਾ ਪੱਖ ਨੇ ਦਾਅਵਾ ਕੀਤਾ ਕਿ ਦੋਸ਼ੀ ਦੀ ਮਾਂ ਨੇ ਉਸ ਨੂੰ ਸ਼ਰਾਬ ਖਰੀਦਣ ਲਈ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੁਨੀਲ ਕੁਚਕੋਰਵੀ ਨੂੰ 2021 'ਚ ਕੋਲਹਾਪੁਰ ਦੀ ਇਕ ਅਦਾਲਤ ਨੇ ਮੌਤ ਦੀ ਸਜਾ ਸੁਣਾਈ ਸੀ। ਉਹ ਯਰਵਦਾ ਜੇਲ੍ਹ (ਪੁਣੇ) 'ਚ ਬੰਦ ਹੈ। ਸੈਸ਼ਨ ਅਦਾਲਤ ਨੇ ਉਸ ਸਮੇਂ ਕਿਹਾ ਸੀ ਕਿ ਇਹ ਮਾਮਲਾ ਦੁਰਲੱਭ ਸ਼੍ਰੇਣੀ 'ਚ ਆਉਂਦਾ ਹੈ ਅਤੇ ਇਸ ਭਿਆਨਕ ਕਤਲ ਨੇ ਸਮਾਜਿਕ ਚੇਤਨਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਦੋਸ਼ੀ ਨੇ ਆਪਣੀ ਦੋਸ਼ਸਿੱਧੀ ਅਤੇ ਮੌਤ ਦੀ ਸਜਾ ਨੂੰ ਚੁਣੌਤੀ ਦਿੰਦੇ ਹੋਏ ਅਪੀਲ ਦਾਇਰ ਕੀਤੀ ਸੀ।

## ਮਾਮੂਲੀ ਝਗੜੇ ਪਿੱਛੋਂ ਸਿਲੰਡਰ ਡਿਲੀਵਰੀ ਬੁਆਏ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ

ਲੁਧਿਆਣਾ 18 ਜਨਵਰੀ। ਈ.ਡਬਲਯੂ.ਐੱਸ. ਕਾਲੋਨੀ 'ਚ ਮਾਮੂਲੀ ਗੱਲ ਕਰਕੇ ਕੁਝ ਲੋਕਾਂ ਨੇ ਗੈਸ ਸਿਲੰਡਰ ਡਿਲੀਵਰ ਕਰਨ ਆਏ ਨੌਜਵਾਨ ਨਾਲ ਕੁੱਟਮਾਰ ਕੀਤੀ। ਇਸ ਮਾਮਲੇ 'ਚ ਥਾਣਾ ਡਵੀਜ਼ਨ ਨੰ. 7 ਦੀ ਪੁਲਸ ਨੇ ਸ਼ਮਸ਼ੇਰ ਅੰਸਾਰੀ ਦੀ ਸ਼ਿਕਾਇਤ 'ਤੇ ਨਸੀਮ ਅੰਸਾਰੀ, ਅਫਤਾਬ ਅੰਸਾਰੀ, ਕਮਲੁਦੀਨ ਅੰਸਾਰੀ, ਮਹਿੰਦਰ, ਬਿੱਟੂ ਅਤੇ ਉਨ੍ਹਾਂ ਦੇ 5 ਅਣਪਛਾਤੇ ਸਾਥੀਆਂ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਸ਼ਿਕਾਇਤ 'ਚ ਸ਼ਮਸ਼ੇਰ ਅੰਸਾਰੀ ਨੇ ਦੱਸਿਆ ਕਿ ਉਹ ਅਵਤਾਰ ਗੈਸ ਏਜੰਸੀ 'ਚ ਬਤੌਰ ਸੇਲਜ਼ ਮੈਨੇਜਰ ਹੈ। ਉਸ ਨੂੰ ਡਲਿਵਰੀ ਬੁਆਏ ਉਮੇਸ਼ ਚੌਧਰੀ ਦੀ ਕਾਲ ਆਈ ਸੀ ਕਿ ਉਸ ਦੇ ਨਾਲ ਮੁਹੱਲੇ ਦੇ ਲੋਕ ਝਗੜਾ ਕਰ ਰਹੇ ਹਨ। ਉਹ ਕੰਪਨੀ ਦੇ ਸਕਿਓਰਟੀ ਗਾਰਡ ਨੂੰ ਲੈ ਕੇ ਤੁਰੰਤ ਮੌਕੇ 'ਤੇ ਪੁੱਜ ਗਿਆ, ਜਿਥੇ ਉਸ ਨੇ ਦੇਖਿਆ ਕਿ ਉਕਤ ਮੁਲਜ਼ਮ ਉਮੇਸ਼ ਨਾਲ ਕੁੱਟਮਾਰ ਕਰ ਰਹੇ ਸਨ ਅਤੇ ਕੰਪਨੀ ਦੇ ਸਿਲੰਡਰ ਲੋਡਿਡ ਆਟੋ ਦੀ ਵੀ ਭੰਨਤੋੜ ਕੀਤੀ। ਜਦੋਂ ਉਨ੍ਹਾਂ ਨੇ ਛੁਡਾਉਣ ਦਾ ਯਤਨ ਕੀਤਾ ਤਾਂ ਮੁਲਜ਼ਮਾਂ ਨੇ ਉਨ੍ਹਾਂ ਨਾਲ ਵੀ ਕੁੱਟਮਾਰ ਕੀਤੀ ਅਤੇ ਧਮਕਾਉਂਦੇ ਹੋਏ ਫਰਾਰ ਹੋ ਗਏ। ਜ਼ਖਮੀ ਉਮੇਸ਼ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਉਸ ਦੀ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਪ੍ਰਾਈਵੇਟ ਹਸਪਤਾਲ 'ਚ ਰੈਫਰ ਕੀਤਾ ਗਿਆ ਹੈ। ਉਮੇਸ਼ ਦੇ ਭਰਾ ਨੇ ਦੱਸਿਆ ਕਿ ਉਸ ਦੇ ਭਰਾ ਦੇ ਸਿਰ 'ਤੇ ਡੂੰਘੀ ਸੱਟ ਲੱਗੀ ਹੈ। ਇਸ ਲਈ ਉਹ ਕੋਮਾ 'ਚ ਚਲਾ ਗਿਆ ਹੈ।

## ਬੀਮਾਰੀ ਤੋਂ ਤੰਗ ਆ ਕੇ ਔਰਤ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ

ਲੁਧਿਆਣਾ 18 ਜਨਵਰੀ। ਸ਼ਿਮਲਾਪੁਰੀ ਇਲਾਕੇ 'ਚ ਐਤਵਾਰ ਨੂੰ ਦੇਰ ਰਾਤ ਇਕ ਔਰਤ ਨੇ ਪੱਖੇ ਦਾ ਨਾਲ ਫਾਹਾ ਲੈ ਕੇ ਆਪਣੀ ਜਾਨ ਦੇ ਦਿੱਤੀ। ਹਾਦਸੇ ਮੌਕੇ ਮਹਿਲਾ ਦਾ ਪਰਿਵਾਰ ਸੌਂ ਰਿਹਾ ਸੀ, ਜਦੋਂ ਪਰਿਵਾਰ ਦੇ ਲੋਕਾਂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੇ ਔਰਤ ਨੂੰ ਦੀਪ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪਤਾ ਲਗਦੇ ਹੀ ਥਾਣਾ ਸ਼ਿਮਲਾਪੁਰੀ ਦੀ ਪੁਲਸ ਮੌਕੇ ਵੀ ਮੌਕੇ 'ਤੇ ਪੁੱਜ ਗਈ। ਪੁਲਸ ਨੇ ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਲਾਸ਼ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਮਰਨ ਵਾਲੀ ਮਹਿਲਾ ਦੀ ਪਛਾਣ ਜਸਪ੍ਰੀਤ ਕੌਰ 36 ਸਾਲਾਂ ਵਜੋਂ ਕੀਤੀ ਗਈ ਹੈ। ਪੁਲਸ ਅਨੁਸਾਰ ਪਰਿਵਾਰ ਦੇ ਲੋਕਾਂ ਨੇ ਦੱਸਿਆ ਕਿ ਮਹਿਲਾ ਦੇ ਪਤੀ ਸਰਬਜੀਤ ਸਿੰਘ ਦੀ ਨੱਟ ਬੋਲਟ ਦੀ ਫੈਕਟਰੀ ਹੈ। ਉਸ ਦੀਆਂ 18 ਅਤੇ 11 ਸਾਲ ਦੀਆਂ 2 ਲੜਕੀਆਂ ਹਨ। ਮਹਿਲਾ ਦੇ ਦਿਮਾਗ 'ਚ ਟਿਊਮਰ ਸੀ, ਜਿਸ ਕਾਰਨ ਉਹ ਪਿਛਲੇ ਕਾਫੀ ਸਮੇਂ ਤੋਂ ਪ੍ਰੇਸ਼ਾਨ ਸੀ। ਉਸ ਦੇ ਪਤੀ ਨੇ ਦੱਸਿਆ ਕਿ ਉਹ ਐਤਵਾਰ ਦੀ ਰਾਤ ਆਪਣੀ ਕੁੜੀ ਨਾਲ ਸੌਂ ਰਹੀ ਸੀ। ਅੱਧੀ ਰਾਤ ਤੋਂ ਬਾਅਦ ਬੇਟੀ ਨੇ ਦੇਖਿਆ ਕਿ ਉਸ ਦੀ ਮਾਂ ਆਪਣੇ ਬਿਸਤਰੇ 'ਤੇ ਨਹੀਂ ਹੈ, ਜਿਸ 'ਤੇ ਉਸ ਨੇ ਆਪਣੇ ਪਿਤਾ ਨੂੰ ਆਵਾਜ ਲਗਾਈ। ਉਸ ਦੇ ਪਤੀ ਨੇ ਦੂਜੇ ਕਮਰੇ 'ਚ ਜਾ ਕੇ ਦੇਖਿਆ ਤਾਂ ਉਸ ਦੀ ਲਾਸ਼ ਪੱਖੇ ਦੇ ਸਹਾਰੇ ਲਟਕ ਰਹੀ ਸੀ। ਜਾਂਚ ਤੋਂ ਬਾਅਦ ਪੁਲਸ ਨੇ ਮਹਿਲਾ ਦੇ ਪਤੀ ਸਰਬਜੀਤ ਸਿੰਘ ਅਤੇ ਬਾਪ ਰਾਜਿੰਦਰ ਸਿੰਘ ਦੇ ਬਿਆਨ 'ਤੇ ਕਾਰਵਾਈ ਕਰਦੇ ਹੋਏ ਪੋਸਟਮਾਰਟਮ ਤੋਂ ਬਾਅਦ ਲਾਸ਼ ਨੂੰ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ।

## ਸਵੇਰੇ-ਸਵੇਰੇ ਗੋਲੀਆਂ ਦੀ ਤਾੜ-ਤਾੜ ਨਾਲ ਕੰਬਿਆ ਇਹ ਪਿੰਡ

ਖਮਾਣੋ 18 ਜਨਵਰੀ। ਜ਼ਿ?ਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਜਟਾਣਾ ਉੱਚਾ ਵਿਖੇ ਅੱਜ ਸਵੇਰੇ ਸਾਡੇ ਸੱਤ ਵਜੇ ਦੇ ਕਰੀਬ ਤਿੰਨ ਮੋਟਰਸਾਈਕਲ ਸਵਾਰਾਂ ਨੇ ਪਵਿੱਤਰ ਸਿੰਘ ਨਾਮ ਦੇ ਵਿਅਕਤੀ ਦੇ ਘਰ 'ਤੇ ਅੰਨੇਵਾਹ ਫਾਇਰਿੰਗ ਕਰ ਦਿੱਤੀ। ਗਨੀਮਤ ਇਹ ਰਹੀ ਕਿ ਇਸ ਗੋਲੀਬਾਰੀ ਵਿਚ ਕੋਈ ਜਾਨੀ ਨੁਕਸਾਨ ਤਾਂ ਨਹੀਂ ਹੋਇਆ ਪ੍ਰੰਤੂ ਗੋਲੀਆਂ ਨਾਲ ਘਰ ਦਾ ਗੇਟ ਛਲਣੀ ਹੋ ਗਿਆ। ਹਮਲਾਵਰਾਂ ਦੇ ਹੌਸਲੇ ਇੰਨੇ ਬੁਲੰਦ ਸਨ ਕਿ ਘਰ ਦੀ ਰਸੋਈ ਤੱਕ ਗੋਲੀਆਂ ਚਲਾਉਂਦੇ ਪਹੁੰਚ ਗਏ। ਪਰਿਵਾਰਿਕ ਮੈਂਬਰ ਅਨੁਸਾਰ ਹਮਲਾਵਰ ਜਾਂਦੇ ਹੋਏ ਘਰ ਦੇ ਗੇਟ ਮੂਹਰੇ ਇਕ ਮਠਿਆਈ ਦਾ ਡੱਬਾ ਵੀ ਰੱਖ ਗਏ।

## ਸਾਬਕਾ ਸਰਪੰਚ ਨਾਲ ਕੁੱਟਮਾਰ ਕਰਨ ਵਾਲੇ ਦੋਸ਼ੀਆਂ ਖਿਲਾਫ ਪਰਚਾ ਦਰਜ

ਫਿਰੋਜ਼ਪੁਰ 18 ਜਨਵਰੀ। ਪਿੰਡ ਝੋਕ ਹਰੀਹਰ ਦੇ ਸਾਬਕਾ ਸਰਪੰਚ ਬੇਅੰਤ ਸਿੰਘ ਦੇ ਨਾਲ ਕੁੱਟਮਾਰ ਕਰਨ ਅਤੇ ਉਸਦੀ ਪੱਗ ਲਾਹੁਣ ਵਾਲੇ 2 ਦੋਸ਼ੀਆਂ ਦੇ ਖ਼?ਲਾਫ ਪੁਲਸ ਨੇ ਜਾਂਚ ਉਪਰੰਤ ਪਰਚਾ ਦਰਜ ਕੀਤਾ ਹੈ। ਥਾਣਾ ਕੁੱਲਗੜ੍ਹੀ ਦੇ ਐੱਸ. ਆਈ. ਗੁਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਬੇਅੰਤ ਸਿੰਘ ਨੇ ਪਿਛਲੇ ਮਹੀਨੇ ਸ਼ਿਕਾਇਤ ਦਿੱਤੀ ਸੀ


**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਵਿਦਿਆਰਥੀਆਂ ਨੂੰ ਮੈਟਰੋ ਰੇਲਗੱਡੀਆਂ ਵਿੱਚ ਕਿਰਾਏ ’ਚ 50 ਫੀਸਦ ਛੋਟ ਦਿੱਤੀ ਜਾਵੇ: ਕੇਜਰੀਵਾਲ

**ਨਵੀਂ ਦਿੱਲੀ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਵਿਦਿਆਰਥੀਆਂ ਨੂੰ ਦਿੱਲੀ ਮੈਟਰੋ ਦੇ ਕਿਰਾਏ ਵਿੱਚ 50 ਫੀਸਦ ਛੋਟ ਦੇਣ ਦੀ ਮੰਗ ਕੀਤੀ ਹੈ। ਪਾਰਟੀ ਨੇ ਅੱਜ ਇਹ ਜਾਣਕਾਰੀ ਦਿੱਤੀ।

‘ਆਪ’ ਦਾ ਇਹ ਪੱਤਰ ਅਜਿਹੇ ਸਮੇਂ ਵਿੱਚ ਜਾਰੀ ਕੀਤਾ ਗਿਆ ਹੈ ਜਦੋਂ ਭਾਜਪਾ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਰਹੀ ਹੈ।

ਕੇਜਰੀਵਾਲ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਐਲਾਨ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ 5 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਮੁੜ ਤੋਂ ਜਿੱਤੇਗੀ ਤਾਂ ਵਿਦਿਆਰਥੀਆਂ ਨੂੰ ਬੱਸਾਂ ਵਿੱਚ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਜਾਵੇਗੀ। ‘ਆਪ’ ਸਰਕਾਰ ਪਹਿਲਾਂ ਤੋਂ ਹੀ ਸ਼ਹਿਰ ਵਿੱਚ ਔਰਤਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ ਦੇ ਰਹੀ ਹੈ।

ਕੇਜਰੀਵਾਲ ਨੇ ਕਿਹਾ, “ਦਿੱਲੀ ਵਿੱਚ ਔਰਤਾਂ ਪਹਿਲਾਂ ਤੋਂ ਹੀ ਮੁਫ਼ਤ ਬੱਸ ਸਫ਼ਰ ਦਾ ਲਾਭ ਲੈ ਰਹੀਆਂ ਹਨ। ਹੁਣ ਅਸੀਂ ਵਿਦਿਆਰਥੀਆਂ (ਮੁੰਡਿਆਂ) ਨੂੰ ਵੀ ਇਹ ਸੁਵਿਧਾ ਦੇਵਾਂਗੇ ਤਾਂ ਜੋ ਉਨ੍ਹਾਂ ਦਾ ਵਿੱਤੀ ਬੋਝ ਘੱਟ ਹੋਵੇ ਅਤੇ ਸਿੱਖਿਆ ਨੂੰ ਬੜ੍ਹਾਵਾ ਮਿਲੇ।”

ਦਿੱਲੀ ਵਿੱਚ ਮੌਜੂਦ ਸਮੇਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਇਸ ਐਲਾਨ ਨੂੰ ਤੁਰੰਤ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਦਾ ਹੈ ਪਰ ਕੇਜਰੀਵਾਲ ਨੇ ਭਰੋਸਾ ਦਿੱਤਾ ਕਿ ਜੇ ਉਹ ਮੁੜ ਤੋਂ ਸੱਤਾ ਵਿੱਚ ਆਉਂਦੇ ਹਨ ਤਾਂ ਇਹ ਯੋਜਨਾ ਉਨ੍ਹਾਂ ਦੀ ਸਰਕਾਰ ਦੀ ਤਰਜੀਹ ਹੋਵੇਗੀ।

ਕੇਜਰੀਵਾਲ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਛੋਟ ਦਾ ਬੋਝ ਕੇਂਦਰ ਤੇ ਦਿੱਲੀ ਸਰਕਾਰ ਦੋਹਾਂ ਨੂੰ ਬਰਾਬਰ ਉਠਾਉਣਾ ਚਾਹੀਦਾ ਹੈ। ਦਿੱਲੀ ਮੈਟਰੋ ਰੇਲ ਨਿਗਮ ਵਿੱਚ ‘ਆਪ’ ਦੇ ਨਾਲ ਕੇਂਦਰ ਸਰਕਾਰ ਵੀ ਸਾਂਝੇਦਾਰ ਹੈ।



# ਗਹਿਲੋਤ ਵੱਲੋਂ ਡੱਲੇਵਾਲ ਦੀ ਭੁੱਖ ਹੜਤਾਲ ਨੂੰ ਲੈ ਕੇ ਪੰਜਾਬ ਤੇ ਕੇਂਦਰ ਸਰਕਾਰ ਦੀ ਆਲੋਚਨਾ

**ਜੈਪੁਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਅੱਜ ਪੰਜਾਬ ਤੇ ਕੇਂਦਰ ਸਰਕਾਰ ’ਤੇ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ’ਤੇ ਚੱਲ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪ੍ਰਤੀ ਅਸੰਵੇਦਨਸ਼ੀਲਤਾ ਦਿਖਾਉਣ ਦਾ ਦੋਸ਼ ਲਗਾਇਆ।

ਕਾਂਗਰਸੀ ਆਗੂ ਨੇ ਕਿਹਾ ਕਿ ਇਹੀ ਕਾਰਨ ਹੈ ਕਿ 111 ਹੋਰ ਕਿਸਾਨ ਸਰਕਾਰ ਦੇ ਸਾਹਮਣੇ ਆਪਣੀ ਗੱਲ ਰੱਖਣ ਵਾਸਤੇ ਭੁੱਖ ਹੜਤਾਲ ’ਤੇ ਚਲੇ ਗਏ ਹਨ।

ਗਹਿਲੋਤ ਨੇ ਇਕ ਬਿਆਨ ਵਿੱਚ ਕਿਹਾ, “ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਭੁੱਖ ਹੜਤਾਲ ’ਤੇ ਬੈਠੇ ਹੁਣ ਤੱਕ 51 ਦਿਨ ਹੋ ਗਏ ਹਨ। ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ। ਇਨ੍ਹਾਂ 51 ਦਿਨਾਂ ਵਿੱਚ ਪੰਜਾਬ ਤੇ ਕੇਂਦਰ ਸਰਕਾਰ ਨੇ ਪੂਰੀ ਤਰ੍ਹਾਂ ਅਸੰਵੇਦਨਸ਼ੀਲਤਾ ਦਿਖਾਈ ਹੈ।”

ਉਨ੍ਹਾਂ ਕਿਹਾ ਕਿ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਲਗਪਗ 700 ਕਿਸਾਨਾਂ ਦੀਆਂ ਜਾਨਾਂ ਜਾਣ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ। ਉਨ੍ਹਾਂ ਕਿਹਾ, “ਇਹ ਸਮਝ ਤੋਂ ਪਰੇ ਹੈ ਕਿ ਅਜਿਹੀ ਸਥਿਤੀ ਵਾਰ ਵਾਰ ਕਿਉਂ ਪੈਦਾ ਹੁੰਦੀ ਹੈ ਅਤੇ ਸਰਕਾਰ ਕਿਸਾਨਾਂ ਦੇ ਵਫ਼ਦ ਨਾਲ ਗੱਲ ਕਰ ਕੇ ਹੱਲ ਕਿਉਂ ਨਹੀਂ ਕੱਢਣਾ ਚਾਹੁੰਦੀ ਹੈ।”



# ਔਰਤਾਂ ਨੂੰ ਹਰ ਮਹੀਨੇ ਮਿਲਣਗੇ 2500 ਰੁਪਏ, ਸਿਲੰਡਰ ’ਤੇ ਮਿਲੇਗੀ 500 ਰੁਪਏ ਦੀ ਸਬਸਿਡੀ

**ਨਵੀਂ ਦਿੱਲੀ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਨੇ ਸ਼ੁੱਕਰਵਾਰ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣੇ ਚੋਣ ਮੈਨੀਫੈਸਟੋ ਦਾ ਪਹਿਲਾ ਹਿੱਸਾ ਜਾਰੀ ਕੀਤਾ ਹੈ। ਭਾਜਪਾ ਨੇ ਮੈਨੀਫੈਸਟੋ ਦੇ ਪਹਿਲੇ ਹਿੱਸੇ ’ਚ ਔਰਤਾਂ ’ਤੇ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਹੈ। ਭਾਜਪਾ ਪ੍ਰਧਾਨ ਜੇ. ਪੀ. ਨੱਡਾ ਨੇ ਵਾਅਦਾ ਕੀਤਾ ਹੈ ਕਿ ਜੇਕਰ ਉਹ ਦਿੱਲੀ ’ਚ ਸਰਕਾਰ ਬਣਾਉਂਦੀ ਹੈ, ਤਾਂ ਔਰਤਾਂ ਨੂੰ ਹਰ ਮਹੀਨੇ 2500 ਰੁਪਏ ਦਿੱਤੇ ਜਾਣਗੇ। ਇਸ ਯੋਜਨਾ ਦਾ ਨਾਮ ‘ਮਹਿਲਾ ਸਮ੍ਰਿੱਧੀ ਯੋਜਨਾ’ ਹੋਵੇਗਾ ਅਤੇ ਸਰਕਾਰ ਬਣਨ ਤੋਂ ਬਾਅਦ ਇਸ ਨੂੰ ਪਹਿਲੀ ਕੈਬਨਿਟ ਵਿਚ ਪਾਸ ਕੀਤਾ ਜਾਵੇਗਾ। ਨੱਡਾ ਨੇ ਕਿਹਾ ਕਿ ਇਸ ਦੇ ਨਾਲ ਹੀ ਗੈਸ ਸਿਲੰਡਰ ’ਤੇ 500 ਰੁਪਏ ਦੀ ਸਬਸਿਡੀ ਹੋਵੇਗੀ। ਹੋਲੀ ਅਤੇ ਦੀਵਾਲੀ ’ਤੇ ਇਕ ਵਾਧੂ ਸਿਲੰਡਰ ਉਪਲਬਧ ਹੋਵੇਗਾ। ਜਣੇਪਾ ਸੁਰੱਖਿਆ ਯੋਜਨਾ ਤਹਿਤ 21000 ਰੁਪਏ ਦਿੱਤੇ ਜਾਣਗੇ।

ਨੱਡਾ ਨੇ ਕਿਹਾ ਕਿ ਦਿੱਲੀ ’ਚ ਚੱਲ ਰਹੀਆਂ ਸਾਰੀਆਂ ਲੋਕ ਭਲਾਈ ਸਕੀਮਾਂ ਭਾਜਪਾ ਦੀ ਸਰਕਾਰ ਬਣਨ ’ਤੇ ਵੀ ਜਾਰੀ ਰਹਿਣਗੀਆਂ। ਉਨ੍ਹਾਂ ਕਿਹਾ ਕਿ ਭਾਜਪਾ ਨੇ ਅੱਜ ਆਪਣੇ ਚੋਣ ਮੈਨੀਫੈਸਟੋ ਦਾ ਪਹਿਲਾ ਹਿੱਸਾ ਜਾਰੀ ਕਰ ਦਿੱਤਾ ਹੈ ਅਤੇ ਦੂਜਾ ਅਤੇ ਤੀਜਾ ਹਿੱਸਾ ਵੀ ਜਲਦੀ ਹੀ ਜਾਰੀ ਕੀਤਾ ਜਾਵੇਗਾ। ਭਾਜਪਾ ਨੇ ਕਿਹਾ ਕਿ ਪਾਰਟੀ ਦਾ ਮੈਨੀਫੈਸਟੋ ਵਿਕਸਿਤ ਦਿੱਲੀ ਦੀ ਨੀਂਹ ਰੱਖਣ ਵਾਲਾ ਹੈ। ਭਾਜਪਾ ਨੇ ਗਰੀਬਾਂ ਦਾ ਵੀ ਧਿਆਨ ਰੱਖਿਆ ਅਤੇ ਉਨ੍ਹਾਂ ਲਈ ਅਟਲ ਕੰਟੀਨ ਯੋਜਨਾ ਸ਼ੁਰੂ ਕਰਨ ਦੀ ਗੱਲ ਕੀਤੀ। ਨੱਡਾ ਨੇ ਕਿਹਾ ਕਿ ਦਿੱਲੀ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ 5 ਰੁਪਏ ਵਿਚ ਪੂਰਾ ਖਾਣਾ ਮੁਹੱਈਆ ਕਰਵਾਉਣ ਲਈ ‘ਅਟਲ ਕੰਟੀਨ ਯੋਜਨਾ’ ਸ਼ੁਰੂ ਕੀਤੀ ਜਾਵੇਗੀ।

ਜੇਪੀ ਨੱਡਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ 2018 ਤੋਂ ਦਿੱਲੀ ਦੇ 51 ਲੱਖ ਲੋਕਾਂ ਨੂੰ ਆਯੁਸ਼ਮਾਨ ਭਾਰਤ ਯੋਜਨਾ ਤੋਂ ਵਾਂਝਾ ਰੱਖਿਆ ਹੈ। ਅਸੀਂ ਪਹਿਲੀ ਕੈਬਨਿਟ ਵਿਚ ਦਿੱਲੀ ਵਿਚ ਆਯੁਸ਼ਮਾਨ ਯੋਜਨਾ ਲਾਗੂ ਕਰਾਂਗੇ।

# ਹਰਮਨਪ੍ਰੀਤ, ਮਨੂ ਤੇ ਗੁਕੇਸ਼ ਸਣੇ ਚਾਰ ਨੂੰ ਖੇਡ ਰਤਨ ਪੁਰਸਕਾਰ

## ਪੁਰਸ਼ ਹਾਕੀ ਟੀਮ ਦੇ ਮੈਂਬਰ ਜਰਮਨਜੀਤ ਸਿੰਘ, ਸੁਖਜੀਤ ਸਿੰਘ, ਸੰਜੇ ਤੇ ਅਭਿਸ਼ੇਕ, ਨਿਸ਼ਾਨੇਬਾਜ਼ ਸਰਬਜੋਤ ਸਿੰਘ ਤੇ ਹੋਰਾਂ ਨੂੰ ਮਿਲਿਆ ਅਰਜੁਨ ਪੁਰਸਕਾਰ

**ਨਵੀਂ ਦਿੱਲੀ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਦੋ ਓਲੰਪਿਕ ਤਗ਼ਮੇ ਜਿੱਤਣ ਵਾਲੀ ਨਿਸ਼ਾਨੇਬਾਜ਼ ਮਨੂ ਭਾਕਰ ਤੇ ਸ਼ਤਰੰਜ ਵਿਸ਼ਵ ਚੈਂਪੀਅਨ ਡੀ ਗੁਕੇਸ਼ ਅੱਜ ਇੱਥੇ ਕੌਮੀ ਖੇਡ ਪੁਰਸਕਾਰ ਸਮਾਰੋਹ ਵਿੱਚ ਰਾਸ਼ਟਰਪਤੀ ਦਰੋਪਦੀ ਮੁਰਮੂ ਤੋਂ ਜਦੋਂ ਮੇਜਰ ਧਿਆਨਚੰਦ ਖੇਡ ਰਤਨ ਸਨਮਾਨ ਲੈਣ ਪੁੱਜੇ ਤਾਂ ਤਾੜੀਆਂ ਦੀ ਆਵਾਜ਼ ਦੇ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਇਨ੍ਹਾਂ ਤੋਂ ਇਲਾਵਾ ਪੈਰਾਲੰਪਿਕ ਸੋਨ ਤਗ਼ਮਾ ਜੇਤੂ ਉੱਚੀ ਛਾਲ ਦੇ ਖਿਡਾਰੀ ਪ੍ਰਵੀਨ ਕੁਮਾਰ ਨੂੰ ਵੀ ਦੇਸ਼ ਦਾ ਸਭ ਤੋਂ ਉੱਚਾ ਖੇਡ ਰਤਨ ਸਨਮਾਨ ਇੱਥੇ ਰਾਸ਼ਟਰਪਤੀ ਭਵਨ ਵਿੱਚ ਪ੍ਰਦਾਨ ਕੀਤਾ ਗਿਆ। ਹਰਮਨਪ੍ਰੀਤ ਟੋਕੀਓ ਤੇ ਪੈਰਿਸ ਓਲੰਪਿਕ ਵਿੱਚ ਕਾਂਸੀ ਤਗ਼ਮਾ ਜਿੱਤਣ ਵਾਲੀ ਹਾਕੀ ਟੀਮ ਦਾ ਮੈਂਬਰ ਸੀ। ਪੈਰਿਸ ਓਲੰਪਿਕ ਵਿੱਚ ਉਹ ਟੀਮ ਦਾ ਕਪਤਾਨ ਵੀ ਸੀ।

ਦੂਜੇ ਪਾਸੇ ਖੱਬੇ ਪੈਰ ਵਿੱਚ ਨੁਕਸ ਦੇ ਨਾਲ ਪੈਦਾ ਹੋਏ ਪ੍ਰਵੀਨ ਨੇ ਟੋਕੀਓ ਓਲੰਪਿਕ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਅਤੇ ਪੈਰਿਸ ਵਿੱਚ ਉਸ ਨੂੰ ਸੋਨੇ ਵਿੱਚ ਬਦਲਿਆ। ਇਸ ਵਾਰ 32 ਖਿਡਾਰੀਆਂ ਨੂੰ ਅਰਜੁਨ ਪੁਰਸਕਾਰ ਦਿੱਤੇ ਗਏ ਜਿਨ੍ਹਾਂ ’ਚੋਂ 17 ਪੈਰਾ ਅਥਲੀਟ ਹਨ। ਅਰਜੁਨ ਪੁਰਸਕਾਰ ਹਾਸਲ ਕਰਨ ਵਾਲਿਆਂ ਵਿੱਚ ਪੁਰਸ਼ ਹਾਕੀ ਟੀਮ ਦੇ ਮੈਂਬਰ ਜਰਮਨਜੀਤ ਸਿੰਘ, ਸੁਖਜੀਤ ਸਿੰਘ, ਸੰਜੇ ਤੇ ਅਭਿਸ਼ੇਕ ਤੋਂ ਇਲਾਵਾ ਨਿਸ਼ਾਨੇਬਾਜ਼ ਸਰਬਜੋਤ ਸਿੰਘ, ਨਿਸ਼ਾਨੇਬਾਜ਼ ਸਵਪਨਿਲ ਕੁਸਾਲੇ ਤੇ ਪਹਿਲਵਾਨ ਅਮਨ ਸਹਿਰਾਵਤ ਸ਼ਾਮਲ ਹਨ।



# ਨਗਰ ਕੌਂਸਲ ਪ੍ਰਧਾਨ ਪ੍ਰਦੀਪ ਜੋਸ਼ਨ ਨੇ ਸਫਾਈ ਕਰਮਚਾਰੀਆ ਨਾਲ ਕੀਤੀ ਵਿਸੇਸ਼ ਮੀਟਿੰਗ



**ਸਨੌਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫਤਰ ਨਗਰ ਕੌਂਸਲ ਵਿਖੇ ਨਵ ਨਿਯੁਕਤ ਪ੍ਰਧਾਨ ਪ੍ਰਦੀਪ ਸਿੰਘ ਜੋਸ਼ਨ ਵੱਲੋਂ ਸਮੂਹ ਸਫਾਈ ਕਰਮਚਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਮੀਟਿੰਗ ਵਿੱਚ ਉਹਨਾਂ ਨੇ ਸਾਰੇ ਹੀ ਸਫਾਈ ਕਰਮਚਾਰੀਆਂ ਨੂੰ ਆਪਣਾ ਆਪਣਾ ਕੰਮ ਤਨਦੇਹੀ ਨਾਲ ਕਰਨ ਲਈ ਕਿਹਾ ਇਸ ਮੌਕੇ ਤੇ ਸਫਾਈ ਸੇਵਕ ਐਂਡ ਅਦਰ ਵਰਕ ਯੂਨੀਅਨ ਦੇ ਪ੍ਰਧਾਨ ਨੰਦ ਲਾਲ ਟਾਂਕ ਵੱਲੋਂ ਪ੍ਰਧਾਨ ਪ੍ਰਦੀਪ ਸਿੰਘ ਜੋਸ਼ਨ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਸ਼ਹਿਰ ਦੀ ਸਾਫ ਸਫਾਈ ਦੇ ਕੰਮ ਵਿੱਚ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਏਗੀ ਅਤੇ ਇਸ ਮੌਕੇ ਤੇ ਸਫਾਈ ਕਰਮਚਾਰੀ ਯੂਨੀਅਨ ਵੱਲੋਂ ਕੁਝ ਜਰੂਰੀ ਮੰਗਾਂ ਸਬੰਧੀ ਇੱਕ ਮੰਗ ਪੱਤਰ ਪ੍ਰਧਾਨ ਜੀ ਨੂੰ ਸੌਂਪਿਆ ਗਿਆ ਅਤੇ ਪ੍ਰਧਾਨ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਸਮੂਹ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਜਲਦ ਹੀ ਹੱਲ ਕੀਤੀਆਂ ਜਾਣਗੀਆਂ।

ਇਸ ਮੌਕੇ ਤੇ ਅਮਨਦੀਪ ਸਿੰਘ ਢੋਟ ਵਿਕਾਸ ਅਟਵਾਲ ਐਮਸੀ ਤਰਸੇਮ ਸਿੰਘ ਢੋਟ ਐਮਸੀ , ਇਸ ਮੌਕੇ ਤੇ ਸਫਾਈ ਸੇਵਕ ਯੂਨੀਅਨ ਦੇ ਮੀਤ ਪ੍ਰਧਾਨ ਵਰੁਣ ਕੁਮਾਰ ਸੈਕਟਰੀ ਰਕੇਸ਼ ਕੁਮਾਰ ਬੱਬੂ ਕੈਸ਼ੀਅਰ ਦੀਪਕ ਕੁਮਾਰ ਜੁਗਲਾਲ ਨਰੇਸ਼ ਕੁਮਾਰ ਵਿਜੇ ਕੁਮਾਰ ਵਿਕਰਮਜੀਤ ਜਗਦੀਸ਼ ਕੁਮਾਰ ਸੁੰਦਰ ਸੋਨੀ ਨਰਿੰਦਰਪਾਲ ਸਿੰਘ ਅਤੇ ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਦੇ ਸਾਰੇ ਮੈਂਬਰ ਅਤੇ ਅਹੁਦੇਦਾਰ ਸਾਹਿਬਾਨ ਹਾਜ਼ਰ ਸਨ।

# ਨਾਮਧਾਰੀ ਸੰਪਰਦਾ ਦੀ ਦਲੇਰੀ ਅਤੇ ਤਿਆਗ ਦੀਆਂ ਉਦਾਹਰਨਾਂ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀਆਂ : ਕੈਬਨਿਟ ਮੰਤਰੀ ਅਮਨ ਅਰੋੜਾ

**ਮਲੇਰਕੋਟਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਆਜ਼ਾਦੀ, ਧਰਮ ਅਤੇ ਗਊ ਰੱਖਿਆ ਲਈ ਨਾਮਧਾਰੀ ਸੰਪਰਦਾ ਦੇ ਆਗੂਆਂ ਅਤੇ ਪੈਰੋਕਾਰਾਂ ਨੇ ਬਹੁਤ ਹੀ ਦਲੇਰੀ ਅਤੇ ਤਿਆਗ ਦੀ ਭਾਵਨਾ ਨਾਲ ਮਿਸਾਲੀ ਕੰਮ ਕੀਤਾ।

ਇਸ ਸੰਪਰਦਾ ਦੀ ਦਲੇਰੀ ਅਤੇ ਤਿਆਗ ਦੀਆਂ ਉਦਾਹਰਨਾਂ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀਆਂ।÷ ਇਹ ਵਿਚਾਰ ਸ਼੍ਰੀ ਅਮਨ ਅਰੋੜਾ, ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ. ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ,ਪ੍ਰਸ਼ਾਸਨਿਕ ਸੁਧਾਰ ਅਤੇ ਸ਼ਿਕਾਇਤ ਨਿਵਾਰਨ ਅਤੇ ਛਪਾਈ ਤੇ ਸਟੇਸ਼ਨਰੀ ਵਿਭਾਗਾਂ ਬਾਰੇ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਸਥਾਨਕ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਸੰਬੰਧੀ ਮਨਾਏ ਗਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਉਹਨਾਂ ਤੋਂ ਇਲਾਵਾ ਪੰਜਾਬ ਦੇ ਮਾਲ ਤੇ ਮੁੜ ਵਸੇਬਾ ਤੇ ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਬਾਰੇ ਵਿਭਾਗਾਂ ਦੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਹਰਦੀਪ ਸਿੰਘ ਮੁੰਡੀਆਂ ਨੇ ਵੀ ਸੰਬੋਧਨ ਕੀਤਾ।



ਸ਼੍ਰੀ ਅਰੋੜਾ ਨੇ ਕਿਹਾ ਕਿ ਇਹ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਗੁਰੂਆਂ ਵੱਲੋਂ ਦਰਸਾਏ ਹੋਏ ਅਹਿੰਸਾ ਦੇ ਰਸਤੇ ’ਤੇ ਚੱਲਦਿਆਂ ਅੰਗਰੇਜ਼ਾਂ ਦਾ ਅਤੇ ਉਹਨਾਂ ਵੱਲੋਂ ਦਿੱਤੀਆਂ ਜਾਂਦੀਆਂ ਸੁੱਖ ਸਹੂਲਤਾਂ ਦਾ ਮੁਕੰਮਲ ਬਾਈਕਾਟ ਕੀਤਾ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਗਏ ਨਾ ਮਿਲਵਰਤਨ ਅੰਦੋਲਨ ਅਤੇ ਨਾ ਫੁਰਮਾਨੀ ਅੰਦੋਲਨ ਨੂੰ ਬਾਅਦ ਵਿੱਚ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਅਪਣਾਉਣ ਨੂੰ ਪਹਿਲ ਦਿੱਤੀ। ਇਤਿਹਾਸ ਗਵਾਹ ਹੈ ਦੇਸ਼ ਦੀ ਅਜ਼ਾਦੀ ਦਾ ਅਸਲ ਮੁੱਢ ਕੂਕਿਆਂ ਵੱਲੋਂ ਮਲੇਰਕੋਟਲਾ ਦੀ ਪਵਿੱਤਰ ਧਰਤੀ ਤੋਂ ਬੱਝਿਆ ਗਿਆ ਸੀ।

ਉਹਨਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਸਿੱਖੀ ਸਵੈਮਾਣ ਦੇ ਪੁਨਰ ਸੰਸਥਾਪਕ ਅਤੇ ਦੇਸ਼ ਦੀ ਅਜ਼ਾਦੀ ਲਈ ਬਰਤਾਨਵੀ ਸਾਮਰਾਜ ਨਾਲ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਵਾਲੇ ਵਿਸ਼ਵ ਦੇ ਪਹਿਲੇ ਨੀਤੀ-ਵੇਤਾ ਸਨ। ਦੇਸ਼ ਨੂੰ ਅੰਗਰੇਜ਼ਾਂ ਦੇ ਲੋਟੂ ਰਾਜ ਤੋਂ ਆਜ਼ਾਦ ਕਰਾਉਣ ਲਈ ਭਾਵੇਂ ਵੱਖ-ਵੱਖ ਧਰਮਾਂ, ਮਜ਼ਹਬਾਂ, ਵਰਗਾਂ ਅਤੇ ਪਾਰਟੀਆਂ ਨੇ ਆਪਣੇ-ਆਪਣੇ ਤੌਰ ’ਤੇ ਉਪਰਾਲੇ ਕੀਤੇ ਪਰ ਆਜ਼ਾਦੀ ਸੰਗਰਾਮ ਵਿੱਚ ਉਹਨਾਂ ਦੀ ਅਗਵਾਈ ਵਿੱਚ ਨਾਮਧਾਰੀ ਸੰਪਰਦਾ ਵੱਲੋਂ ਪਾਇਆ ਗਿਆ ਯੋਗਦਾਨ ਅਤੇ ਕੂਕਿਆਂ ਵੱਲੋਂ ਕੀਤੀਆਂ ਗਈਆਂ ਸ਼ਹੀਦੀਆਂ ਲਾਮਿਸਾਲ ਹਨ। ਕੈਬਨਿਟ ਮੰਤਰੀ ਸ੍ਰ. ਹਰਦੀਪ ਸਿੰਘ ਮੁੰਡੀਆਂ ਨੇ ਨਾਮਧਾਰੀ ਸੰਪਰਦਾ ਨੂੰ ਸਾਦਗੀ, ਸੱਚਾਈ ਅਤੇ ਨਿਮਰਤਾ ਦਾ ਸੋਮਾ ਦੱਸਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਸਾਨੂੰ ਇਸ ਸੰਪਰਦਾ ਅਤੇ ਗੁਰੂਆਂ ਵੱਲੋਂ ਦਰਸਾਏ ਹੋਏ ਮਾਰਗ ’ਤੇ ਚੱਲਦੇ ਹੋਏ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਜੋ ਹੁਕਮ ਜਾਂ ਸੇਵਾ ਲਗਾਈ ਜਾਵੇਗੀ, ਉਹ ਸਿਰ ਨਿਵਾ ਕੇ ਪੂਰੀ ਕੀਤੀ ਜਾਵੇਗੀ।ਸ੍ਰ. ਮੁੰਡੀਆਂ ਨੇ ਐਲਾਨ ਕੀਤਾ ਕਿ ਨਾਮਧਾਰੀ ਸਮਾਰਕ ਨਾਲ ਜੁੜੀ ਸੰਗਤ ਦੀ ਧਾਰਮਿਕ ਆਸਥਾ ਨੂੰ ਧਿਆਨ ਵਿੱਚ ਰੱਖਦਿਆਂ ਜਲਦ ਹੀ ਸ਼੍ਰੀ ਭੈਣੀ ਸਾਹਿਬ - ਪਿੰਡ ਰਾਈਆਂ ਸੜਕ ਨੂੰ ਨਵੇਂ ਸਿਰੇ ਤੋਂ ਬਣਵਾਇਆ ਜਾਵੇਗਾ।

ਸਮਾਗਮ ਦੌਰਾਨ ਮੌਜੂਦਾ ਗੱਦੀਨਸ਼ੀਨ ਨਾਮਧਾਰੀ ਉਦੈ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ, ਸਮੂਹ ਗੁਰੂ ਸਾਹਿਬਾਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੱਸੇ ਮਾਰਗ ’ਤੇ ਚੱਲਣ ਦੀ ਪ੍ਰੇਰਣਾ ਦਿੰਦਿਆਂ ਸੰਗਤ ਨੂੰ ਗੁਰੂ ਨਾਲ ਜੁੜ ਕੇ ਧਰਮ ਅਤੇ ਦੇਸ਼ ਦੀ ਤਰੱਕੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਹਲਕਾ ਅਮਰਗੜ੍ਹ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਅਤੇ ਸਾਬਕਾ ਮੰਤਰੀ ਸ੍ਰ. ਮਲਕੀਤ ਸਿੰਘ ਦਾਖਾ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ, ਡਿਪਟੀ ਕਮਿਸ਼ਨਰ ਡਾਕਟਰ ਪੱਲਵੀ, ਜ਼ਿਲ੍ਹਾ ਪੁਲਿਸ ਮੁਖੀ ਸ੍ਰ. ਗਗਨ ਅਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ੍ਰ. ਸੁਖਪ੍ਰੀਤ ਸਿੰਘ ਸਿੱਧੂ, ਐਸ ਡੀ ਐਮ ਸ਼੍ਰੀ ਗੁਰਮੀਤ ਕੁਮਾਰ, ਨਾਮਧਾਰੀ ਸੁਰਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਪ੍ਰਮੁੱਖ ਸਖ਼ਸ਼ੀਅਤਾਂ ਅਤੇ ਸੰਗਤਾਂ ਹਾਜ਼ਰ ਸਨ।

# ਹਰਿਆਣਾ ’ਚਵੀ ਕੰਗਨਾ ਰਣੌਤ ਦੀ ‘ਐਮਰਜੈਂਸੀ’ ਦਾ ਵਿਰੋਧ, ਸਿਨੇਮਾਘਰਾਂ ਦੀ ਵਧਾਈ ਸੁਰੱਖਿਆ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲੀਵੁੱਡ ਅਭਿਨੇਤਰੀ ਕੰਗਨਾ ਰਣੌਤ ਦੀ ਫ਼ਿਲਮ ‘ਐਮਰਜੈਂਸੀ’ ਦੇ ਰਿਲੀਜ਼ ਹੋਣ ਨਾਲ ਹਰਿਆਣਾ ਦੇ ਯਮੁਨਾਨਗਰ ’ਚ ਸਿੱਖ ਭਾਈਚਾਰੇ ‘ਚ ਨਾਰਾਜ਼ਗੀ ਵਧਣ ਲੱਗੀ ਹੈ। ਸਿੱਖ ਭਾਈਚਾਰੇ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਿਨ੍ਹਾਂ ਥੀਏਟਰਾਂ ’ਚ ਇਹ ਫ਼ਿਲਮ ਦਿਖਾਈ ਜਾ ਰਹੀ ਹੈ, ਉਨ੍ਹਾਂ ਨੂੰ ਤੁਰੰਤ ਹਟਾਇਆ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫ਼ਿਲਮ ਹਿੰਦੂ ਅਤੇ ਸਿੱਖ ਭਾਈਚਾਰਿਆਂ ’ਚ ਦਰਾਰ ਪੈਦਾ ਕਰ ਰਹੀ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਇਸ ਦੇ ਨਿਕਲਣ ਵਾਲੇ ਸਿੱਟਿਆਂ ਲਈ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਇਸ ਸਬੰਧ ’ਚ ਸਿੱਖ ਭਾਈਚਾਰੇ ਦੇ ਲੋਕਾਂ ਨੇ ਯਮੁਨਾਨਗਰ ਦੇ ਮਿੰਨੀ ਸਕੱਤਰੇਤ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਿਆ। ਇਸ ਦੇ ਨਾਲ ਹੀ ਪੁਲਸ ਨੇ ਹੁਣ ਇੱਥੋਂ ਦੇ ਸਿਨੇਮਾ ਹਾਲਾਂ ਦੀ ਸੁਰੱਖਿਆ ਵਧਾ ਦਿੱਤੀ ਹੈ। ਐਂਬੂਲੈਂਸ ਅਤੇ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ ‘ਤੇ ਤਾਇਨਾਤ ਕਰ ਦਿੱਤੀ ਗਈ ਹੈ। ਸਿੱਖ ਭਾਈਚਾਰੇ ਨੇ ਫ਼ਿਲਮ ‘ਐਮਰਜੈਂਸੀ’ ਦੇ ਵਿਵਾਦਤ ਸੀਨ ਨੂੰ ਲੈ ਕੇ ਰੋਸ ਪ੍ਰਗਟ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਇਸ ਫ਼ਿਲਮ ਦਾ ਪਹਿਲਾਂ ਵੀ ਵਿਰੋਧ ਹੋਇਆ ਸੀ ਅਤੇ ਇਸ ਨੂੰ ਹਟਾ ਦਿੱਤਾ ਗਿਆ ਸੀ।

# ਭ੍ਰਿਸ਼ਟਾਚਾਰ ਮਾਮਲੇ ’ਚ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਪਤਨੀ ਨੂੰ ਕੈਦ

**ਇਸਲਾਮਾਬਾਦ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੀ ਇਕ ਅਦਾਲਤ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 19 ਕਰੋੜ ਪੌਂਡ ਦੇ ਆਲ-ਕਾਦਿਰ ਟਰੱਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਅਤੇ ਦੋਹਾਂ ਨੂੰ ਕ੍ਰਮਵਾਰ 14 ਤੇ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ।

ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਦੇ ਜੱਜ ਨਾਸਿਰ ਜਾਵੇਦ ਰਾਣਾ ਨੇ ਫੈਸਲਾ ਸੁਣਾਇਆ, ਜਿਸ ਨੂੰ ਵੱਖ ਵੱਖ ਕਾਰਨਾਂ ਤੋਂ ਤਿੰਨ ਵਾਰ ਟਾਲਿਆ ਜਾ ਚੁੱਕਿਆ ਸੀ। ਆਖਰੀ ਵਾਰ ਇਸ ਨੂੰ 13 ਜਨਵਰੀ ਨੂੰ ਟਾਲਿਆ ਗਿਆ ਸੀ। ਜੱਜ ਨੇ ਅਡਿਆਲਾ ਜੇਲ੍ਹ ਵਿੱਚ ਸਥਾਪਤ ਇਕ ਅਸਥਾਈ ਅਦਾਲਤ ਵਿੱਚ ਖਾਨ ਤੇ ਉਨ੍ਹਾਂ ਦੀ ਪਤਨੀ ਨੂੰ ਕੈਦ ਦੀ ਸਜ਼ਾ ਸੁਣਾਈ।



ਕੌਮੀ ਜਵਾਬਦੇਹੀ ਬਿਊਰੋ (ਐਨਏਬੀ) ਨੇ ਦਸੰਬਰ 2023 ਵਿੱਚ ਖਾਨ (72), ਬੀਬੀ ਬੁਸ਼ਰਾ (50) ਅਤੇ ਛੇ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ,ਜਿਸ ਵਿੱਚ ਉਨ੍ਹਾਂ ’ਤੇ ਕੌਮੀ ਖਜ਼ਾਨੇ ਨੂੰ 19 ਕਰੋੜ ਪੌਂਡ (ਕਰੀਬ 50 ਅਰਬ ਪਾਕਿਸਤਾਨੀ ਰੁਪਏ) ਦਾ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਸੀ। ਮੁਕੱਦਮਾ ਖਾਨ ਤੇ ਬੀਬੀ ਬੁਸ਼ਰਾ ’ਤੇ ਚਲਾਇਆ ਗਿਆ ਕਿਉਂਕਿ ਇਕ ਪ੍ਰਾਪਰਟੀ ਕਾਰੋਬਾਰੀ ਸਣੇ ਹੋਰ ਸਾਰੇ ਮੁਲਜ਼ਮ ਦੇਸ਼ ਤੋਂ ਬਾਹਰ ਹਨ। ਦੋਸ਼ ਹੈ ਕਿ ਇਕ ਪ੍ਰਾਪਰਟੀ ਕਾਰੋਬਾਰੀ ਦੇ ਨਾਲ ਸਮਝੌਤੇ ਤਹਿਤ ਬਰਤਾਨੀਆ ਦੀ ਕੌਮੀ ਅਪਰਾਧ ਏਜੰਸੀ ਵੱਲੋਂ ਪਾਕਿਸਤਾਨ ਨੂੰ ਮੋੜੇ ਗਏ 50 ਅਰਬ ਪਾਕਿਸਤਾਨੀ ਰੁਪੱਈਆਂ ਦਾ ਗਲਤ ਇਸਤੇਮਾਲ ਕੀਤਾ ਗਿਆ। ਕੌਮੀ ਖ਼ਜ਼ਾਨੇ ਵਜੋਂ ਇਸਤੇਮਾਲ ਹੋਣ ਵਾਲੀ ਇਸ ਰਾਸ਼ੀ ਨੂੰ ਉਸ ਕਾਰੋਬਾਰੀ ਦੇ ਕਥਿਤ ਨਿੱਜੀ ਲਾਭ ਲਈ ਲਗਾਇਆ ਗਿਆ, ਜਿਸ ਨੇ ਬੀਬੀ ਤੇ ਖਾਨ ਨੂੰ ਇਕ ਯੂਨੀਵਰਸਿਟੀ ਸਥਾਪਤ ਕਰਨ ਵਿੱਚ ਮਦਦ ਕੀਤੀ ਸੀ।

ਅਲ-ਕਾਦਿਰ ਟਰੱਸਟ ਦੀ ਟਰੱਸਟੀ ਵਜੋਂ ਬੀਬੀ ਬੁਸ਼ਰਾ ’ਤੇ ਇਸ ਸਮਝੌਤੇ ਤੋਂ ਲਾਭ ਉਠਾਉਣ ਦਾ ਦੋਸ਼ ਹੈ, ਜਿਸ ਵਿੱਚ ਜੇਹਲਮ ’ਚ ਅਲ-ਕਾਦਿਰ ਯੂਨੀਵਰਸਿਟੀ ਲਈ 458 ਕਨਾਲ ਜ਼ਮੀਨ ਗ੍ਰਹਿਣ ਕਰਨੀ ਵੀ ਸ਼ਾਮਲ ਹੈ।

# ਪੰਜਾਬ ’ਚ ਮੁੜ ਹੋਵੇਗੀ 10 ਜੁਲਾਈ ਨੂੰ ਜ਼ਿਮਨੀ ਚੋਣ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ’ਚ ਜਲਦੀ ਹੀ ਮੁੜ ਇਕ ਹੋਰ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਪੰਜਾਬ ਵਿਧਾਨ ਸਭਾ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਲੁਧਿਆਣਾ ਪੱਛਮੀ ਹਲਕੇ ਤੋਂ ਵਿਧਾਨ ਸਭਾ ਦੀ 6 ਮਹੀਨਿਆਂ ’ਚ 10 ਜੁਲਾਈ ਤੋਂ ਪਹਿਲਾਂ ਮੁੜ ਚੋਣ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਹੈ।

ਦੱਸ ਦਈਏ ਕਿ ਲੁਧਿਆਣਾ ਪੱਛਮੀ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦਾ ਪਿਛਲੇ ਦਿਨੀ ਦਿਹਾਂਤ ਹੋ ਗਿਆ ਸੀ, ਜਿਸ ਪਿੱਛੋਂ 11 ਜਨਵਰੀ ਤੋਂ ਇਹ ਵਿਧਾਨ ਸਭਾ ਖਾਲੀ ਹੈ। ਪੰਜਾਬ ਵਿਧਾਨ ਸਭਾਪ ਨੇ ਲੁਧਿਆਣਾ ਪੱਛਮੀ ਸੀਟ ਨੂੰ ਖ਼ਾਲੀ ਐਲਾਨ ਕਰ ਦਿੱਤਾ ਹੈ। ਵਿਧਾਇਕ ਗੁਰਪ੍ਰੀਤ ਗੋਗੀ ਦੇ ਦਿਹਾਂਤ ਤੋਂ ਬਾਅਦ ਇਹ ਸੀਟ ਖਾਲੀ ਹੋਈ ਹੈ।ਇਸ ਸਬੰਧ ਵਿਚ ਸੂਚਨਾ ਜਾਰੀ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਚੋਣ ਕਮਿਸ਼ਨ ਨੂੰ ਵੀ ਇਸ ਦੀ ਜਾਣਕਾਰੀ ਦੇ ਦਿੱਤੀ ਗਈ ਹੈ।

ਇਸ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਜਲਦੀ ਹੀ ਜ਼ਿਮਨੀ ਚੋਣ ਕਰਵਾਈ ਜਾਵੇਗੀ। ਸਰਕਾਰ ਬਣਨ ਤੋਂ ਬਾਅਦ ਛੇਵੀਂ ਸੀਟ ਲਈ ਚੋਣਾਂ ਹੋਣਗੀਆਂ। ਇਸ ਤੋਂ ਪਹਿਲਾਂ ਪਾਰਟੀ ਨੇ ਜਲੰਧਰ ਸੀਟ ਜਿੱਤੀ ਸੀ। ਇਸ ਤੋਂ ਬਾਅਦ ਪਾਰਟੀ ਉਮੀਦਵਾਰ ਗਿੱਦੜਬਾਹਾ, ਹੁਸ਼ਿਆਰਪੁਰ ਅਤੇ ਡੇਰਾ ਬਾਬਾ ਨਾਨਕ ਸੀਟਾਂ ਜਿੱਤਣ ਵਿੱਚ ਸਫ਼ਲ ਰਹੇ।

# ਆਮ ਆਦਮੀ ਪਾਰਟੀ ਦੇ 2 ਕੌਂਸਲਰ ਹੋਏ ਭਾਜਪਾ ’ਚ ਸ਼ਾਮਲ

**ਨਵੀਂ ਦਿੱਲੀ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਕੌਂਸਲਰ ਰਵਿੰਦਰ ਸੋਲੰਕੀ ਅਤੇ ਨਰਿੰਦਰ ਗਿਰਸਾ ਭਾਰਤੀ ਜਨਤਾ ਪਾਰਟੀ (ਭਾਜਪਾ) ’ਚ ਸ਼ਾਮਲ ਹੋ ਗਏ। ਇਸ ਨੂੰ ‘ਆਪ’ ਲਈ ਝਟਕਾ ਮੰਨਿਆ ਜਾ ਰਿਹਾ ਹੈ। ਬਾਪਰੋਲਾ ਵਾਰਡ ਤੋਂ ਕੌਂਸਲਰ ਸੋਲੰਕੀ ਅਤੇ ਮੰਗਲਾਪੁਰੀ ਤੋਂ ਕੌਂਸਲਰ ਗਿਰਸਾ ਭਾਜਪਾ ਦੀ ਸੂਬਾ ਇਕਾਈ ਦੇ ਪ੍ਰਧਾਨ ਵੀਰੇਂਦਰ ਸਚਦੇਵਾ ਅਤੇ ਪੱਛਮੀ ਦਿੱਲੀ ਦੇ ਸੰਸਦ ਮੈਂਬਰ ਕਮਲਜੀਤ ਸਹਿਰਾਵਤ ਦੀ ਮੌਜੂਦਗੀ ’ਚ ਪਾਰਟੀ ’ਚ ਸ਼ਾਮਲ ਹੋਏ। ਇਹ ਦੋਵੇਂ ਹੀ ਵਾਰਡ ਸਹਿਰਾਵਤ ਲੋਕ ਸਭਾ ਹਲਕੇ ਦੇ ਅਧੀਨ ਆਉਂਦੇ ਹਨ।

ਸਹਿਰਾਵਤ ਨੇ ਕਿਹਾ ਕਿ ਦੋਵੇਂ ਕੌਂਸਲਰ ਆਮ ਆਦਮੀ ਪਾਰਟੀ ਦੇ ਸੰਸਥਾਪਕ ਮੈਂਬਰਾਂ ’ਚੋਂ ਸਨ ਅਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਰਾਜਨੀਤੀ ਅਤੇ ਨੀਤੀਆਂ ਤੋਂ ਉਨ੍ਹਾਂ ਦਾ ਮੋਹਭੰਗ ਹੋ ਗਿਆ ਹੈ।

ਉਨ੍ਹਾਂ ਕਿਹਾ, ਸੋਲੰਕੀ ਅਤੇ ਗਿਰਸਾ ਨੇ ਪੱਖ ਨਹੀਂ ਬਦਲਿਆ, ਸਗੋਂ ਕੇਜਰੀਵਾਲ ਨੇ ਪੱਖ ਬਦਲ ਲਿਆ ਹੈ, ਜਿਸ ਕਾਰਨ ਉਨ੍ਹਾਂ (ਦੋਵਾਂ ਨੂੰ) ਪਾਰਟੀ ਛੱਡਣ ਲਈ ਮਜਬੂਰ ਹੋਣਾ ਪਿਆ। ਦਿੱਲੀ ਦੀ 70 ਮੈਂਬਰੀ ਦਿੱਲੀ ਵਿਧਾਨ ਸਭਾ ਲਈ 5 ਫਰਵਰੀ ਨੂੰ ਹੋਵੇਗੀ। ਚੋਣ ਨਤੀਜੇ 8 ਫਰਵਰੀ ਨੂੰ ਐਲਾਨੇ ਜਾਣਗੇ।



# ਸੈਫ ਅਲੀ ਖਾਨ ’ਤੇ ਹਮਲਾ: ਮੁੰਬਈ ਪੁਲਿਸ ਨੇ ਪੁੱਛ ਪੜਤਾਲ ਲਈ ਇਕ ਵਿਅਕਤੀ ਨੂੰ ਹਿਰਾਸਤ ’ਚ ਲਿਆ

**ਮੁੰਬਈ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੰਬਈ ਪੁਲੀਸ ਨੇ ਅੱਜ ਕਿਹਾ ਕਿ ਬੌਲੀਵੁੱਡ ਅਦਾਕਾਰ ਸੈਫ ਅਲੀ ਖਾਨ ਤੇ ਉਸ ਦੀ ਪਤਨੀ ’ਤੇ ਹਮਲੇ ਦੇ ਮਾਮਲੇ ਵਿੱਚ ਇਕ ਵਿਅਕਤੀ ਨੂੰ ਪੁੱਛ ਪੜਤਾਲ ਲਈ ਹਿਰਾਸਤ ਵਿੱਚ ਲਿਆ ਹੈ। ਇਹ ਹਮਲਾ ਵੀਰਵਾਰ ਤੜਕੇ 2 ਵਜੇ ਅਦਾਕਾਰ ਦੇ ਬਾਂਦਰਾ ਸਥਿਤ ਘਰ ਵਿੱਚ ਹੀ ਹੋਇਆ ਸੀ। ਹਿਰਾਸਤ ਵਿੱਚ ਲਏ ਗਏ ਵਿਅਕਤੀ ਨੂੰ ਅਗਲੀ ਪੁੱਛ ਪੜਤਾਲ ਲਈ ਬਾਂਦਰਾ ਪੁਲੀਸ ਥਾਣੇ ਲਿਆਂਦਾ ਗਿਆ ਹੈ।

ਇਸ ਤੋਂ ਪਹਿਲਾਂ, ਮੁੰਬਈ ਪੁਲੀਸ ਨੇ ਕਿਹਾ ਕਿ ਉਨ੍ਹਾਂ ਵੱਲੋਂ ਸੈਫ ਦੀ ਪਿੱਠ ਵਿੱਚੋਂ ਕੱਢਿਆ ਗਿਆ ਬਲੇਡ ਦਾ ਹਿੱਸਾ ਕਬਜ਼ੇ ਵਿੱਚ ਲਿਆ ਗਿਆ ਹੈ, ਇਸ ਦੇ ਬਾਕੀ ਹਿੱਸੇ ਨੂੰ ਲੱਭਣ ਲਈ ਕੋਸ਼ਿਸ਼ਾਂ ਜਾਰੀ ਹਨ। ਮੁੰਬਈ ਪੁਲੀਸ ਨੇ ਇਹ ਵੀ ਕਿਹਾ ਕਿ ਸੈਫ ਅਲੀ ਖਾਨ ’ਤੇ ਹਮਲੇ ਵਿੱਚ ਸ਼ਾਮਲ ਵਿਅਕਤੀ ਨੂੰ ਆਖਰੀ ਵਾਰ ਬਾਂਦਰਾ ਪੁਲੀਸ ਥਾਣੇ ਨੇੜੇ ਦੇਖਿਆ ਗਿਆ ਸੀ ਅਤੇ ਉਸ ਨੂੰ ਲੱਭਣ ਲਈ ਕੋਸ਼ਿਸ਼ਾਂ ਜਾਰੀ ਹਨ।



ਪੁਲਿਸ ਨੂੰ ਸ਼ੱਕ ਹੈ ਕਿ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਸਵੇਰੇ ਪਹਿਲੀ ਲੋਕਲ ਰੇਲਗੱਡੀ ਫੜ ਕੇ ਵਸਾਈ ਵਿਰਾਰ ਵੱਲ ਗਿਆ ਹੋਵੇਗਾ। ਮੁੰਬਈ ਪੁਲਿਸ ਦੀਆਂ ਟੀਮਾਂ ਵਸਾਈ, ਨਾਲਾਸੁਪਾਰਾ ਤੇ ਵਿਰਾਰ ਇਲਾਕਿਆਂ ਵਿੱਚ ਮੁਲਜ਼ਮ ਦੀ ਭਾਲ ਕਰ ਰਹੀਆਂ ਹਨ। ਮੁੰਬਈ ਪੁਲਿਸ ਨੇ ਅਦਾਕਾਰ ’ਤੇ ਹਮਲੇ ਸਬੰਧੀ ਐੱਫਆਈਆਰ ਦਰਜ ਕਰਕੇ ਸ਼ਿਕਾਇਤਕਰਤਾ ਦੇ ਬਿਆਨ ਦਰਜ ਕਰ ਲਏ ਹਨ। ਸ਼ਿਕਾਇਤਕਰਤਾ ਅਦਾਕਾਰ ਦੇ ਘਰ ਵਿੱਚ ਕੰਮ ਕਰਦੀ ਹੈ।

# ਫਿਲਮ ‘ਐਮਰਜੈਂਸੀ’ ਦੇ ਪ੍ਰਦਰਸ਼ਨ ’ਤੇ ਰੋਕ ਲਾਉਣ ਦੀ ਮੰਗ ਨੂੰ ਲੈ ਕੇ ਐਸਜੀਪੀਸੀ ਵੱਲੋਂ ਮੁਜ਼ਾਹਰੇ

## ਵੱਖ-ਵੱਖ ਸਿਨੇਮਾਘਰਾਂ ਦੇ ਬਾਹਰ ਰੋਸ ਪ੍ਰਗਟਾਇਆ; ਸਿਨੇਮਾਘਰਾਂ ਦੇ ਪ੍ਰਬੰਧਕਾਂ ਵੱਲੋਂ ਫਿਲਮ ਨਾ ਚਲਾਉਣ ਦਾ ਭਰੋਸਾ

**ਅੰਮ੍ਰਿਤਸਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਸੰਸਦ ਮੈਂਬਰ ਅਤੇ ਬੌਲੀਵੁੱਡ ਅਦਾਕਾਰਾ ਕੰਗਨਾ ਰਣੌਤ ਵੱਲੋਂ ਬਣਾਈ ਗਈ ਫਿਲਮ ‘ਐਮਰਜੈਂਸੀ’ ਦੇ ਪ੍ਰਦਰਸ਼ਨ ’ਤੇ ਰੋਕ ਲਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਇੱਥੇ ਵੱਖ-ਵੱਖ ਥਾਵਾਂ ਅਤੇ ਸਿਨੇਮਾਘਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕੀਤੇ ਗਏ। ਇਸੇ ਤਰ੍ਹਾਂ ਬਠਿੰਡਾ, ਜਲੰਧਰ ਤੇ ਲੁਧਿਆਣਾ ਵਿੱਚ ਵੀ ਫਿਲਮ ਖ਼ਿਲਾਫ਼ ਪ੍ਰਦਰਸ਼ਨ ਹੋਏ।

ਇੱਥੇ ਅੱਜ ਸਵੇਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ, ਅਧਿਕਾਰੀਆਂ ਤੇ ਮੈਂਬਰਾਂ ਦੀ ਅਗਵਾਈ ਹੇਠ ਵੱਖ-ਵੱਖ ਸ਼ਾਪਿੰਗ ਮਾਲਾਂ ਵਿੱਚ ਬਣੇ ਸਿਨੇਮਾਘਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕੀਤੇ ਗਏ। ਇੱਥੇ ਬੱਸ ਅੱਡੇ ਨੇੜੇ ਪੀਵੀਆਰ ਸਿਨੇਮਾਘਰ ਦੇ ਬਾਹਰ ਇਕੱਠੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਦਰਸ਼ਨਕਾਰੀਆਂ ਨੇ ਫਿਲਮ ਖ਼ਿਲਾਫ਼ ਬੈਨਰ, ਤਖ਼ਤੀਆਂ ਤੇ ਕਾਲੇ ਝੰਡੇ ਹੱਥਾਂ ਵਿੱਚ ਫੜੇ ਹੋਏ ਸਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਆਖਿਆ ਕਿ ਫਿਲਮ ਦੇ ਪ੍ਰਦਰਸ਼ਨ ਨੂੰ ਰੋਕਣ ਵਾਸਤੇ ਮੁੱਖ ਮੰਤਰੀ ਨੂੰ ਕੱਲ੍ਹ ਪੱਤਰ ਭੇਜਿਆ ਗਿਆ ਸੀ। ਇਸ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਾਂ ਰਾਹੀਂ ਵੀ ਮੁੱਖ ਮੰਤਰੀ ਨੂੰ ਪੱਤਰ ਭੇਜੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਫਿਲਮ ਵਿੱਚ ਸਿੱਖ ਇਤਿਹਾਸ ਨੂੰ ਗਲਤ ਢੰਗ ਨਾਲ ਦਿਖਾਉਣ ਦਾ ਯਤਨ ਕੀਤਾ ਗਿਆ ਹੈ, ਜਿਸ ਖ਼ਿਲਾਫ਼ ਪਹਿਲਾਂ ਵੀ ਸੈਂਸਰ ਬੋਰਡ, ਭਾਰਤ ਸਰਕਾਰ ਤੇ ਹੋਰਨਾਂ ਨੂੰ ਸੂਚਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅੱਜ ਅੰਮ੍ਰਿਤਸਰ ਵਿੱਚ ਪੀਵੀਆਰ ਸਿਨੇਮਾ, ਟਿਰੇਲੀਅਮ ਮਾਲ, ਅਲਫਾ ਮਾਲ ਆਦਿ ਥਾਵਾਂ ਅਤੇ ਸਿਨੇਮਾਘਰਾਂ ਦੇ ਬਾਹਰ ਪ੍ਰਦਰਸ਼ਨ ਕੀਤੇ ਗਏ। ਉਨ੍ਹਾਂ ਕਿਹਾ ਕਿ ਇਸ ਫਿਲਮ ਦੇ ਪ੍ਰਦਰਸ਼ਨ ’ਤੇ ਪੰਜਾਬ ਵਿੱਚ ਰੋਕ ਲਾਉਣੀ ਚਾਹੀਦੀ ਹੈ।

ਇਸ ਦੌਰਾਨ ਪੀਵੀਆਰ ਸਿਨੇਮਾ ਦੇ ਮੈਨੇਜਰ ਨੇ ਸਪੱਸ਼ਟ ਕੀਤਾ ਕਿ ਸਿਨੇਮਾਘਰ ਵਿੱਚ ਇਹ ਫਿਲਮ ਨਹੀਂ ਚਲਾਈ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਆਖਿਆ ਕਿ ਸਿਨੇਮਾਘਰ ਦੇ ਪ੍ਰਬੰਧਕਾਂ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਇਹ ਫਿਲਮ ਉਨ੍ਹਾਂ ਦੇ ਸਿਨੇਮਾਘਰ ਵਿੱਚ ਨਹੀਂ ਚਲਾਈ ਜਾਵੇਗੀ।

ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸੇ ਤਰ੍ਹਾਂ ਹੋਰਨਾ ਥਾਵਾਂ ’ਤੇ ਵੀ ਫਿਲਮ ਨਾ ਚਲਾਉਣ ਦੇ ਭਰੋਸੇ ਦਿੱਤੇ ਗਏ ਹਨ। ਇਸ ਦੌਰਾਨ ਸਿਨੇਮਾਘਰ ਦੇ ਬਾਹਰ ਭਾਰੀ ਪੁਲੀਸ ਬਲ ਤਾਇਨਾਤ ਸੀ। ਪੁਲੀਸ ਅਧਿਕਾਰੀ ਨੇ ਆਖਿਆ ਕਿ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ ਤੋਂ ਰੋਕਣ ਵਾਸਤੇ ਸਿਨੇਮਾਘਰਾਂ ਦੇ ਬਾਹਰ ਪੁਲੀਸ ਬਲ ਤਾਇਨਾਤ ਕੀਤਾ ਗਿਆ ਹੈ।




ਅੰਮ੍ਰਿਤਸਰ ਵਿੱਚ ਪੀਵੀਆਰ ਸਿਨੇਮਾ ਦੇ ਅੱਗੇ ਪ੍ਰਦਰਸ਼ਨ ਕਰਦੇ ਹੋਏ ਐਸਜੀਪੀਸੀ ਮੈਂਬਰ ਤੇ ਮੁਲਾਜ਼ਮ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 13 ਕੈਡਿਟਾਂ ਦੀ ਮਹਿਜ਼ ਦੋ ਮਹੀਨਿਆਂ ‘ਚ ਐਨ.ਡੀ.ਏ. ਤੇ ਹੋਰ ਰੱਖਿਆ ਅਕੈਡਮੀਆਂ ਵਿੱਚ ਹੋਈ ਚੋਣ

**ਚੰਡੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ.),ਐਸ.ਏ.ਐਸ. ਨਗਰ (ਮੁਹਾਲੀ) ਦੇ 13 ਕੈਡਿਟਾਂ ਦੀ ਪਿਛਲੇ ਦੋ ਮਹੀਨਿਆਂ ਵਿੱਚ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਹੋਰ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਚੋਣ ਹੋਣ ਨਾਲ ਇੱਕ ਨਵਾਂ ਮੀਲ ਪੱਥਰ ਸਥਾਪਤ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅੱਜ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੂਬੇ ਵਿੱਚ ਸੱਤਾ ਸੰਭਾਲਣ ਉਪਰੰਤ ਇਸ ਸੰਸਥਾ ਦੇ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਚੁਣੇ ਜਾਣ ਵਾਲੇ ਕੈਡਿਟਾਂ ਦੀ ਗਿਣਤੀ 66 ਤੱਕ ਪਹੁੰਚ ਗਈ ਹੈ। ਇਹ ਸਫਲਤਾ ਰੱਖਿਆ ਸੇਵਾਵਾਂ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ।

ਉਨ੍ਹਾਂ ਦੱਸਿਆ ਕਿ ਅੱਠ ਕੈਡਿਟ ਅਰਮਾਨਪ੍ਰੀਤ ਸਿੰਘ, ਕੇਸ਼ਵ ਸਿੰਗਲਾ, ਸੂਰਯਾਵਰਧਨ ਸਿੰਘ, ਫਤਹਿਵੀਰ ਸਿੰਘ, ਸੂਰਯਾਂਸ਼ ਠਾਕੁਰ, ਭਵਤੇਵੀਰ ਸਿੰਘ, ਰਾਘਵ ਸ਼ਰਮਾ ਅਤੇ ਸਾਹਿਲ ਸ਼ਰਮਾ ਐਨ.ਡੀ.ਏ.-153 ਕੋਰਸ ਲਈ ਐਨ.ਡੀ.ਏ., ਖੜਕਵਾਸਲਾ (ਪੁਣੇ) ਵਿੱਚ ਸ਼ਾਮਲ ਹੋਏ ਹਨ। ਇਸੇ ਤਰ੍ਹਾਂ ਅਨੀਕੇਤ ਸ਼ਰਮਾ ਮੱਧ ਪ੍ਰਦੇਸ਼ ਦੇ ਮਹੂ ਵਿਖੇ ਕੈਡਿਟਜ਼ ਟ੍ਰੇਨਿੰਗ ਵਿੰਗ (ਸੀ.ਟੀ.ਡਬਲਿਊ) ਵਿੱਚ ਸ਼ਾਮਲ ਹੋਇਆ, ਜਦਕਿ ਮਾਨਸ ਤਨੇਜਾ ਟੈਕਨੀਕਲ ਐਂਟਰੀ ਸਕੀਮ (ਟੀ.ਈ.ਐਸ.)-52 ਕੋਰਸ ਲਈ ਤੇਲੰਗਾਨਾ ਦੇ ਸਿਕੰਦਰਾਬਾਦ ਵਿੱਚ ਸੀ.ਟੀ.ਡਬਲਿਊ ਵਿੱਚ ਸ਼ਾਮਲ ਹੋਇਆ। ਉਨ੍ਹਾਂ ਅੱਗੇ ਦੱਸਿਆ ਕਿ ਵਾਸੂ ਮਹਿਤਾ 217 ਏ.ਐਫ.ਏ. ਕੋਰਸ ਲਈ ਏਅਰ ਫੋਰਸ ਅਕੈਡਮੀ (ਏ.ਐਫ.ਏ.), ਡੁੰਡੀਗਲ ਵਿੱਚ ਸ਼ਾਮਲ ਹੋਇਆ। ਜਸਕਰਨ ਸਿੰਘ (ਐਮ.ਆਰ.ਐਸ.ਏ.ਐਫ.ਪੀ.ਆਈ. ਦਾ ਸੀ.ਟੀ.ਡਬਲਯੂ) ਏ.ਐਫ.ਏ. ਦੇ 217 ਕੋਰਸ ਵਿੱਚ ਸ਼ਾਮਲ ਹੋਇਆ, ਜਦਕਿ ਪ੍ਰਸ਼ਾਂਤ ਕੁਮਾਰ (ਐਮ.ਆਰ.ਐਸ .ਏ.ਐਫ.ਪੀ.ਆਈ. ਦਾ ਸੀ.ਟੀ.ਡਬਲਯੂ) ਰੀਮਾਊਂਟ ਵੈਟਰਨਰੀ ਕੋਰ ਸੈਂਟਰ ਐਂਡ ਕਾਲਜ, ਮੇਰਠ ਵਿੱਚ 92 ਆਰ.ਵੀ.ਵਾਈ.ਓ. (ਰੀਮਾਊਂਟ ਵੈਟਰਨਰੀ ਯੰਗ ਅਫਸਰ) ਕੋਰਸ ਵਿੱਚ ਸ਼ਾਮਲ ਹੋਇਆ। ਜ਼ਿਕਰਯੋਗ ਹੈ ਕਿ ਕੈਡਿਟ ਅਰਮਾਨਪ੍ਰੀਤ ਸਿੰਘ ਨੇ ਐਨ.ਡੀ.ਏ.-153 ਕੋਰਸ ਲਈ ਆਲ ਇੰਡੀਆ ਮੈਰਿਟ ਸੂਚੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਕੇਸ਼ਵ ਸਿੰਗਲਾ ਨੇ ਇਸੇ ਕੋਰਸ ਲਈ ਆਲ ਇੰਡੀਆ ਮੈਰਿਟ ਵਿੱਚ 15ਵਾਂ ਰੈਂਕ ਪ੍ਰਾਪਤ ਕੀਤਾ। ਕੈਬਨਿਟ ਮੰਤਰੀ ਨੇ ਇਨ੍ਹਾਂ ਕੈਡਿਟਾਂ ਨੂੰ ਰੱਖਿਆ ਸੇਵਾਵਾਂ ਵਿੱਚ ਕਰੀਅਰ ਦੀ ਚੋਣ ’ਤੇ ਵਧਾਈ ਦਿੱਤੀ ਅਤੇ ਰੱਖਿਆ ਸੇਵਾਵਾਂ ਵਿੱਚ ਉਨ੍ਹਾਂ ਦੀ ਸਿਖਲਾਈ ਅਤੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਪੰਜਾਬ ਚੋਣ ਕੁਇਜ਼-2025 ਲਈ ਨੌਜਵਾਨਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇ : ਜ਼ਿਲ੍ਹਾ ਚੋਣ ਅਫ਼ਸਰ

ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ -ਕਮ-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ਦੇ ਨੌਜਵਾਨਾਂ ਨੂੰ 'ਪੰਜਾਬ ਚੋਣ ਕੁਇਜ਼-2025' 'ਚ ਆਪਣੀ ਰਜਿਸਟਰੇਸ਼ਨ ਕਰਵਾਉਣ ਦਾ ਸੱਦਾ ਦਿੱਤਾ ਹੈ। ਇਸ ਸਬੰਧੀ ਉਨ੍ਹਾਂ ਜ਼ਿਲ੍ਹੇ ਦੇ ਵਿੱਦਿਅਕ ਅਦਾਰਿਆਂ ਨੂੰ ਵੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ 'ਪੰਜਾਬ ਚੋਣ ਕੁਇਜ਼-2025' ਆਨਲਾਈਨ ਅਤੇ ਆਫ਼ਲਾਈਨ ਦੋਵਾਂ ਢੰਗਾਂ ਵਿੱਚ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ ਲਈ ਆਨਲਾਈਨ ਰਜਿਸਟ੍ਰੇਸ਼ਨ 18 ਜਨਵਰੀ, 2025 ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਨਲਾਈਨ ਚੋਣ ਕੁਇਜ਼ ਮੁਕਾਬਲਾ 19 ਜਨਵਰੀ, 2025 ਨੂੰ ਅਤੇ ਰਾਜ ਪੱਧਰੀ ਆਫ਼ਲਾਈਨ ਮੁਕਾਬਲਾ 24 ਜਨਵਰੀ ਨੂੰ ਲੁਧਿਆਣਾ ਵਿੱਚ ਹੋਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਪਹਿਲੇ ਦੌਰ ਵਿੱਚ ਜੇਤੂਆਂ ਦੀ ਪਛਾਣ ਜ਼ਿਲ੍ਹਾ ਪੱਧਰ 'ਤੇ ਆਨਲਾਈਨ ਮੁਕਾਬਲੇ ਤਹਿਤ ਕੀਤੀ ਜਾਵੇਗੀ ਅਤੇ ਅੰਤਿਮ ਆਫ਼ਲਾਈਨ ਮੁਕਾਬਲਾ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ 23 ਜ਼ਿਲ੍ਹਿਆਂ ਦੇ ਜੇਤੂਆਂ ਵਿਚਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਚੋਣ ਕੁਇਜ਼-2025 ਲਈ ਆਨਲਾਈਨ ਰਜਿਸਟ੍ਰੇਸ਼ਨ https://Punjab.indiastatquiz.com 'ਤੇ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਵੋਟਰ ਸ਼ਨਾਖ਼ਤੀ ਕਾਰਡ, ਆਧਾਰ ਕਾਰਡ ਅਤੇ ਸਕੂਲ/ਕਾਲਜ ਵੱਲੋਂ ਜਾਰੀ ਕੀਤਾ ਗਿਆ ਪਹਿਚਾਣ ਪੱਤਰ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਰਾਜ ਪੱਧਰ 'ਤੇ ਜੇਤੂਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ ਜਿਸ ਵਿੱਚ ਪਹਿਲੇ ਜੇਤੂ ਨੂੰ ਲੈਪਟਾਪ, ਦੂਜੇ ਜੇਤੂ ਨੂੰ ਐਂਡਰਾਇਡ ਟੈਬਲੇਟ, ਤੀਜਾ ਜੇਤੂ ਨੂੰ ਇੱਕ ਸਮਾਰਟ ਵਾਚ ਅਤੇ ਪੰਜਾਬ ਦੇ ਹਰੇਕ ਜ਼ਿਲ੍ਹੇ ਦੇ ਟਾਪਰ ਲਈ ਇੱਕ ਸਮਾਰਟ ਫ਼ੋਨ ਸ਼ਾਮਲ ਹਨ ਅਤੇ ਸਾਰੇ ਭਾਗੀਦਾਰਾਂ ਨੂੰ ਭਾਗੀਦਾਰੀ ਸਰਟੀਫਿਕੇਟ ਪ੍ਰਾਪਤ ਹੋਵੇਗਾ।

## ਜ਼ਿਲ੍ਹਾ ਪ੍ਰਸ਼ਾਸਨ ਸ਼ਿਮਲਾਪੁਰੀ ਵਿਖੇ ਸਲੱਮ ਦੇ ਮੁੜ ਵਸੇਬੇ ਦਾ ਪ੍ਰੋਜੈਕਟ ਅਗਲੇ ਹਫਤੇ ਸ਼ੁਰੂ ਕਰੇਗਾ

ਲੁਧਿਆਣਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਜ਼ਿਲ੍ਹਾ ਪ੍ਰਸ਼ਾਸਨ ਜਲਦੀ ਹੀ ਸ਼ਿਮਲਾਪੁਰੀ ਇਲਾਕੇ ਵਿੱਚ ਇੱਕ ਸਲੱਮ ਦੇ ਪੁਨਰਵਾਸ ਪ੍ਰੋਜੈਕਟ ਅਗਲੇ ਹਫਤੇ ਸ਼ੁਰੂ ਕਰਨ ਜਾ ਰਿਹਾ ਹੈ। ਸ਼ਿਮਲਾਪੁਰੀ ਝੁੱਗੀ-ਝੌਂਪੜੀ ਦੇ ਇੱਕ ਸ਼ੁਰੂਆਤੀ ਸਰਵੇਖਣ ਵਿੱਚ 50 ਪਰਿਵਾਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੀ ਕੁੱਲ ਆਬਾਦੀ 400 ਹੈ, ਜਿਸ ਵਿੱਚ 300 ਬੱਚੇ ਸ਼ਾਮਲ ਹਨ।

ਪ੍ਰੋਜੈਕਟ ਦੇ ਸ਼ੁਰੂਆਤੀ ਪੜਾਅ ਵਿੱਚ ਸਿੱਖਿਆ ਵਿਭਾਗ ਝੁੱਗੀ-ਝੌਂਪੜੀ ਦੇ ਬੱਚਿਆਂ ਨੂੰ ਵਿਅਕਤੀਗਤ ਸਿੱਖਣ ਮੁਲਾਂਕਣਾਂ ਦੇ ਆਧਾਰ 'ਤੇ ਢੁਕਵੀਆਂ ਕਲਾਸਾਂ ਵਿੱਚ ਦਾਖਲੇ ਦੀ ਸਹੂਲਤ ਲਈ ਸਲਾਹ-ਮਸ਼ਵਰਾ ਦੇਵੇਗਾ। ਸਿਹਤ ਟੀਮਾਂ ਵਸਨੀਕਾਂ ਦੀ ਸਿਹਤ ਦਾ ਮੁਲਾਂਕਣ ਕਰਨ ਅਤੇ ਲੋੜੀਂਦਾ ਇਲਾਜ ਪ੍ਰਦਾਨ ਕਰਨ ਲਈ ਸਕ੍ਰੀਨਿੰਗ ਕੈਂਪ ਲਗਾਉਣਗੀਆਂ।

ਇਸ ਤੋਂ ਇਲਾਵਾ ਵਿਭਾਗ ਸਰਬੱਤ ਸਿਹਤ ਬੀਮਾ ਯੋਜਨਾ (ਐਸ.ਐਸ.ਬੀ.ਵਾਈ) ਯੋਜਨਾ ਦੇ ਤਹਿਤ ਯੋਗ ਵਿਅਕਤੀਆਂ ਦੇ ਦਾਖਲੇ ਨੂੰ ਵੀ ਯਕੀਨੀ ਬਣਾਏਗਾ। ਇਸ ਤੋਂ ਇਲਾਵਾ ਸਮਾਜਿਕ ਸੁਰੱਖਿਆ ਵਿਭਾਗ ਵੱਖ-ਵੱਖ ਪੈਨਸ਼ਨ ਸਕੀਮਾਂ ਵਿੱਚ ਦਾਖਲਾ ਲੈਣ ਵਿੱਚ ਯੋਗ ਵਿਅਕਤੀਆਂ ਦੀ ਸਹਾਇਤਾ ਕਰੇਗਾ। ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ (ਡੀ.ਬੀ.ਈ.ਈ) ਮਾਪਿਆਂ ਨੂੰ ਸਨਮਾਨਜਨਕ ਰੋਜ਼ੀ-ਰੋਟੀ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਹੁਨਰ ਸਿਖਲਾਈ ਪ੍ਰਦਾਨ ਕਰੇਗਾ। ਨਗਰ ਨਿਗਮ ਲੁਧਿਆਣਾ ਝੁੱਗੀ-ਝੌਂਪੜੀ ਵਿੱਚ ਕਮਿਊਨਿਟੀ ਸੈਨੇਟਰੀ ਕੰਪਲੈਕਸ ਤੋਂ ਇਲਾਵਾ ਸਫਾਈ ਨੂੰ ਯਕੀਨੀ ਬਣਾਏਗਾ।

ਮੰਗਲਵਾਰ ਨੂੰ ਆਪਣੇ ਦਫ਼ਤਰ ਵਿੱਚ ਇੱਕ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਕਿਸੇ ਵੀ ਸਮਾਜ ਦੀ ਨੀਂਹ ਵਜੋਂ ਸਿੱਖਿਆ ਅਤੇ ਸਿਹਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਮਜ਼ਬੂਤ ਨੀਂਹਾਂ ਨਾਲ ਸਮਾਜਿਕ ਵਿਕਾਸ ਅਟੱਲ ਹੋ ਜਾਂਦਾ ਹੈ। ਉਨ੍ਹਾਂ ਐਲਾਨ ਕੀਤਾ ਕਿ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਅਗਲੇ ਹਫ਼ਤੇ ਤੋਂ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦੇਣਗੀਆਂ ਅਤੇ ਉਹ ਇਸ ਅਨੁਸਾਰ ਆਪਣੀਆਂ ਰਿਪੋਰਟਾਂ ਜਮ੍ਹਾਂ ਕਰਾਉਣਗੀਆਂ। ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਝੁੱਗੀ-ਝੌਂਪੜੀ ਦੇ ਪੁਨਰਵਾਸ ਲਈ ਇੱਕ ਵਿਸਤ੍ਰਿਤ ਰਣਨੀਤੀ ਤਿਆਰ ਕੀਤੀ ਜਾਵੇਗੀ।

ਸ੍ਰੀ ਜਤਿੰਦਰ ਜੋਰਵਾਲ ਨੇ ਉਜਾਗਰ ਕੀਤਾ ਕਿ ਇਹ ਪ੍ਰੋਜੈਕਟ ਝੁੱਗੀ-ਝੌਂਪੜੀ ਦੇ ਬੱਚਿਆਂ ਦੇ ਉੱਜਵਲ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਇੱਕ ਕਦਮ ਵਜੋਂ ਕੰਮ ਕਰੇਗਾ, ਜਿਸ ਨਾਲ ਉਨ੍ਹਾਂ ਨੂੰ ਸਹੀ ਵਿਦਿਅਕ ਸਲਾਹ ਤੋਂ ਬਾਅਦ ਨੇੜਲੇ ਸਕੂਲਾਂ ਵਿੱਚ ਦਾਖਲਾ ਮਿਲੇਗਾ। ਇਹ ਯਕੀਨੀ ਬਣਾਉਣ ਲਈ ਇੱਕ ਪ੍ਰਣਾਲੀ ਸਥਾਪਤ ਕੀਤੀ ਜਾਵੇਗੀ ਕਿ ਵਿਦਿਆਰਥੀ ਨਿਯਮਿਤ ਤੌਰ 'ਤੇ ਕਲਾਸਾਂ ਵਿੱਚ ਹਾਜ਼ਰ ਹੋਣ। ਇਸ ਤੋਂ ਇਲਾਵਾ ਉਨ੍ਹਾਂ ਜ਼ਿਕਰ ਕੀਤਾ ਕਿ ਮਾਪਿਆਂ ਦੇ ਹੁਨਰਾਂ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਹੁਨਰਮੰਦ ਬਣਾ ਕੇ ਸਨਮਾਨਜਨਕ ਰੋਜ਼ੀ-ਰੋਟੀ ਕਮਾਉਣ ਵਿੱਚ ਮਦਦ ਕਰਨ ਲਈ ਸਿਖਲਾਈ ਪ੍ਰਾਪਤ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਸਫਲਤਾਪੂਰਵਕ ਮੁਕੰਮਲ ਹੋਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਹੋਰ ਝੁੱਗੀ-ਝੌਂਪੜੀ ਵਾਲੇ ਇਲਾਕਿਆਂ ਦੇ ਮੁੜ ਵਸੇਬੇ 'ਤੇ ਧਿਆਨ ਕੇਂਦਰਿਤ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਭਾਈਚਾਰੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਯਤਨ ਵਿੱਚ ਲੋਕਾਂ ਦਾ ਸਮਰਥਨ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

ਵਧੀਕ ਡਿਪਟੀ ਕਮਿਸ਼ਨਰ ਸ੍ਰੀ ਅਮਰਜੀਤ ਬੈਂਸ, ਸ੍ਰੀ ਰੋਹਿਤ ਗੁਪਤਾ, ਮੁੱਖ ਮੰਤਰੀ ਦੇ ਫੀਲਡ ਅਫ਼ਸਰ ਮੈਡਮ ਕ੍ਰਿਤਿਕਾ ਗੋਇਲ, ਐਸ.ਡੀ.ਐਮ ਜਸਲੀਨ ਕੌਰ, ਪੂਨਮਪ੍ਰੀਤ ਕੌਰ ਅਤੇ ਹੋਰ ਵੀ ਮੀਟਿੰਗ ਵਿੱਚ ਮੌਜੂਦ ਸਨ।

## ਬੱਸਾਂ ਵਿੱਚ ਮੁਫ਼ਤ ਸਫਰ ਦੀ ਬਣਦੀ 500 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੀ ਅਦਾਇਗੀ ਪੀ.ਆਰ.ਟੀ.ਸੀ. ਵਰਕਰਜ਼ ਯੂਨੀਅਨ ਵੱਲੋਂ ਰੋਸ ਮਾਰਚ




ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਇੱਥੇ ਪਟਿਆਲਾ ਵਿਖੇ ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਵੱਖ—ਵੱਖ ਜਥੇਬੰਦੀਆਂ ਸਬੰਧਤ ਏਟਕ, ਇੰਟਕ, ਕਰਮਚਾਰੀ ਦਲ, ਐਸ.ਸੀ.ਬੀ.ਸੀ. ਕੰਟਰੈਕਟ ਅਜ਼ਾਦ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਤੇ ਆਧਾਰਤ ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵੱਲੋਂ ਪੰਜਾਬ ਸਰਕਾਰ ਵਿਰੁੱਧ ਔਰਤਾਂ ਦੇ ਬੱਸਾਂ ਵਿੱਚ ਮੁਫ਼ਤ ਸਫਰ ਦੀ ਬਣਦੀ ਪਿਛਲੇ ਕਈ ਮਹੀਨਿਆਂ ਦੀ 500 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੀ ਅਦਾਇਗੀ ਪੀ.ਆਰ.ਟੀ.ਸੀ. ਨੂੰ ਨਾ ਕਰਨ ਦੇ ਰੋਸ ਵਜੋਂ ਬਜਾਰਾਂ ਵਿੱਚ ਬੈਨਰ, ਮਾਟੋ ਅਤੇ ਨਾਅਰਿਆ ਦੀਆਂ ਤਖਤੀਆਂ ਲੈ ਕੇ ਰੋਹ ਪੂਰਨ ਰੋਸ ਮਾਰਚ ਕੀਤਾ ਗਿਆ। ਇਸ ਰੋਸ ਮਾਰਚ ਤੋਂ ਪਹਿਲਾ ਪਟਿਆਲਾ ਡਿਪੂ ਦੇ ਗੇਟ ਉਪਰ ਰੈਲੀ ਕੀਤੀ ਗਈ। ਉਸ ਤੋਂ ਬਾਅਦ ਐਕਸ਼ਨ ਕਮੇਟੀ ਦੇ ਕਨਵੀਨਰ ਸ੍ਰੀ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਸਰਵ ਸ੍ਰੀ ਬਲਦੇਵ ਰਾਜ ਬੱਤਾ, ਜਰਨੈਲ ਸਿੰਘ, ਮਨਜਿੰਦਰ ਕੁਮਾਰ ਬੱਬੂ ਸ਼ਰਮਾ, ਰਾਕੇਸ਼ ਕੁਮਾਰ ਦਾਤਾਰਪੁਰੀ ਅਤੇ ਉਤਮ ਸਿੰਘ ਬਾਗੜੀ ਦੀ ਅਗਵਾਈ ਵਿੱਚ ਰੋਸ ਮਾਰਚ ਸ਼ੁਰੂ ਕੀਤਾ ਗਿਆ, ਜੋ ਕਿ ਬਜ਼ਾਰਾਂ ਵਿਚੋਂ ਦੀ ਹੁੰਦਾ ਹੋਇਆ ਪੁਰਾਣੇ ਬੱਸ ਸਟੈਂਡ ਪਟਿਆਲਾ ਦੇ ਗੇਟ ਸਾਹਮਣੇ ਪੰਜਾਬ ਸਰਕਾਰ ਦਾ ਪੁੱਤਲਾ ਸਾੜ ਕੇ ਖਤਮ ਕੀਤਾ ਗਿਆ। ਬਜ਼ਾਰਾਂ ਵਿੱਚ ਨਾਅਰੇ ਲਾਉਂਦੇ ਹੋਏ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਮੁਲਾਜਮ ਮਜਦੂਰ ਵਿਰੋਧੀ ਸਰਕਾਰ ਦੀ ਜਮਕੇ ਨਿਖੇਧੀ ਕੀਤੀ ਗਈ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਵਾਂ ਸਾਲ 2025 ਚੜ੍ਹਦੇ ਹੀ ਪਹਿਲੀ ਤਨਖਾਹ—ਪੈਨਸ਼ਨ ਜੋ ਕਿ ਹਰ ਹਾਲਤ ਪਹਿਲੀ ਤਾਰੀਖ ਨੂੰ ਮਿਲਣੀ ਚਾਹੀਦੀ ਹੈ ਉਹ 14 ਤਾਰੀਖ ਹੋਣ ਤੱਕ ਵੀ ਵਰਕਰਾਂ ਨੂੰ ਨਸੀਬ ਨਹੀਂ ਹੋਈ। ਜਦ ਕਿ ਘਰਾਂ ਦਾ ਗੁਜਾਰਾ ਅਤੇ ਹੋਰ ਲੋੜਾਂ ਪੂਰੀਆਂ ਕਰਨ ਲਈ ਪਹਿਲੀਆਂ 2—3 ਤਾਰੀਖਾਂ ਤੱਕ ਹਰ ਇੱਕ ਮੁਲਾਜਮ ਨੂੰ ਭੁਗਤਾਨ ਕਰਨੇ ਪੈਂਦੇ ਹਨ। ਪਰ ਇਹ ਕਿਹੋ ਜਿਹੀ ਸਰਕਾਰ ਹੈ ਜਿਸ ਨੇ ਢੀਠਤਾਈ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਜਿਹੜੀ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੇ ਬਾਵਜੂਦ ਵੀ ਵੋਟ ਰਾਜਨੀਤੀ ਲਈ ਦਿੱਤੀਆਂ ਸਫਰ ਸਹੂਲਤਾਂ ਦੀ 500 ਕਰੋੜ ਰੁਪਏ ਦੀ ਪੈਂਡਿੰਗ ਪਈ ਰਕਮ ਵਿਚੋਂ 30—40 ਕਰੋੜ ਰੁਪਏ ਵੀ ਤਨਖਾਹ—ਪੈਨਸ਼ਨ ਲਈ ਨਹੀਂ ਦਿੰਦੀ। ਜਿੱਥੇ ਸਰਕਾਰ ਮੁੱਖ ਤੌਰ ਤੇ ਇਸ ਲਈ ਜਿੰਮੇਵਾਰ ਹੈ, ਉੱਥੇ ਹੀ ਪੀ.ਆਰ.ਟੀ.ਸੀ. ਦੇ ਵਿੱਤੀ ਪ੍ਰਬੰਧ ਦਾ ਸੰਚਾਲਨ ਕਰਨ ਵਾਲੇ ਲੇਖਾ ਅਧਿਕਾਰੀ ਵੀ ਜਿੰਮੇਵਾਰ ਹਨ ਜਿਹੜੇ ਲੋੜੀਂਦੀ ਪੈਰਵਾਈ ਨਹੀਂ ਕਰਦੇ। ਸਗੋਂ ਆਪ ਹੀ ਅੜਿੱਕੇ ਵੀ ਡਾਹੁੰਦੇ ਹਨ। ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਵਰਕਰਾਂ ਦੀਆਂ ਤਰੱਕੀਆਂ, ਬਕਾਏ, ਕੰਟਰੈਕਟ ਵਰਕਰ ਪੱਕੇ ਕਰਨੇ, ਨਵੀਆਂ ਬੱਸਾਂ ਪਾਉਣਾ, ਤਨਖਾਹ ਪੈਨਸ਼ਨ ਦੀ ਸਮੇਂ ਸਿਰ ਅਦਾਇਗੀ ਕਰਨਾ ਆਦਿ ਮੰਗਾਂ ਪੂਰੀਆਂ ਕਰਨ ਵਿੱਚ ਦੇਰੀ ਅਤੇ ਲਾਪਰਵਾਹੀ ਵਾਲਾ ਰਵੱਈਆ ਜਾਰੀ ਰਿਹਾ ਤਾਂ ਜਲਦੀ ਹੀ ਲਗਾਤਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

## ਸੜਕ ਸੁਰੱਖਿਆ ਮਹੀਨੇ ਤਹਿਤ ਟਰੱਕ ਡਰਾਇਵਰਾਂ ਦੀਆਂ ਅੱਖਾਂ ਦਾ ਚੈਕਅਪ ਕੈਂਪ ਲਗਾਇਆ-ਨਮਨ ਮਾਰਕੰਨ

### ਮਾਤਾ ਕੌਸ਼ੱਲਿਆ ਹਸਪਤਾਲ 'ਚ 40 ਟਰੱਕ ਡਰਾਇਵਰਾਂ ਦੀਆਂ ਅੱਖਾਂ ਦੀ ਜਾਂਚ



-ਸੜਕ ਸੁਰੱਖਿਆ ਮਹੀਨੇ ਦੌਰਾਨ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਮਾਤਾ ਕੌਸ਼ੱਲਿਆ ਹਸਪਤਾਲ ਵਿਖੇ ਟਰੱਕ ਡਰਾਇਵਰਾਂ ਦੀਆਂ ਅੱਖਾਂ ਦੀ ਜਾਂਚ ਦੇ ਕੈਂਪ ਦੀ ਤਸਵੀਰ।

ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੜਕ ਸੁਰੱਖਿਆ ਮਹੀਨੇ ਤਹਿਤ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਪਟਿਆਲਾ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਲੀਕੇ ਵੱਖ ਵੱਖ ਪ੍ਰੋਗਰਾਮਾਂ ਦੌਰਾਨ ਇੱਥੇ ਮਾਤਾ ਕੌਸ਼ੱਲਿਆ ਹਸਪਤਾਲ ਵਿਖੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਟਰੱਕ ਡਰਾਇਵਰਾਂ ਦੀਆਂ ਅੱਖਾਂ ਦਾ ਮੈਡੀਕਲ ਚੈਕਅਪ ਕਰਵਾਇਆ। ਇਹ ਜਾਣਕਾਰੀ ਦਿੰਦਿਆਂ ਖੇਤਰੀ ਟਰਾਂਸਪੋਰਟ ਅਫ਼ਸਰ ਨਮਨ ਮਾਰਕੰਨ ਨੇ ਦੱਸਿਆ ਕਿ ਟਰੱਕ ਯੂਨੀਅਨ ਪਟਿਆਲਾ ਦੇ ਮੈਂਬਰ ਡਰਾਇਵਰਾਂ ਨੂੰ ਜਿੱਥੇ ਸੜਕੀ ਨੇਮਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਉਥੇ ਹੀ ਉਨ੍ਹਾਂ ਦੀਆਂ ਅੱਖਾਂ ਦੀ ਵੀ ਜਾਂਚ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਆਰ.ਟੀ.ਓ. ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਟਰਾਂਸਪੋਰਟ ਵਿਭਾਗ ਵੱਲੋਂ ਜ਼ਿਲ੍ਹਾ ਟ੍ਰੈਫਿਕ ਪੁਲਿਸ ਦੇ ਨਾਲ ਮਿਲ ਕੇ ਲੋਕਾਂ ਨੂੰ ਜਿੱਥੇ ਆਵਾਜਾਈ ਨੇਮਾਂ ਬਾਰੇ ਜਾਗਰੂਕ ਕਰਨ ਲਈ ਪੂਰੇ ਮਹੀਨੇ ਦੌਰਾਨ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਉਥੇ ਹੀ ਸੇਫ਼ ਸਕੂਲ ਵਾਹਨ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਕੂਲੀ ਵਾਹਨਾਂ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ।

ਨਮਨ ਮਾਰਕੰਨ ਨੇ ਅੱਗੇ ਦੱਸਿਆ ਕਿ ਅੱਜ ਮਾਤਾ ਕੌਸ਼ੱਲਿਆ ਸਰਕਾਰੀ ਹਸਪਤਾਲ ਦੇ ਅੱਖਾਂ ਦੇ ਡਾਕਟਰ ਡਾ. ਡਿੰਪੀ ਨੇ 40 ਦੇ ਕਰੀਬ ਪਟਿਆਲਾ ਟਰੱਕ ਯੂਨੀਅਨ ਦੇ ਮੈਂਬਰ ਡਰਾਇਵਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ। ਇਸ ਦੌਰਾਨ ਟਰੱਕ ਯੂਨੀਅਨ ਦੇ ਨੁਮਾਇੰਦੇ ਸ੍ਰੀ ਰਾਣਾ ਨੇ ਕਿਹਾ ਕਿ ਉਹ ਆਪਣੀ ਯੂਨੀਅਨ ਦੇ ਸਾਰੇ ਡਰਾਇਵਰਾਂ ਨੂੰ ਆਵਾਜਾਈ ਨੇਮਾਂ ਬਾਰੇ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਦੀਆਂ ਹਦਾਇਤਾਂ ਤੋਂ ਲਗਾਤਾਰ ਜਾਣੂ ਕਰਵਾ ਰਹੇ ਹਾਂ ਤਾਂ ਕਿ ਸੜਕਾਂ 'ਤੇ ਹੁੰਦੇ ਹਾਦਸੇ ਟਾਲੇ ਜਾ ਸਕਣ।

ਆਰ.ਟੀ.ਓ. ਨੇ ਅੱਗੇ ਕਿਹਾ ਕਿ ਸੜਕ ਸੁਰੱਖਿਆ ਮਹੀਨੇ ਤਹਿਤ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ ਵੱਖ ਸਕੂਲਾਂ ਕਾਲਜਾਂ, ਯੂਨੀਵਰਸਿਟੀ, ਟਰੱਕ ਯੂਨੀਅਨ, ਟੈਕਸੀ ਸਟੈਂਡ ਵਿਖੇ ਜਾ ਕੇ ਨੌਜਵਾਨਾਂ ਅਤੇ ਪਬਲਿਕ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਧੁੰਦ ਦੇ ਮੌਸਮ ਨੂੰ ਵੇਖਦਿਆਂ ਟਰੈਕਟਰ ਟਰਾਲੀਆਂ, ਟਰੱਕਾਂ, ਕਾਰਾ ਅਤੇ ਹੋਰ ਵਹੀਕਲਜ਼ ਉਪਰ ਰਿਫ਼ਲੈਕਟਰ ਲਗਾਏ ਜਾ ਰਹੇ ਹਨ ਤਾਂ ਜੋ ਧੁੰਦ ਕਾਰਨ ਕੋਈ ਹਾਦਸਾ ਨਾ ਵਾਪਰੇ।

## ਏ.ਡੀ.ਸੀ. ਵੱਲੋਂ ਜ਼ਿਲ੍ਹਾ ਸਿਹਤ ਸੁਸਾਇਟੀ ਦੇ ਕੰਮ ਦਾ ਜਾਇਜ਼ਾ; ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਿਭਾਗ ਨੂੰ ਹਦਾਇਤਾਂ

ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਏ.ਡੀ.ਸੀ ਨਵਰੀਤ ਕੌਰ ਸੇਖੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਨੇ ਅੱਜ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪਿਛਲੇ ਮਹੀਨੇ ਜਾਰੀ ਕੀਤੀਆਂ ਹਦਾਇਤਾਂ ਉਤੇ ਸਿਹਤ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਦੀ ਸਮੀਖਿਆ ਕਰਦਿਆਂ ਕਿਹਾ ਕਿ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਿਭਾਗ ਹਰੇਕ ਸਿਹਤ ਸਕੀਮ ਰਾਹੀਂ ਲੋਕਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਸਮਾਂਬੱਧ ਕਰੇ ਤਾਂ ਜੋ ਕੰਮ ਦੇ ਹੋਰ ਬਿਹਤਰ ਨਤੀਜੇ ਸਾਹਮਣੇ ਆ ਸਕਣ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਜਨਨੀ ਸ਼ਿਸ਼ੂ ਸੁਰੱਖਿਆ ਕਾਰ੍ਰਿਆਕਰਮ, ਜਨਨੀ ਸੁਰੱਖਿਆ ਯੋਜਨਾ, ਸੁਮਨ, ਪਰਿਵਾਰ ਨਿਯੋਜਨ, ਆਰ.ਬੀ.ਐਸ.ਕੇ, ਐਨ.ਪੀ.ਸੀ.ਬੀ., ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਯੋਜਨਾ, ਰਾਸ਼ਟਰੀ ਵੈਕਟਰ ਬੋਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਤੇ ਟੀ.ਬੀ. ਕੰਟਰੋਲ ਪ੍ਰੋਗਰਾਮ ਦੀ ਸਮੀਖਿਆ ਕੀਤੀ ਗਈ ਅਤੇ ਇਨ੍ਹਾਂ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਨਿਰਦੇਸ਼ ਦਿੱਤੇ।

ਨਵਰੀਤ ਕੌਰ ਸੇਖੋਂ ਨੇ ਮੀਟਿੰਗ ਦੌਰਾਨ ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ ਦਾ ਜਾਇਜ਼ਾ ਲੈਂਦਿਆਂ ਸਕੂਲ ਵਿੱਚ ਪੜਦੇ ਛੋਟੇ ਬੱਚਿਆਂ ਦੀ ਸਿਹਤ ਜਾਂਚ ਕਰਨ ਅਤੇ ਸਹੀ ਸਮੇਂ ਟੀਕਾਕਰਨ ਕਰਵਾਉਣ ਲਈ ਮਾਤਾ-ਪਿਤਾ ਨੂੰ ਜਾਗਰੂਕ ਦੀ ਹਦਾਇਤ ਕੀਤੀ।

ਮੀਟਿੰਗ 'ਚ ਜ਼ਿਲ੍ਹੇ ਦੇ ਸਮੂਹ ਐਸ.ਐਮ.ਓਜ਼ ਵੀ ਮੌਜੂਦ ਸਨ।

## ਰੱਖਿਆ ਸੇਵਾਵਾਂ ਭਲਾਈ ਵਿਭਾਗ ਨੇ ਮਨਾਇਆ ਵੈਟਰਨਜ ਡੇਅ

### ਵਿਭਾਗ ਨੇ 90 ਸਾਲ ਤੋਂ ਵੱਧ ਉਮਰ ਦੇ ਸਾਬਕਾ ਸੈਨਿਕਾਂ ਦਾ ਘਰਾਂ 'ਚ ਜਾ ਕੇ ਕੀਤਾ ਸਨਮਾਨ

ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਡਿਪਟੀ ਡਾਇਰੈਕਟਰ, ਰੱਖਿਆ ਸੇਵਾਵਾਂ ਭਲਾਈ ਪੰਜਾਬ ਕਮਾਂਡਰ ਬਲਜਿੰਦਰ ਵਿਰਕ (ਸੇਵਾਮੁਕਤ) ਵੱਲੋਂ ਜਾਰੀ ਹੋਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਟਿਆਲਾ ਵਿਖੇ ਵੈਟਰਨਜ ਡੇਅ ਮਨਾਇਆ ਗਿਆ। ਇਸ ਮੌਕੇ ਦਫ਼ਤਰ ਦੇ ਸੁਪਰਡੰਟ ਸੁਖਵੰਤ ਸਿੰਘ ਚੋਪੜਾ, ਪੱਪੀ ਸਿੰਘ, ਫ਼ੀਲਡ ਅਫ਼ਸਰ, ਹਰਵਿੰਦਰ ਸਿੰਘ, ਨਿਰਮਲ ਸਿੰਘ ਵੱਲੋਂ ਪਟਿਆਲਾ ਜ਼ਿਲ੍ਹੇ ਨਾਲ ਸਬੰਧਿਤ 90 ਸਾਲ ਤੋਂ ਵੱਧ ਉਮਰ ਦੇ ਸਾਬਕਾ ਸੈਨਿਕਾਂ ਨੂੰ ਦੇਸ਼ ਪ੍ਰਤੀ ਦਿੱਤੀਆਂ ਗਈਆਂ ਵਡਮੁੱਲੀਆਂ ਸੇਵਾਵਾਂ ਨੂੰ ਸਮਰਪਿਤ ਯਾਦਗਾਰੀ ਚਿੰਨ੍ਹ ਨਾਲ ਉਨ੍ਹਾਂ ਦੇ ਗ੍ਰਹਿ ਨਿਵਾਸ ਸਥਾਨ ਵਿਖੇ ਪਹੁੰਚ ਕਰਦੇ ਹੋਏ ਸਨਮਾਨਿਤ ਕੀਤਾ ਗਿਆ।

ਇਨ੍ਹਾਂ ਸਨਮਾਨਿਤ ਕੀਤੀਆਂ ਗਈਆਂ ਸ਼ਖ਼ਸੀਅਤਾਂ ਵਿਚੋਂ ਸਾਬਕਾ ਨਾਇਬ ਸੂਬੇਦਾਰ ਸੁਰਜਨ ਸਿੰਘ (101 ਸਾਲ), ਸਾਬਕਾ ਹਵਲਦਾਰ/ਕਲਰਕ ਤਾਰਾ ਸਿੰਘ (100 ਸਾਲ), ਸੂਬੇਦਾਰ ਰਾਮਸ਼ਰਨ ਦਾਸ, ਹਵਲਦਾਰ ਮੋਹਿੰਦਰ ਸਿੰਘ, ਸਿਪਾਹੀ ਕਪੂਰ ਸਿੰਘ ਸ਼ਾਮਲ ਸਨ। ਸਾਬਕਾ ਸੈਨਿਕ ਨੇ ਇਸ ਮੌਕੇ ਤੇ ਵਿਭਾਗ ਵੱਲੋਂ ਚਲਾਏ ਗਏ ਇਸ ਉਪਰਾਲੇ ਦਾ ਤਹਿ-ਦਿਲੋਂ ਧੰਨਵਾਦ ਕੀਤਾ।

## ਲਾਇਨਜ਼ ਕਲੱਬ ਪਟਿਆਲਾ ਫੋਟ ਨੇ ਗਰਮ ਕੱਪੜੇ ਵੰਡੇ



ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਲੋਇਨ ਕਲੱਬ ਪਟਿਆਲਾ ਫੋਰਟ ਮਕਰ ਸਕ੍ਰਾਂਤੀ ਦੇ ਪ੍ਰਸਿੱਧ ਦਿਹਾੜੇ ਦਿਨ ਸਾਇ ਸਰਵਸਤੀ ਵਿਦਿਆ ਮੰਦਿਰ ਹਾਈ ਸਕੂਲ ਭਾਰਤ ਨਗਰ ਪਟਿਆਲਾ ਵਿੱਚ ਪੁੱਜੇ ਉੱਥੇ ਕਲੱਬ ਵੱਲੋਂ ਵਿਦਿਆਰਥੀਆਂ ਨੂੰ ਗਰਮ ਜਰਸੀਆਂ ਵੰਡੀਆਂ ਗਈਆਂ ਤਾਂ ਜੋ ਕਿ ਬੱਚੇ ਸਰ ਦੇ ਵਿੱਚ ਸਕੂਲ ਦੀ ਵਰਦੀ ਪਾ ਕੇ ਸਕੂਲ ਆ ਸਕਣ ਅਤੇ ਸਰਦੀ ਤੋਂ ਬਚ ਸਕਣ ਲਾਈਨ ਕਲੱਬ ਫੋਰਥ ਇਹੋ ਜਿਹੇ ਉਪਰਾਲੇ ਕਰਦਾ ਰਹਿੰਦਾ ਹੈ। ਅੱਜ ਦੇ ਮੌਕੇ ਤੇ ਹੀ ਲਾਈਨ ਕਲੱਬ ਪਟਿਆਲਾ ਫੋਰਟ ਵੱਲੋਂ ਇੱਕ ਜ਼ਰੂਰਤਮੰਦ ਆਦਮੀ ਨੂੰ ਵੀਲ ਚੇਅਰ ਦਿੱਤੀ ਗਈ ਇਹ ਔਰਤ ਠੀਕ ਤਰ੍ਹਾਂ ਚੱਲ ਨੇ ਚੱਲ ਫਿਰ ਨਹੀਂ ਸਕਦੀ ਸੀ ਇਹ ਵੀਲ ਚੇਅਰ ਲਾਇਨ ਸ਼ੈਲ ਮਲਹੋਤਰਾ ਵਲੋਂ ਦਾਨ ਦਿੱਤੀ ਗਈ ਇਸ ਵੀਲ ਚੇਅਰ ਦੇ ਮਦਦ ਨਾਲ ਇਹ ਔਰਤ ਹੁਣ ਚਲ ਫਿਰ ਸਕੇਗੀ 1

ਇਸ ਮੌਕੇ ਤੇ ਜੋਨ ਚੇਅਰ ਪਰਸਨ ਕਰਮਵੀਰ ਪੁਰੀ ਪ੍ਰਧਾਨ ਸੀ ਡੀ ਗਰਗ, ਯਸ਼ਪਾਲ ਸੂਦ, ਸੁਹਿੰਦਰ ਕੌਸਲ, ਡਾਕਟਰ ਰਮਨ ਗਰੋਵਰ, ਯਾਦਵਿੰਦਰ ਸਿੰਘਲਾ, ਆਰ ਐਸ ਪੰਨੂ, ਇੰਜੀਨੀਅਰ ਦੀਪ ਸਾਰਵਾਲ ਅਤੇ ਸ਼ਿਵ ਦੱਤ ਸ਼ਰਮਾ ਹਾਜ਼ਰ ਸਨ।

## ਸਰਕਾਰੀ ਮੈਡੀਕਲ ਕਾਲਜ ਵਿਖੇ ਸੁੱਖ-ਸ਼ਾਂਤੀ ਲਈ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਸਮੂਹ ਬ੍ਰਾਂਚਾਂ ਦੇ ਸਹਿਯੋਗ ਸਦਕਾ ਕਾਲਜ ਦੇ ਸਮੂਹ ਕਰਮਚਾਰੀਆਂ ਅਤੇ ਸਟਾਫ ਮੈਂਬਰਾਂ ਦੀ ਸਿਹਤਯਾਬੀ ਤੇ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ ਗਈ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਉਪਰੰਤ ਰਾਗੀ ਸਿੰਘਾਂ ਵਲੋਂ ਕੀਰਤਨ ਗਾਇਨ ਕੀਤਾ। ਇਸ 'ਚ ਸਭ ਵਲੋਂ ਸ਼ਰਧਾ ਸਹਿਤ ਹਾਜ਼ਰੀ ਲਗਵਾਈ ਗਈ ਅਤੇ ਸਮੂਹ ਕਰਮਚਾਰੀਆਂ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ ਗਈ। ਚਾਹ ਦਾ ਲੰਗਰ ਵੀ ਵਰਤਾਇਆ ਗਿਆ।

ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਰਾਜਨ ਸਿੰਗਲਾ, ਵਾਇਸ ਪ੍ਰਿੰਸੀਪਲ ਡਾ. ਸੀਬੀਆ, ਡਾ. ਅਕਾਸ਼ਦੀਪ ਅਗਰਵਾਲ, ਡਾ. ਸਿੰਮੀ ਉਬਰਾਏ, ਡਾ. ਰਵਿੰਦਰ ਖਹਿਰਾ, ਸ੍ਰੀ ਵਿਪੁੱਨ ਸ਼ਰਮਾ, ਤੇਜਿੰਦਰ ਸਿੰਘ, ਅਮਰਿੰਦਰ ਸਿੰਘ, ਗੁਰਜਿੰਦਰਪਾਲ ਭਾਟੀਆ, ਸੰਦੀਪ ਕੁਮਾਰ, ਸੁੱਚਾ ਸਿੰਘ, ਬਿਕਰਮ ਸਿੰਘ, ਸ੍ਰੀਮਤੀ ਰੁਪਿੰਦਰ ਕੌਰ, ਮਨਜਿੰਦਰ ਸਿੰਘ, ਕਰਮਜੀਤ ਸਿੰਘ, ਸਤਨਾਮ ਸਿੰਘ, ਭੁਪਿੰਦਰ ਯਾਦਵ, ਰੋਹਿਤ ਕੁਮਾਰ, ਅਮਨਦੀਪ ਸਿੰਘ, ਰਜਨੀ ਬਾਲਾ, ਜੋਤੀ ਮੈਡਮ, ਜਸਵਿੰਦਰ ਸਿੰਘ, ਰਾਜੂ ਤਿਵਾੜੀ, ਰਿਸ਼ੀ ਦੂਬੇ, ਸਾਹਿਲ ਕੁਮਾਰ, ਅਜੈ ਹਾਂਸ, ਗੌਰਵ ਕੁਮਾਰ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।

## ਡੇਅਰੀ ਵਿਕਾਸ ਬੋਰਡ ਵੱਲੋਂ ਡੇਅਰੀ ਉੱਦਮ ਸਿਖਲਾਈ ਕੋਰਸ 20 ਜਨਵਰੀ ਤੋਂ ਹੋਵੇਗਾ ਸ਼ੁਰੂ : ਡਿਪਟੀ ਡਾਇਰੈਕਟਰ

ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਦਲਬੀਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਵਿੱਚ ਡੇਅਰੀ ਦੇ ਕਿੱਤੇ ਨੂੰ ਉਤਸ਼ਾਹਤ ਕਰਨ ਲਈ ਵਿਭਾਗ ਵੱਲੋਂ ਲਗਾਤਾਰ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਸੇ ਲੜੀ ਤਹਿਤ ਡੇਅਰੀ ਵਿਕਾਸ ਵਿਭਾਗ ਵੱਲੋਂ ਚਾਰ ਹਫ਼ਤੇ ਦਾ ਡੇਅਰੀ ਉੱਦਮ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਕੋਰਸ ਦੌਰਾਨ ਡੇਅਰੀ ਫਾਰਮਿੰਗ ਸ਼ੁਰੂ ਕਰਨ ਤੋਂ ਪਹਿਲਾਂ ਧਿਆਨ ਯੋਗ ਗੱਲਾਂ, ਦੁਧਾਰੂ ਪਸ਼ੂਆਂ ਦੀਆਂ ਨਸਲਾਂ, ਨਸਲ ਸੁਧਾਰ ਲਈ ਨਸਲਕਸ਼ੀ, ਬਨਾਵਟੀ ਗਰਭਾਦਾਨ, ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਦੀ ਵਿਉਂਤਬੰਦੀ, ਪਸ਼ੂਆਂ ਦੀਆਂ ਆਮ ਬਿਮਾਰੀਆਂ ਬਾਰੇ, ਦੁੱਧ ਦੀ ਫੈਟ/ਐਸ.ਐਨ. ਐਫ ਬਾਰੇ, ਦੁੱਧ ਤੋਂ ਦੁੱਧ ਪਦਾਰਥ ਤਿਆਰ ਕਰਨ ਬਾਰ ਗੰਢੋਇਆਂ ਦੀ ਖਾਦ ਤਿਆਰ ਕਰਨ ਬਾਰੇ, ਸੰਤੁਲਿਤ ਪਸੂ ਖ਼ੁਰਾਕ ਤਿਆਰ ਕਰਨ ਅਤੇ ਵਰਤੋਂ, ਸਾਫ਼ ਦੁੱਧ ਪੈਦਾ ਕਰਨ, ਡੇਅਰੀ ਫਾਰਮਿੰਗ ਦੀ ਆਰਥਿਕਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ।

ਡਿਪਟੀ ਡਾਇਰੈਕਟਰ ਨੇ ਦੱਸਿਆ ਕਿ 20 ਜਨਵਰੀ ਤੋਂ ਚਾਰ ਹਫ਼ਤੇ ਦਾ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਡੇਅਰੀ ਉੱਦਮ ਸਿਖਲਾਈ ਕੋਰਸ ਡੇਅਰੀ ਸਿਖਲਾਈ ਤੇ ਵਿਸਥਾਰ ਸੇਵਾ ਕੇਂਦਰ, ਬੀਜਾ (ਲੁਧਿਆਣਾ) ਅਤੇ ਸੰਗਰੂਰ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਦੀ ਜਨਰਲ ਵਰਗ ਲਈ ਫ਼ੀਸ 5 ਹਜ਼ਾਰ ਰੁਪਏ ਅਤੇ ਅਨੁਸੂਚਿਤ ਜਾਤੀ ਲਈ 4 ਹਜ਼ਾਰ ਰੁਪਏ ਹੈ। ਸਿਖਲਾਈ ਕੋਰਸ ਲਈ ਉਮੀਦਵਾਰਾਂ ਦੀ ਕਾਊਂਸਲਿੰਗ ਮਿਤੀ 18 ਜਨਵਰੀ ਨੂੰ ਸਵੇਰੇ 10 ਵਜੇ ਡੇਅਰੀ ਸਿਖਲਾਈ ਤੇ ਵਿਸਥਾਰ ਸੇਵਾ ਕੇਂਦਰ, ਬੀਜਾ (ਜ਼ਿਲ੍ਹਾ ਲੁਧਿਆਣਾ) ਅਤੇ ਸੰਗਰੂਰ ਵਿਖੇ ਕੀਤੀ ਜਾਣੀ ਹੈ। ਸਿਖਲਾਈ ਲਈ ਘੱਟੋ ਘੱਟ ਯੋਗਤਾ ਦਸਵੀਂ ਪਾਸ ਹੈ ਅਤੇ ਉਮੀਦਵਾਰ ਪੇਂਡੂ ਖੇਤਰ ਨਾਲ ਸਬੰਧ ਰੱਖਦਾ ਹੋਵੇ। ਸਿੱਖਿਆਰਥੀਆਂ ਲਈ ਟ੍ਰੇਨਿੰਗ ਦੀ ਉਮਰ 18 ਤੋਂ 55 ਸਾਲ ਹੈ ਅਤੇ ਲਾਭਪਾਤਰੀ ਕੋਲ 5 ਜਾਂ 5 ਤੋਂ ਵੱਧ ਦੁਧਾਰੂ ਪਸ਼ੂ ਰੱਖੇ ਹੋਣੇ ਚਾਹੀਦੇ ਹਨ। ਲਾਭਪਾਤਰੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਟਿਆਲਾ, ਕੁਆਟਰ ਨੰ. 313-321, ਬਲਾਕ-1, ਘਲੋੜੀ ਗੇਟ, ਪਟਿਆਲਾ ਪਾਸੋਂ 100/- ਪ੍ਰਾਸਪੈਕਟਸ ਪ੍ਰਾਪਤ ਕਰਕੇ ਕਾਊਂਸਲਿੰਗ/ਚੋਣ ਦੀ ਮਿਤੀ ਤੋਂ ਪਹਿਲਾਂ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਚਾਹਵਾਨ ਫ਼ੋਨ ਨੰ. 81461-00543 ਸੰਪਰਕ ਕਰ ਸਕਦੇ ਹਨ।

## ਗੁਰੂਦਵਾਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਗੁਰਬਾਣੀ ਕੰਠ ਸ਼ੁੱਧ ਮੁਕਾਬਲੇ ਕਰਵਾਏ

ਬਠਿੰਡਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਸੇਵਾ ਪੰਥੀ ਸੰਪਰਦਾ ਦੇ ਮੁੱਖ ਕੇਂਦਰ ਗੁਰਦੁਵਾਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿੱਖੇ ਬ੍ਰਹਮ ਗਿਆਨੀ ਬਾਬਾ ਜਗਤਾ ਜੀ ਦੀ 214 ਵੀਂ ਯਾਦ ਨੂੰ ਮੁੱਖ ਰੱਖਦਿਆਂ, ਸ਼੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਦੀ 51 ਵੀਂ ਬਰਸੀ, ਮਹੰਤ ਭਾਈ ਤੀਰਥ ਸਿੰਘ ਜੀ ਦੀ 17 ਵੀ ਬਰਸੀ, ਸੰਤ ਹਰਪਾਲ ਸਿੰਘ ਜੀ ਦੀ 15 ਵੀ ਬਰਸੀ ਸਮਾਗਮ ਨੂੰ ਮੁੱਖ ਰੱਖਦਿਆਂ ਸਾਲਾਨਾ ਯੱਗ ਭੰਡਾਰੇ ਦੇ ਮੌਕੇ ਮਹੰਤ ਭਾਈ ਗੁਲਾਬ ਸਿੰਘ ਦੀਵਾਨ ਹਾਲ ਵਿੱਖੇ ਗੁਰਬਾਣੀ ਕੰਠ ਸ਼ੁੱਧ ਮਕਾਬਲੇ ਕਰਵਾਏ ਗਏ ਜਿਸ ਵਿੱਚ ਮੁੱਖ ਰੂਪ ਵਿੱਚ ਦੋ ਗਰੁੱਪਾਂ ਸੀਨੀਅਰ ਅਤੇ ਯੂਨੀਅਰ ਗਰੁੱਪਾਂ ਦੇ ਮੁਕਾਬਲੇ ਕਰਵਾਏ ਗਏ, ਇਹਨਾਂ ਮੁਕਾਬਲਿਆਂ ਵਿੱਚ 44 ਦੇ ਕਰੀਬ ਵਿਦਿਆਰਥੀਆਂ ਨੇ ਸ਼ਾਮੂਲੀਅਤ ਕੀਤੀ, ਪੰਜ ਬਾਣੀਆਂ ਦੇ ਸੀਨਿਅਰ ਗਰੁੱਪ ਵਿੱਚੋਂ ਪਹਿਲਾ ਸਥਾਨ ਹਰਗੁਣਪ੍ਰੀਤ ਸਿੰਘ ਪੁੱਤਰ ਸਰਦਾਰ ਪ੍ਰਿਤਪਾਲ ਸਿੰਘ। (ਮਹਾਂਰਾਜਾ ਰਣਜੀਤ ਸਿੰਘ ਯੂਨੀਵਰਸਿਟੀ ) ਬਠਿੰਡਾ ਦੇ ਵਿਦਿਆਰਥੀ ਨੇ ਹਾਸਿਲ ਕੀਤਾ ਅਤੇ ਯੂਨੀਅਰ ਗਰੁੱਪਾਂ ਵਿੱਚੋਂ ਪਹਿਲਾ ਸਥਾਨ ਗੁਰਪ੍ਰੀਤ ਕੌਰ ਅਤੇ ਇਕਮੰਨ ਕੌਰ ਨੇ ਹਾਸਲ ਕੀਤਾ, ਇਹਨਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸੰਤ ਹਰਵਿੰਦਰ ਸਿੰਘ ਟੀਟੂ ਜੀ ਨੇ ਆਪਣੇ ਮੁਬਾਰਿਕ ਹੱਥਾਂ ਨਾਲ ਇਨਾਮ ਵੰਡੇ, ਇਹਨਾਂ ਮੁਕਾਬਲਿਆਂ ਵਿੱਚ ਜੱਜਾਂ ਦੀ ਭੂਮਿਕਾ ਸਿਮਰਨਜੀਤ ਸਿੰਘ, ਗੁਰਸੇਵਕ ਸਿੰਘ, ਮਨਦੀਪ ਸਿੰਘ, ਅੰਮ੍ਰਿਤਪਾਲ ਕੌਰ, ਕਰਨੈਲ ਸਿੰਘ ਐਮ. ਏ. , ਬਲਜਿੰਦਰ ਸਿੰਘ ਅਤੇ ਜਸਪਾਲ ਸਿੰਘ ਨੇ ਨਿਭਾਈ।

## ਰੂਪਨਗਰ ਪੁਲਿਸ ਨੇ ਨਸ਼ਿਆਂ ਤੇ ਮਾੜੇ ਅਨਸਰਾਂ ਖਿਲਾਫ 'ਕਾਰਡਨ ਐਂਡ ਸਰਚ ਓਪਰੇਸ਼ਨ' ਚਲਾਇਆ

ਰੂਪ ਨਗਰ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸ਼੍ਰੀ ਗੌਰਵ ਯਾਦਵ ਦੀ ਨਿਗਰਾਨੀ ਹੇਠ ਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਰੂਪਨਗਰ ਰੇਂਜ ਰੂਪਨਗਰ ਸ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਸਮਾਜ ਵਿੱਚੋ ਨਸ਼ੇ ਨੂੰ ਖਤਮ ਕਰਨ ਲਈ ਅਤੇ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿਮ ਦੀ ਲੜੀ ਤਹਿਤ ਜ਼ਿਲ੍ਹਾ ਰੂਪਨਗਰ ਦੇ ਡਰੱਗ ਹਾਟਸਪਾਟ, ਰੇਲਵੇ ਸਟੇਸ਼ਨਾਂ ਅਤੇ 08 ਬੱਸ ਸਟੈਂਡਾਂ ਸਮੇਤ ਜ਼ਿਲ੍ਹੇ ਦੀਆਂ 5 ਸਬ ਡਵੀਜ਼ਨਾਂ ਵਿੱਚ ਕਾਰਡਨ ਐਂਡ ਸਰਚ ਓਪਰੇਸ਼ਨ ਚਲਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਦੱਸਿਆ ਕਿ ਇਸ ਆਪ੍ਰੇਸ਼ਨ ਵਿੱਚ 02 ਐਸ.ਪੀਜ. 10 ਡੀ.ਐਸ.ਪੀਜ, 10 ਇੰਸਪੈਕਟਰ ਅਤੇ 180 ਦੇ ਕਰੀਬ ਪੁਲਿਸ ਮੁਲਾਜਮ ਲਗਾਏ ਗਏ।

ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ 02 ਮੁਕੱਦਮੇ ਦਰਜ ਕੀਤੇ ਗਏ ਜਿਨ੍ਹਾਂ ਵਿੱਚ 04 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 10 ਨਸ਼ੀਲੇ ਟੀਕੇ ਅਤੇ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਐਕਸਾਇਜ਼ ਐਕਟ ਅਧੀਨ 01 ਮੁਕੱਦਮਾ ਦਰਜ ਕਰਕੇ 6000 ਐਮ.ਐਲ. ਸ਼ਰਾਬ ਦੇਸੀ ਬਰਾਮਦ ਕੀਤੀ ਗਈ ਅਤੇ 01 ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਚੋਰੀ ਦਾ 01 ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ।01 ਵਿਅਕਤੀ ਗ੍ਰਿਫਤਾਰ ਕਰਕੇ ਉਸ ਪਾਸੋਂ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾ ਗਿਆ।

ਇਸ ਤੋਂ ਇਲਾਵਾ ਚੋਰੀ ਦੇ ਅਧੀਨ ਦਰਜ ਮੁਕੱਦਮਿਆਂ ਦੇ ਲੋੜੀਂਦੇ 01 ਦੋਸ਼ੀ, ਜੋ ਕਿ ਭੱਜਿਆ ਹੋਇਆ ਸੀ, ਅਤੇ 01 ਐਨ.ਡੀ.ਪੀ.ਐਸ. ਐਕਟ ਦੇ ਲੋੜੀਦੇ ਦੋਸ਼ੀ ਜੋ ਭੱਜਿਆ ਹੋਇਆ ਸੀ, ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਨਾ ਵੱਲੋਂ ਦੱਸਿਆ ਗਿਆ ਕਿ ਰੂਪਨਗਰ ਪੁਲਿਸ ਵੱਲੋਂ ਪਹਿਲਾਂ ਹੀ ਵਿਸ਼ੇਸ਼ ਮੁਹਿੰਮ ਆਰੰਭ ਕਰਕੇ ਰੋਜਾਨਾ ਹੀ ਗਸ਼ਤਾਂ, ਨਾਕਾਬੰਦੀਆਂ ਅਤੇ ਸਰਚ ਕਰਵਾ ਕੇ ਜਿੱਥੇ ਮਾੜੇ ਅਨਸਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ ਉਥੇ ਹੀ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਵਿਰੁੱਧ ਮੁਕੱਦਮੇ ਦਰਜ ਕਰਕੇ ਬਰਾਮਦਗੀ ਕਰਵਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰ ਨੂੰ ਸਿਰ ਚੁੱਕਣ ਨਹੀਂ ਦਿੱਤਾ ਜਾਵੇਗਾ। ਜ਼ਿਲ੍ਹੇ ਦੇ ਅੰਦਰ ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ। ਰੂਪਨਗਰ ਪੁਲਿਸ ਵਲੋਂ ਵਿੱਢੀ ਮੁਹਿੰਮ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ।

## ਨੌਜਵਾਨ ਨਸ਼ਿਆਂ ਨੂੰ ਛੱਡ ਖੇਡਾਂ ਵੱਲ ਰੁੱਚੀ ਲੈਣ ਲਈ ਅੱਗੇ ਆਉਣ: ਬਾਜਵਾ

ਪਟਿਆਲਾ, 18 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕਰਵਾਏ ਪ੍ਰੋਗਰਾਮ ਦੌਰਾਨ ਪਹੁੰਚੇ ਸੁਖਜਿੰਦਰ ਸਿੰਘ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਦੇ ਸਹਿਯੋਗ ਅਤੇ ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ, ਐਸ ਪੀ ਹੈਡਕੁਆਰਟਰ- ਕਮ ਜ਼ਿਲਾ ਕਾਮਿਊਨਟੀ ਅਫੇਅਰ ਅਫ਼ਸਰ ਓਲੰਪੀਅਨ ਹਰਵੰਤ ਕੋਰ ਦੀ ਸਰਪ੍ਰਸਤੀ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਪਬਲਿਕ ਨੂੰ ਜਾਗਰੂਕ ਕਰਨ ਲਈ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।

ਵਿਸ਼ੇਸ਼ ਤੌਰ 'ਤੇ ਸਾਂਝ ਕੇਂਦਰ ਪਟਿਆਲਾ ਦੇ ਓਪਰੇਟਰ ਵਰਿੰਦਰ ਸਿੰਘ , ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਸੁਖਜਿੰਦਰ ਬਾਜਵਾ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਨੇ ਕਿਹਾ ਕਿ ਨੌਜਵਾਨਾਂ ਵਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖੇਡਾਂ ਵੱਲ ਰੁਚੀ ਲੈਣ ਤਾਂ ਜੋ ਉਹਨਾਂ ਦਾ ਸ਼ਰੀਰ ਤੰਦਰੁਸਤ ਰਹੇ ਅਤੇ ਨਸ਼ਿਆਂ ਤੋਂ ਦੂਰ ਰਹਿ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹਣ ਲਈ ਨੌਜਵਾਨ ਪੀੜ੍ਹੀ ਦਾ ਅੱਗੇ ਆਉਣਾ ਸਮੇ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਨਸ਼ਿਆਂ ਵਿਰੁੱਧ ਛੇੜੀ ਜੰਗ ਵਿੱਚ ਪਬਲਿਕ ਨੂੰ ਵੀ ਅੱਗੇ ਆ ਕੇ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਹੀ ਆਪਣੇ ਰੰਗਲੇ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾ ਸਕਾਂਗੇ।

ਇਸ ਮੌਕੇ ਡਰੱਗ ਫਰੀ ਵਲੱਡ ਕੈਲੈਫੋਰਨੀਆ ਅਮਰੀਕਾ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਕਿਤਾਬਾਂ ਵੀ ਵੰਡੀਆਂ ਗਈਆਂ।

## ਸੰਪਾਦਕੀ

# ਸਕੂਲੀ ਵਿਦਿਆਰਥੀਆਂ ਨੂੰ 'ਵਿਗਿਆਨਕ ਕਾਢਾਂ ਦੇ ਲਾਭ ਹਾਨੀਆਂ

ਸਕੂਲੀ ਵਿਦਿਆਰਥੀਆਂ ਨੂੰ 'ਵਿਗਿਆਨਕ ਕਾਢਾਂ ਦੇ ਲਾਭ ਹਾਨੀਆਂ' ਵਿਸ਼ੇ 'ਤੇ ਲੇਖ ਲਿਖਾ ਕੇ ਇਸ ਦੇ ਬਹੁਤ ਸਾਰੇ ਲਾਭ ਗਿਣਾਉਂਦਿਆਂ ਅੰਤ 'ਤੇ ਇਕ-ਦੋ ਸਤਰਾਂ ਵਿਚ ਇਸ ਦੀਆਂ ਸਾਧਾਰਨ ਹਾਨੀਆਂ ਵੀ ਲਿਖਵਾਈਆਂ ਜਾਂਦੀਆਂ ਸਨ। ਕੁਝ ਹੀ ਵਰ੍ਹਿਆਂ ਬਾਅਦ ਇੱਕੀਵੀਂ ਸਦੀ ਨੂੰ ਵਿਗਿਆਨ ਦੀ ਪ੍ਰਗਤੀ ਦੇ ਸਮੇਂ ਦਾ ਨਾਮ ਦੇ ਦਿੱਤਾ ਗਿਆ। ਇਸੇ ਸਮੇਂ ਸਮਾਜ ਵਿਚ ਵਪਾਰਕ ਘਰਾਣਿਆਂ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੋਇਆ ਅਤੇ ਉਨ੍ਹਾਂ ਨੇ ਜ਼ਿੰਦਗੀ ਦੇ ਹਰ ਸ਼ੋਹਬੇ ਵਾਂਗ ਵਿਗਿਆਨਕ ਕਾਢਾਂ 'ਤੇ ਵੀ ਆਪਣਾ ਕਬਜ਼ਾ ਕਰ ਲਿਆ। ਹੁਣ ਹਰ ਨਿੱਕੀ ਤੋਂ ਨਿੱਕੀ ਚੀਜ਼ ਇਨ੍ਹਾਂ ਕਾਰਪੋਰੇਟਾਂ ਨੇ ਮੁੱਠੀ ਵਿਚ ਕਰ ਲਈ ਹੈ। ਇਸ ਵਿਚ ਮੋਬਾਈਲ, ਕੰਪਿਊਟਰ, ਲੈਪਟਾਪ, ਟੈਬਲੇਟ, ਇੰਟਰਨੈੱਟ, ਸੋਸ਼ਲ ਮੀਡੀਆ, ਈਮੇਲ; ਗੱਲ ਕੀ, ਇਸ ਨਾਲ ਜੁੜੇ ਹਰ ਸਰੋਕਾਰ ਨੂੰ ਆਪਣੀ ਮੁੱਠੀ ਵਿਚ ਕਰਦਿਆਂ ਇਨ੍ਹਾਂ ਨੂੰ ਆਸਾਨੀ ਨਾਲ ਲੋਕਾਂ ਦੀ ਪਹੁੰਚ ਵਿਚ ਕਰ ਦਿੱਤਾ। ਉਹ ਹਰ ਵਸਤੂ ਵਿਚੋਂ ਮੁਨਾਫ਼ਾ ਲੈਣਾ ਚੰਗੀ ਤਰ੍ਹਾਂ ਜਾਣਦੇ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਪਹਿਲੀਆਂ ਵਿਚ ਮੁਫ਼ਤ ਵਾਂਗ ਦਿੰਦਿਆਂ ਲੋਕਾਂ ਨੂੰ ਇਸ ਦੀ ਆਦਤ ਪਾਈ, ਫਿਰ ਲੋਕ ਇਸ ਦੇ ਗ਼ੁਲਾਮ ਹੋ ਗਏ। ਅੱਜ ਕਿਸੇ ਨੂੰ ਰੋਟੀ ਮਿਲੇ ਜਾਂ ਨਾ ਪਰ ਮੋਬਾਈਲ ਫੋਨ ਅਤੇ ਇਸ ਵਿਚ ਡੇਟਾ ਲੋਕਾਂ ਦੀ ਪਹੁੰਚ ਵਿਚ ਹੋਣਾ ਚਾਹੀਦਾ ਹੈ। ਕੋਈ ਵੀ ਸ਼ਖ਼ਸ ਮਹੱਤਵਪੂਰਨ ਕੰਮ ਉਸੇ ਵਕਤ ਛੱਡ ਦਿੰਦਾ ਹੈ ਜਦੋਂ ਉਸ ਦੇ ਮੋਬਾਈਲ ਫੋਨ 'ਤੇ ਘੰਟੀ ਖੜਕਦੀ ਹੈ। ਇਸ ਸਮੇਂ ਨੇ ਜੰਮਦੇ ਬੱਚਿਆਂ ਨੂੰ ਇਨ੍ਹਾਂ ਵਸਤੂਆਂ ਦੀ ਜਾਣਕਾਰੀ ਦੇ ਦਿੱਤੀ ਹੈ ਅਤੇ ਉਹ ਅੱਖਰ ਗਿਆਨ ਤੋਂ ਬਿਨਾਂ ਵੀ ਮੋਬਾਈਲ ਚਲਾ ਸਕਦੇ ਹਨ। ਕੋਵਿਡ-19 ਨੇ ਭਾਰਤ ਵਿਚ 2020 ਦੇ ਪਹਿਲੇ ਮਹੀਨਿਆਂ ਵਿਚ ਦਸਤਕ ਦਿੱਤੀ ਅਤੇ ਦੇਸ਼ ਦੀ ਸਰਕਾਰ ਚੌਕਸ ਹੋ ਗਈ। ਜਲਦੀ ਹੀ ਸਾਰੇ ਦੇਸ਼ ਨੂੰ ਬਿਨਾਂ ਕਿਸੇ ਅਗਾਊਂ ਪ੍ਰਬੰਧ ਕਰਨ ਦੇ ਲੌਕ ਡਾਊਨ ਲਾ ਕੇ ਬਰੇਕਾਂ ਲਾ ਦਿੱਤੀਆਂ। ਪੂਰੇ ਭਾਰਤ ਦੇ ਬੰਦ ਕਰਨ ਵਾਂਗ ਵਿਦਿਅਕ ਸੰਸਥਾਵਾਂ ਵੀ ਬੰਦ ਕਰ ਦਿੱਤੀਆਂ ਤਾਂ ਨਿੱਜੀ ਅਦਾਰਿਆਂ ਨੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਹੋਣ ਵਾਲੇ ਨੁਕਸਾਨ ਦੇ ਬਚਾਉਣ ਲਈ ਆਨਲਾਈਨ ਪੜ੍ਹਾਈ ਸ਼ੁਰੂ ਕਰ ਦਿੱਤੀ। ਸਰਕਾਰ ਨੂੰ ਵੀ ਨੀਂਦ ਤੋਂ ਜਾਗ ਆਈ ਅਤੇ ਇਸ ਨੇ ਵੀ ਸਰਕਾਰੀ ਸਕੂਲਾਂ ਤੇ ਉੱਚ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਆਨਲਾਈਨ ਪੜ੍ਹਾਈ ਦੇ ਹੁਕਮ ਦੇ ਦਿੱਤੇ। ਉਸੇ ਸਮੇਂ ਵਿਦਿਅਕ ਮਾਹਿਰਾਂ ਨੇ ਮੋਬਾਈਲ ਫੋਨ ਵਰਗੇ ਸੰਦ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪਹੁੰਚ ਵਿਚ ਨਾ ਹੋਣ ਦੀ ਦੁਹਾਈ ਦਿੰਦਿਆਂ ਇਸ ਨੂੰ ਨਕਾਰਨ ਵਾਂਗ ਕਿਹਾ ਪਰ ਸਰਕਾਰ ਲੋਕਾਂ ਦੀ ਕਦੋਂ ਸੁਣਦੀ ਹੈ! ਇਹ ਪੜ੍ਹਾਈ ਜਾਰੀ ਰੱਖੀ ਗਈ। ਰੋਟੀ ਵਿਹੂਣੇ ਲੋਕਾਂ ਨੇ ਵੀ ਔਖੇ ਸੌਖੇ ਆਪਣੇ ਬੱਚਿਆਂ ਦੀ ਪੜ੍ਹਾਈ ਵਾਸਤੇ ਉਨ੍ਹਾਂ ਲਈ ਮੋਬਾਈਲ ਫੋਨ ਅਤੇ ਡੇਟਾ ਦਾ ਪ੍ਰਬੰਧ ਕੀਤਾ। ਉਸ ਸਮੇਂ ਨਾ ਤਾਂ ਵਿਦਿਅਕ ਮਾਹਿਰਾਂ ਅਤੇ ਨਾ ਹੀ ਸਮਾਜ ਸੇਵੀਆਂ ਦੇ ਇਸ ਪੜ੍ਹਾਈ ਸਦਕਾ ਹੋਣ ਵਾਲੇ ਉਲਟ ਅਸਰਾਂ ਬਾਰੇ ਸੋਚਿਆ ਅਤੇ ਨਾ ਹੀ ਇਸ ਦਾ ਰੌਲ਼ਾ ਪਾਇਆ। ਇਸ ਦੇ ਦੂਰਗਾਮੀ ਅਸਰਾਂ ਨੇ ਜਲਦੀ ਹੀ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਅਤੇ ਅੱਲੜ੍ਹ ਤੇ ਬਾਲਗਾਂ ਵਿਚ ਅਜਿਹਾ 'ਵਾਇਰਸ' ਆਉਣਾ ਸ਼ੁਰੂ ਹੋ ਗਿਆ ਜਿਹੜਾ ਕੋਵਿਡ-19 ਤੋਂ ਵੀ ਵਧੇਰੇ ਖ਼ਤਰਨਾਕ ਸੀ। ਅੱਜ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀ ਬਹੁਤ ਛੇਤੀ ਬਾਲਗ ਅਵਸਥਾ ਵਿਚ ਪਹੁੰਚ ਜਾਂਦੇ ਹਨ। ਜ਼ਿੰਦਗੀ ਦੇ ਦੂਸਰੇ ਸ਼ੋਹਬਿਆਂ ਵਾਂਗ ਫਿਲਮਾਂ ਵਾਲਿਆਂ ਵਾਸਤੇ ਮੋਬਾਈਲ ਫੋਨ, ਇੰਟਰਨੈੱਟ, ਫੇਸਬੁੱਕ ਆਦਿ ਸਹਾਈ ਹੋ ਰਹੇ ਹਨ ਜਿਸ ਕਰ ਕੇ ਮੁੰਬਈ ਅੱਜ ਪੰਜਾਬ ਦੇ ਪਿੰਡਾਂ ਵਿਚ ਦਾਖਲ ਹੋ ਚੁੱਕਾ ਹੈ। ਇਸ ਤੋਂ ਕਿਤੇ ਖ਼ਤਰਨਾਕ ਵਾਇਰਸ ਸਾਈਬਰ ਦਾ ਇਨ੍ਹਾਂ ਜੰਤਰਾਂ ਵਿਚ ਪ੍ਰਵੇਸ਼ ਹੈ ਜਿਹੜਾ ਬੜੀ ਤੇਜ਼ੀ ਨਾਲ ਜਨਤਾ ਨੂੰ ਮੁੱਠੀ ਵਿਚ ਕਰ ਰਿਹਾ ਹੈ। ਆਮ ਜਨਤਾ ਦਾ ਇਹ ਆਰਥਿਕ ਸ਼ੋਸ਼ਣ ਕਰਦਾ ਹੈ। ਹੁਣ ਸਰਕਾਰ ਨੂੰ ਜਾਗ ਆਈ ਤਾਂ ਇਸ ਨੇ ਮੀਡੀਆ ਰਾਹੀਂ ਲੋਕਾਂ ਨੂੰ ਸੁਚੇਤ ਕਰਨਾ ਸ਼ੁਰੂ ਕੀਤਾ ਹੈ ਪਰ ਚਿੜੀਆਂ ਦੇ ਖੇਤ ਚੁਗਣ ਤੋਂ ਬਾਅਦ ਪਛਤਾਉਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਕ ਪਾਸੇ ਸਰਕਾਰ ਦੀ ਲੋਕਾਂ ਨੂੰ ਇਸ ਅਪਰਾਧ ਤੋਂ ਬਚਾਉਣ ਦੀ ਅੱਧ-ਪਚੱਧੀ ਨੀਤੀ ਹੀ ਹੈ; ਦੂਜੇ ਪਾਸੇ ਜ਼ੋਰਾਵਰ ਕਾਰਪੋਰੇਟਾਂ ਦਾ ਲੋਕਾਂ ਨੂੰ ਆਪਣੇ ਗੁਲਾਮ ਬਣਾਉਣ ਲਈ ਵਧੇਰੇ ਜ਼ੋਰ ਲੱਗਦਾ ਹੈ। ਅੰਤ ਨੂੰ ਜਿੱਤ ਤਾਂ ਮੁਨਾਫ਼ੇ ਦੀ ਚਾਹਤ ਵਾਲਿਆਂ ਦੀ ਹੁੰਦੀ ਹੈ। ਇਸ ਸਮੇਂ ਸਮਾਜ ਵਿਚ ਕਿਸੇ ਵੀ ਵਾਧੇ ਘਾਟੇ ਵਾਸਤੇ ਸਿੱਖਿਆ ਸੰਸਥਾਵਾਂ ਯੋਗਦਾਨ ਪਾ ਸਕਦੀਆਂ ਹਨ। ਇਸ ਕਰ ਕੇ ਸਿੱਖਿਆ ਸੰਸਥਾਵਾਂ ਨੂੰ ਇਸ ਪਾਸੇ ਕਦਮ ਉਠਾਉਣੇ ਚਾਹੀਦੇ ਹਨ। ਆਨਲਾਈਨ ਪੜ੍ਹਾਈ ਦੇ ਛੋਟੇ ਤੋਂ ਛੋਟੇ ਅੰਸ਼ ਨੂੰ ਆਨਲਾਈਨ ਤੋਂ ਮੁਕਤ ਕਰਨਾ ਚਾਹੀਦਾ ਹੈ। ਪਿਛਲੇ ਸਾਲ ਕੌਮਾਂਤਰੀ ਪੱਧਰ 'ਤੇ ਸਿੱਖਿਆ ਸੰਸਥਾਵਾਂ ਵਿਚ ਮੋਬਾਈਲ ਫੋਨ ਦੀ ਵਰਤੋਂ 'ਤੇ ਪਾਬੰਦੀ ਲਾਉਣ ਦਾ ਜ਼ਿਕਰ ਛੇੜਿਆ ਸੀ। ਕੁਝ ਵਿਕਸਤ ਦੇਸ਼ਾਂ ਨੇ ਇਸ ਪਾਸੇ ਹਾਂ ਪੱਖੀ ਕਦਮ ਉਠਾਉਂਦਿਆਂ ਮੋਬਾਈਲ ਫੋਨ ਦੀ ਸਕੂਲਾਂ ਵਿਚ ਵਰਤੋਂ 'ਤੇ ਪਾਬੰਦੀ ਲਾ ਦਿੱਤੀ ਸੀ। ਭਾਰਤ ਵਿਚ ਜਿੰਨਾ ਸਮਾਂ ਸਰਕਾਰ ਦੀ ਇੱਛਾ ਸ਼ਕਤੀ ਹੀ ਨਹੀਂ, ਓਨਾ ਚਿਰ ਇਹ ਹੋ ਨਹੀਂ ਸਕਣਾ। ਨਿੱਜੀ ਸਕੂਲਾਂ ਵਿਚ ਆਪਣੇ ਵਿਦਿਆਰਥੀਆਂ ਨੂੰ ਹੋਮ ਵਰਕ ਵੀ ਵਟਸਐਪ ਰਾਹੀਂ ਭੇਜਿਆ ਜਾਂਦਾ ਹੈ ਹਾਲਾਂਕਿ ਵਿਦਿਆਰਥੀ ਸਾਰਾ ਦਿਨ ਉਨ੍ਹਾਂ ਕੋਲ ਸਕੂਲ ਵਿਚ ਹੁੰਦੇ ਹਨ। ਕੀ ਅਧਿਆਪਕ ਇਹ ਕੰਮ ਸਕੂਲ ਵਿਚ ਨਹੀਂ ਦੇ ਸਕਦੇ? ਹੋਮ ਵਰਕ ਦੇਖਣ ਵਾਸਤੇ ਅਤੇ ਫਿਰ ਇਸ ਨੂੰ ਕਰਨ ਸਮੇਂ ਮੋਬਾਈਲ ਫੋਨ ਵਿਦਿਆਰਥੀਆਂ ਦੇ ਹੱਥਾਂ ਵਿਚ ਹੁੰਦੇ ਹਨ। ਦੇਖਿਆ ਜਾਵੇ ਤਾਂ ਅੱਲੜ੍ਹ ਅਤੇ ਬਾਲਗ ਹੋ ਰਹੇ ਬੱਚੇ, ਕੀ ਮੋਬਾਈਲ ਫੋਨ 'ਤੇ ਕੇਵਲ ਹੋਮ ਵਰਕ ਹੀ ਦੇਖਦੇ ਹਨ? ਇਸੇ ਤਰ੍ਹਾਂ ਇਕ ਦੋ ਛੁੱਟੀਆਂ ਹੋਣ 'ਤੇ ਹੀ ਨਿੱਜੀ ਸਕੂਲ ਅਤੇ ਕਦੇ-ਕਦੇ ਸਰਕਾਰੀ ਸਕੂਲ ਵੀ ਵਿਦਿਆਰਥੀਆਂ ਨੂੰ ਆਨਲਾਈਨ ਪੜ੍ਹਾਈ ਕਰਵਾਉਣ ਲੱਗ ਜਾਂਦੇ ਹਨ। ਕੀ ਮਾਪੇ ਸਾਰਾ ਸਮਾਂ ਆਪਣੇ ਬੱਚਿਆਂ ਦੀ ਨਿਗਰਾਨੀ ਕਰ ਸਕਦੇ ਹਨ? ਬਾਲਗ ਹੋ ਰਹੇ ਅਤੇ ਬਾਲਗ ਹੋ ਚੁੱਕੇ ਬੱਚੇ ਖਾਸ ਉਮਰ ਤੱਕ ਆਪਣਾ ਨਫ਼ਾ ਨੁਕਸਾਨ ਨਹੀਂ ਜਾਣਦੇ ਹੁੰਦੇ; ਉਹ ਜਲਦੀ ਹੀ ਕਿਸੇ ਨਾ ਕਿਸੇ ਤਰ੍ਹਾਂ ਦੇ ਅਪਰਾਧ ਵਿਚ ਸ਼ਾਮਲ ਹੋ ਜਾਂਦੇ ਹਨ। ਸਰਕਾਰਾਂ ਨੂੰ ਇਸ਼ਤਿਹਾਰਬਾਜ਼ੀ ਤੋਂ ਉੱਪਰ ਉੱਠ ਕੇ ਸਾਰਥਕ ਕਦਮ ਉਠਾਉਣੇ ਚਾਹੀਦੇ ਹਨ। ਜ਼ਿੰਦਗੀ ਦੀ ਪੜ੍ਹਾਈ ਕਰਾਉਣ ਵਿਚ ਸਕੂਲਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸਕੂਲ ਵਿਦਿਆਰਥੀ ਦੇ ਅਗਲੇਰੇ ਜੀਵਨ ਵਾਸਤੇ ਅਗਵਾਈ ਕਰਦੇ ਹਨ। ਇਨ੍ਹਾਂ ਲੀਹਾਂ ਲਈ ਕੇਵਲ ਅੱਖਰ ਗਿਆਨ ਹੀ ਪੂਰਾ ਨਹੀਂ ਹੁੰਦਾ ਸਗੋਂ ਅਧਿਆਪਕਾਂ ਦੀ ਅਗਵਾਈ ਵਿਚ ਸਿਲੇਬਸ ਤੋਂ ਇਲਾਵਾ ਜ਼ਿੰਦਗੀ ਦੀ ਪੜ੍ਹਾਈ ਦੇ ਪਾਠ ਵੀ ਪੜ੍ਹਾਏ ਜਾਂਦੇ ਹਨ। ਸਕੂਲਾਂ ਵਿਚ ਬਹੁਤ ਸਾਰੀਆਂ ਸਹਿਪਾਠੀ ਕਿਰਿਆਵਾਂ ਵਿਦਿਆਰਥੀਆਂ ਨੂੰ ਕਰਵਾਉਣੀਆਂ ਹੁੰਦੀਆਂ। ਇਹ ਕਿਰਿਆਵਾਂ ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਤੁਰਨਾ ਸਿਖਾਉਂਦੀਆਂ ਹਨ। ਖੇਡ ਦੇ ਮੈਦਾਨ ਵਿਚ ਜਾਣ ਵਾਲੇ ਵਿਦਿਆਰਥੀ ਦੁਆਰਾ ਖੇਡਣ ਤੋਂ ਪਹਿਲਾਂ ਮੈਦਾਨ ਨੂੰ ਨਮਸਕਾਰ ਕਰਨਾ ਦੇਖਣ ਨੂੰ ਸਾਧਾਰਨ ਜਾਪਦਾ ਹੈ ਪਰ ਅਸਲ ਵਿਚ ਇਹ ਖਿਡਾਰੀ ਵਿਚ ਉੱਤਮ ਭਾਵਨਾਵਾਂ ਦਾ ਸੰਚਾਰ ਕਰਦਾ ਹੈ। ਲਾਇਬਰੇਰੀ ਤੇ ਪ੍ਰਯੋਗਸ਼ਾਲਾ ਵਿਚ ਵਿਦਿਆਰਥੀ ਆਪਣੇ ਅਧਿਆਪਕ ਦੀ ਨਿਗਰਾਨੀ ਵਿਚ ਬੜਾ ਕੁਝ ਸਹਿਜੇ ਹੀ ਪ੍ਰਾਪਤ ਕਰ ਜਾਂਦਾ ਹੈ।

# ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਹੋਈ ਮੀਟਿੰਗ



**ਸਾਹਨੇਵਾਲ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਪਿੰਡ ਰਤਨਗੜ੍ਹ ਵਿਖੇ ਹੋਈ ਮੀਟਿੰਗ। ਮੀਟਿੰਗ ਉਪਰੰਤ ਦਲਿਤ ਜਾਗ੍ਰਤੀ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਸਰਬਜੀਤ ਸਿੰਘ ਕਡਿਆਣਾ ਨੇ ਦੱਸਿਆ ਕਿ ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਚੋਂਤਾ ਵਿਖੇ ਆਉਣ ਵਾਲੀ ਦੋ ਮਾਰਚ ਨੂੰ ਵਿਸ਼ਾਲ ਸੰਤ ਸਮੈਲਨ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸੰਤ ਬਾਬਾ ਗੁਲਾਬ ਸਿੰਘ,ਬਾਬਾ ਗੁਰਵਿੰਦਰ ਸਿੰਘ,ਸੰਤ ਸਤਵਿੰਦਰ ਸਿੰਘ ਹੀਰਾ, ਸੰਤ ਨਿਰਮਲ ਦਾਸ ਜੀ ਜੋੜੇ ਆਦਿ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਇਤਿਹਾਸ ਸਬੰਧੀ ਜਾਣੂ ਕਰਵਾਉਣਗੇ। ਉਨ੍ਹਾਂ ਅੱਗੇ ਦੱਸਿਆ ਕਿ ਹੋਰ ਵੀ ਸੰਤ ਮਹਾਂਪੁਰਸ਼ ਸੰਗਤਾਂ ਦੇ ਰੂ-ਬ-ਰੂ ਹੋ ਕੇ ਗੁਰਬਾਣੀ ਦਾ ਉਚਾਰਨ ਕਰਨਗੇ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਸੰਤ ਸਮੇਲਨ ਸਬੰਧੀ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਮੀਟਿੰਗ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਵੱਧ ਤੋਂ ਵੱਧ ਪਿੰਡਾਂ ਦੀਆਂ ਸੰਗਤਾਂ ਕਰਵਾਏ ਜਾ ਰਹੇ ਸੰਤ ਸੰਮੇਲਨ ਦਾ ਲਾਹਾ ਲੈ ਸਕਣ ਅਤੇ ਆਪਣੇ ਜੀਵਨ ਨੂੰ ਸਫਲ ਬਣਾ ਸਕਣ। ਉਨ੍ਹਾਂ ਅੱਗੇ ਦੱਸਿਆ ਕਿ ਅੱਜ ਦੀ ਪਿੰਡ ਰਤਨਗੜ੍ਹ ਵਿਖੇ ਹੋਈ ਮੀਟਿੰਗ ਦੌਰਾਨ ਅਮਰਜੀਤ ਸਿੰਘ ਰਾਏ, ਦਰਸ਼ਨ ਸਿੰਘ, ਛਿੰਦਰ ਸਿੰਘ, ਰਣਜੀਤ ਸਿੰਘ ਚੋਂਤਾ, ਬੂਟਾ ਸਿੰਘ, ਮਹਿੰਦਰ ਰਾਮ, ਕਿਸ਼ਨ ਲਾਲ, ਧਰਮਪਾਲ ਸਿੰਘ, ਅਮਰੀਕ ਚੰਦ, ਸੋਮਨਾਥ, ਦਲਵੀਰ ਚੰਦ, ਗੁਰਮੇਲ ਸਿੰਘ, ਤਰਸੇਮ ਲਾਲ, ਗੁਰਪ੍ਰੀਤ ਸਿੰਘ, ਜਸਦੇਵ ਸਿੰਘ, ਮਨਜੀਤ ਸਿੰਘ ਆਦਿ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਕਾਰਨ ਆਪ ਪਾਰਟੀ ਦਾ ਕਾਫਲਾ ਦਿਨੋ ਦਿਨ ਵੱਧ ਰਿਹਾ ਹੈ: ਵਿਧਾਇਕ ਸ਼ੈਰੀ ਕਲਸੀ



**ਬਟਾਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ, ਅਮਨਸ਼ੇਰ ਸਿੰਘ, ਸ਼ੈਰੀ ਕਲਸੀ ਦੀ ਅਗਵਾਈ ਹੇਠ ਪਿੰਡ ਕਲੇਰ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਰਪੰਚ ਗੁਰਦੇਵ ਸਿੰਘ ਵੱਲੋਂ ਆਪਣੇ ਸਾਥੀ ਰਘਬੀਰ ਸਿੰਘ ਸਾਬਕਾ ਸੰਮਤੀ ਮੈਂਬਰ, ਪੰਚ ਹਰਦੇਵ ਮਸੀਹ, ਪੰਚ ਭਾਗ ਸਿੰਘ, ਸੁਰਿੰਦਰ ਸਿੰਘ ਤੇ ਰਾਮ ਸਿੰਘ ਸਮੇਤ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਰ ਵਰਗ ਦੇ ਹਿੱਤ ਵਿੱਚ ਵੱਡੇ ਫੈਸਲੇ ਲਏ ਹਨ ਅਤੇ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਉਨਾਂ ਦੀ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ।

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਪ ਪਾਰਟੀ ਵਿੱਚ ਸ਼ਾਮਲ ਹੋਈ ਸਮੁੱਚੀ ਟੀਮ ਦਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਵਿੱਚ ਉਨਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ ਤੇ ਲੋਕ ਹਿੱਤ ਲਈ ਵਿਕਾਸ ਕਾਰਜ ਤੇਜਗਤੀ ਨਾਲ ਕਰਵਾਏ ਜਾਣਗੇ। ਉਨਾਂ ਕਿਹਾ ਕਿ ਆਪ ਪਾਰਟੀ ਦੀ ਨੀਤੀਆਂ ਤੋਂ ਖੁਸ਼ ਹੋ ਕੇ ਲੋਕ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ, ਜਿਸ ਨਾਲ ਪਾਰਟੀ ਦਾ ਕਾਫਲਾ ਦਿਨੋ ਦਿਨ ਵੱਡਾ ਹੋ ਰਿਹਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਰਕਾਰ ਵਲੋਂ ਲਏ ਗਏ ਇਤਿਹਾਸਕ ਫੈਸਲਿਆਂ ਦੀ ਗੱਲ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਦੇ ਮੰਤਵ ਸਕੂਲ ਆਫ ਐਮੀਨਸ ਖੋਲ੍ਹੇ ਗਏ। ਲੋਕਾਂ ਦੀ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਰਾਜ ਭਰ ਅੰਦਰ ਖੋਲ੍ਹੇ ਗਏ, ਜੋ ਸਫਲਤਾਪੂਰਵਕ ਚੱਲ ਰਹੇ ਹਨ। ਹਰੇਕ ਵਰਗ ਦੇ ਲੋਕਾਂ ਲਈ ਦੋ ਮਹੀਨੇ ਦੀ 600 ਯੂਨਿਟ ਬਿਜਲੀ ਮਾਫ ਕੀਤੀ ਗਈ, ਨਹਿਰੀ ਪਾਣੀ ਖੇਤਾਂ ਤੱਕ ਪੁਹੰਚਾਉਣ ਸਮੇਤ ਵੱਖ-ਵੱਖ ਲੋਕਪੱਖੀ ਲਏ ਗਏ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਵਿੱਚ ਬਿਨਾਂ ਪੱਖਪਾਤ ਤੋਂ ਹਰ ਵਰਗ ਦੀ ਭਲਾਈ ਲਈ ਕੰਮ ਕੀਤੇ ਜਾ ਰਹੇ ਹਨ ਅਤੇ ਨਵੀਆਂ ਚੁਣੀਆਂ ਪੰਚਾਇਤਾਂ ਰਾਹੀ ਪਿੰਡਾਂ ਅੰਦਰ ਚਹੁਪੱਖੀ ਵਿਕਾਸ ਕਾਰਜ ਕਰਵਾਏ ਜਾਣਗੇ। ਉਨ੍ਹਾਂ ਦੁਹਰਾਇਆ ਕਿ ਉਹ ਬਟਾਲਾ ਹਲਕੇ ਦੇ ਸ਼ਹਿਰੀ ਤੇ ਦਿਹਾਤੀ ਖੇਤਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹਨ ਅਤੇ ਵਿਕਾਸ ਕਾਰਜਾਂ ਲਈ ਕੋਈ ਕਸਰ ਬਾਕੀਂ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਆਗੂਆਂ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਹਲਕੇ ਅੰਦਰ ਚਹੁਪੱਖੀ ਵਿਕਾਸ ਕੰਮ ਕੀਤੇ ਜਾ ਰਹੇ ਹਨ ਅਤੇ ਉਹ ਵਿਧਾਇਕ ਸੈਰੀ ਕਲਸੀ ਦੀ ਕਾਰਜਸੈਲੀ ਅਤੇ ਆਮ ਆਦਮੀ ਪਾਰਟੀ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ।

# ਇਲੈਕਸ਼ਨ ਕੁਇਜ਼-2025 ਲਈ ਰਜਿਸਟਰੇਸ਼ਨ ਵੈਬਸਾਈਟ 'ਤੇ 18 ਜਨਵਰੀ ਤੱਕ ਕੀਤੀ ਜਾ ਸਕਦੀ ਹੈ

**ਬਟਾਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਲੋਕਤੰਤਰ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਤੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਮੁੱਖ ਚੋਣ ਅਫ਼ਸਰ, ਪੰਜਾਬ ਦੀਆਂ ਹਦਾਇਤਾਂ ਤਹਿਤ 19 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਆਨ-ਲਾਈਨ ਅਤੇ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ 'ਇਲੈਕਸ਼ਨ ਕੁਇਜ਼-2025' ਤਹਿਤ ਆਫ਼ ਲਾਈਨ ਮੁਕਾਬਲੇ ਕਰਵਾਏ ਜਾ ਰਹੇ ਹਨ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ, ਸ੍ਰੀ ਹਰਜਿੰਦਰ ਸਿੰਘ ਬੇਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਆਨਲਾਈਨ ਰਜਿਸਟਰੇਸ਼ਨ 18 ਜਨਵਰੀ ਤੱਕ ਵੈਬਸਾਈਟ https://punjab.indiastatquiz.com 'ਤੇ ਕਰਵਾਈ ਜਾ ਸਕਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਆਨਲਾਈਨ ਇਲੈਕਸ਼ਨ ਕੁਇਜ਼ ਮੁਕਾਬਲਾ 19 ਜਨਵਰੀ ਨੂੰ ਆਨ-ਲਾਈਨ ਹੋਵੇਗਾ ਜਦਕਿ ਸੂਬਾ ਪੱਧਰੀ ਆਫਲਾਈਨ ਮੁਕਾਬਲਾ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ ਹੋਵੇਗਾ।

ਉਨਾਂ ਕਿਹਾ ਕਿ ਰਜਿਸਟਰੇਸ਼ਨ ਸਮੇਂ ਹਰੇਕ ਬਿਨੈਕਾਰ ਨੂੰ ਬਤੌਰ ਸਬੂਤ ਆਪਣਾ ਆਧਾਰ ਕਾਰਡ, ਵੋਟਰ ਕਾਰਡ, ਜਾਂ ਸਕੂਲ /ਕਾਲਜ ਦਾ ਆਈਡੀ ਕਾਰਡ ਅਪਲੋਡ ਕਰਨਾ ਜ਼ਰੂਰੀ ਹੋਵੇਗਾ।

ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਵੱਧ-ਚੜ੍ਹ ਕੇ ਇਸ ਕੁਇਜ਼ ਮੁਕਾਬਲੇ ਵਿੱਚ ਹਿੱਸਾ ਲੈਣ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਵੀ ਹਦਾਇਤ ਕੀਤੀ ਕਿ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ ਜਾਵੇ।

ਉਨਾਂ ਨੇ ਅੱਗੇ ਦੱਸਿਆ ਕਿ ਪਹਿਲੇ ਗੇੜ ਵਿੱਚ ਆਨਲਾਈਨ ਮੁਕਾਬਲਿਆਂ ਤਹਿਤ ਜ਼ਿਲ੍ਹਾ ਪੱਧਰ ਦੇ ਜੇਤੂਆ ਦੀ ਪਛਾਣ ਕੀਤੀ ਜਾਵੇਗੀ ਅਤੇ ਫਾਈਨਲ ਆਫਲਾਈਨ ਮੁਕਾਬਲਾ 23 ਜ਼ਿਲ੍ਹਿਆਂ ਦੇ ਜੇਤੂਆਂ ਵਿਚਕਾਰ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ ਕਰਵਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਸੂਬਾ ਪੱਧਰੀ ਮੁਕਾਬਲਿਆਂ ਦੇ ਜੇਤੂਆਂ ਨੂੰ ਪਹਿਲਾ ਇਨਾਮ ਵਿੰਡੋ ਲੈਪਟਾਪ, ਦੂਜਾ ਇਨਾਮ ਐਂਡਰੋਇਡ ਟੈਬਲੇਟ ਤੇ ਤੀਜਾ ਇਨਾਮ ਸਮਾਰਟ ਘੜੀ ਦੇ ਕੇ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਕੌਮੀ ਰਾਸ਼ਟਰੀ ਵੋਟਰ ਦਿਵਸ ਮੌਕੇ ਲੁਧਿਆਣਾ ਵਿਖੇ ਸਨਮਨਤ ਕੀਤਾ ਜਾਵੇਗਾ।




ਨਾਭਾ ਸੋਸ਼ਲ ਆਰਗੇਨਾਈਜ਼ੇਸ਼ਨ ਸੁਸਾਇਟੀ ਰਜਿ ਨੰ. 1787 ਐਨ ਐਸ ਓ ਦੇ ਸਹਿਯੋਗ ਨਾਲ ਸਮਾਜ ਸੇਵਕ ਵਿਸ਼ਾਲ ਵਾਲੀਆ (ਮੋਨੂੰ) ਵੱਲੋਂ ਐਸ ਡੀ ਐਮ ਇਸ਼ਮੀਤ ਵਿਜੈ ਸਿੰਘ ਜੀ ਨੂੰ ਪਲਾਂਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸੁਖਦੀਪ ਸਿੰਘ ਵੀ ਮੌਜੂਦ ਸਨ। ਹਰ ਇੱਕ ਵਿਅਕਤੀ ਨੂੰ ਘੱਟ ਤੋਂ ਘੱਟ 11 ਪਲਾਂਟ ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ ਜਾਵੇ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

# ਸੀ-ਪਾਈਟ ਕੈਂਪ, ਕਾਲਝਰਾਣੀ (ਬਠਿੰਡਾ) ਵੱਲੋਂ ਆਰਮੀ ਅਗਨੀਵੀਰ ਭਰਤੀ ਰੈਲੀ ਏ.ਆਰ.ਓ. ਫਿਰੋਜ਼ਪੁਰ ਲਈ ਦਿੱਤੀ ਜਾਵੇਗੀ ਮੁਫਤ ਪੂਰਵ ਸਿਖਲਾਈ

**ਫਾਜ਼ਿਲਕਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ (ਬਠਿੰਡਾ ਬਾਦਲ ਲੰਬੀ ਰੋਡ) ਵੱਲੋਂ ਫਾਜਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਜਿਲੇ ਦੇ ਨੌਜਵਾਨਾਂ ਨੂੰ ਏ.ਆਰ.ਓ ਫਿਰੋਜ਼ਪੁਰ ਦੀ ਆ ਰਹੀ ਆਰਮੀ ਅਗਨੀਵੀਰ ਦੀ ਭਰਤੀ ਰੈਲੀ ਲਈ ਮੁਫਤ ਪੂਰਵ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਟ੍ਰੇਨਿੰਗ ਅਧਿਕਾਰੀ ਕੈਪਟਨ ਲਖਵਿੰਦਰ ਸਿੰਘ ਨੇ ਦਿੱਤੀ।

ਇਸ ਭਰਤੀ ਲਈ ਜਲਦ ਦੀ ਆਨ-ਲਾਈਨ ਅਪਲਾਈ ਪ੍ਰਕਿਰਿਆ ਸ਼ੁਰੂ ਹੋ ਰਹੀ ਹੈ। ਆਰਮੀ ਅਗਨੀਵੀਰ ਭਰਤੀ ਦੇ ਆਨਲਾਈਨ ਲਿਖਤੀ ਪੇਪਰ ਦੇ ਪਹਿਲੇ ਬੈਚ ਦੀ ਤਿਆਰੀ ਸੀ-ਪਾਈਟ ਕੈਂਪ ਕਾਲਝਰਾਣੀ ਵਿਖੇ ਮਿਤੀ 16 ਜਨਵਰੀ 2025 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਉਕਤ ਜਿਲਿਆਂ ਦੇ ਪੂਰਵ ਸਿਖਲਾਈ ਲੈਣ ਦੇ ਚਾਹਵਾਨ ਯੁਵਕ ਜਲਦ ਤੋਂ ਜਲਦ 18 ਜਨਵਰੀ 2025 ਤੋਂ ਕਿਸੇ ਵੀ ਦਿਨ ਸਵੇਰੇ 09 ਵਜੇ ਨਿੱਜੀ ਤੌਰ ਤੇ ਸੀ-ਪਾਈਟ ਕੈਂਪ, ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ ਵਿਖੇ ਦਸਤਾਵੇਜ਼ ਸਮੇਤ ਨਿੱਜੀ ਤੌਰ ਤੇ ਪਹੁੰਚ ਕੇ ਰਜ਼ਿਸਟ੍ਰੇਸ਼ਨ ਕਰਵਾ ਸਕਦੇ ਹਨ।

ਨੌਜਵਾਨ ਦਸਵੀ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, ਜਾਤੀ ਸਰਟੀਫਿਕੇਟ ਅਤੇ ਰੈਜੀਡੈਂਸੀ ਸਰਟੀਫਿਕੇਟ ਦੀ ਫੋਟੋ ਕਾਪੀ, 2 ਤਾਜਾ ਪਾਸਪੋਰਟ ਸਾਈਜ ਫੋਟੋ ਲੈ ਕੇ ਪਹੁੰਚ ਕੀਤੀ ਜਾਵੇ। ਸਿਖਲਾਈ ਦੌਰਾਂਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਅਤੇ ਰਿਹਾਇਸ਼ ਮੁਫਤ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ 94641-52013, 93167-13000 ਅਤੇ 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰੋਟਰੈਕਟ ਕਲੱਬ ਦੇ ਮੈਂਬਰਾਂ ਨੇ ਵਿਕਲਾਂਗ ਸੰਸਥਾ ਦਾ ਦੌਰਾ ਕੀਤਾ




**ਲੁਧਿਆਣਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੈਕਟ ਕਲੱਬ ਦੇ ਮੈਂਬਰਾਂ ਨੇ 13 ਜਨਵਰੀ,2025 ਨੂੰ ਤੇਰੀ ਓਟ ਵਿਕਲਾਂਗ ਸੰਸਥਾ ਦਾ ਦੌਰਾ ਕੀਤਾ ਅਤੇ ਗੈਰਸਰਕਾਰੀ ਸੰਗਠਨ ਦੇ ਸਰੀਰਕਤੌਰ 'ਤੇ ਅਪਾਹਜ ਬੱਚਿਆਂ ਨਾਲ ਲੋਹੜੀ ਦਾ ਤਿਉਹਾਰ ਮਨਾਇਆ। ਵਿਦਿਆਰਥੀਆਂ ਨੇ ਆਪਣੀ ਜੇਬ 'ਚੋਂ ਪੈਸੇ ਇਕੱਠੇ ਕੀਤੇ ਅਤੇ ਐਨ.ਜੀ.ਓ ਦੇ ਬੱਚਿਆਂ ਲਈ ਵੱਖ-ਵੱਖ ਮਠਿਆਈਆਂ,ਪੌਪਕੌਰਨ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਦਿੱਤੀਆਂ।ਵਿਦਿਆਰਥੀਆਂ ਨੇ ਲੋਹੜੀ ਦੀ ਅੱਗ ਬਾਲੀ, ਇਨ੍ਹਾਂ ਬੱਚਿਆਂ ਨਾਲ ਡਾਂਸ ਕੀਤਾ ਅਤੇ ਉਨ੍ਹਾਂ ਦੇ ਮਾਸੂਮ ਚਿਹਰਿਆਂ 'ਤੇ ਮੁਸਕਰਾਹਟ ਦੇਖ ਕੇ ਬਹੁਤ ਖੁਸ਼ ਹੋਏ। ਅੱਗ ਨੇ ਉਨ੍ਹਾਂ ਨੂੰ ਨਾ ਸਿਰਫ਼ ਬਾਹਰੀ ਨਿੱਘ ਦਿੱਤਾ ਹੈ ਸਗੋਂ ਉਨ੍ਹਾਂ ਦੇ ਦਿਲਾਂ ਨੂੰ ਅੰਦਰੋਂ ਵੀ ਭਰ ਦਿੱਤਾ ਹੈ। ਇਹ ਪਹਿਲਕਦਮੀਆਂ ਵਿਦਿਆਰਥੀਆਂ ਵਿੱਚ ਸਮਾਜ ਪ੍ਰਤੀ ਸ਼ੁਕਰਗੁਜ਼ਾਰੀ ਅਤੇ ਸਾਂਝ ਦੀ ਭਾਵਨਾ ਪੈਦਾ ਕਰਦੀਆਂ ਹਨ। ਵਿਦਿਆਰਥੀ ਇਨ੍ਹਾਂ ਬੱਚਿਆਂ ਦੁਆਰਾ ਦਰਪੇਸ਼ ਅਸਲ ਸੰਸਾਰ ਦੀਆਂ ਚੁਣੌਤੀਆਂ ਨੂੰ ਵੇਖਦੇ ਹਨ ਅਤੇ ਆਪਣੇ ਮਾਨਸਿਕ ਤਣਾਅ ਨੂੰ ਘਟਾਉਣ ਵਿੱਚ ਵੀ ਯੋਗਦਾਨ ਪਾਉਂਦੇ ਹਨ। ਰੋਟਰੈਕਟ ਕਲੱਬ ਦੇ ਮੁਖੀ ਡਾ: ਆਂਚਲ ਅਰੋੜਾ ਨੇ ਤੇਰੀ ਓਟ ਐਨਜੀਓ ਦੀ ਸੰਸਥਾਪਕ ਮੈਡਮ ਇਕਬਾਲ ਕੌਰ ਨੂੰਭਰੋਸਾ ਦਿਵਾਇਆ ਕਿ ਉਹ ਅਜਿਹੇ ਹੋਰ ਦੌਰੇ ਕਰਾਉਣਗੇ।

ਪ੍ਰਿੰਸੀਪਲ ਡਾ: ਕਮਲਜੀਤ ਗਰੇਵਾਲ ਨੇ ਕਲੱਬ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਅਜਿਹੇ ਸਾਰਥਕ ਸਮਾਗਮ ਕਰਵਾਉਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

# ਖੇਤੀ ਦੇ ਨਾਲ ਨਾਲ ਮੁਰਗੀ ਪਾਲਣ ਦੇ ਧੰਦੇ ਵਿੱਚ ਆਪਣੇ ਪਿਤਾ ਨਾਲ ਮੋਢਾ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ ਤਜਿੰਦਰ ਕੌਰ : ਹਰਪਾਲ ਪਨੂੰ



**ਖਡੂਰ ਸਾਹਿਬ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦੇ ਸਮੇਂ ਵਿੱਚ ਪੰਜਾਬ ਦੇ ਕਿਸਾਨ ਖੇਤੀਬਾੜੀ ਨੂੰ ਘਾਟੇ ਦਾ ਸੌਦਾ ਆਖ ਰਹੇ ਨੇ। ਪੰਜਾਬ ਵਿੱਚ ਕਿਸਾਨਾਂ ਦੇ ਬੱਚੇ ਵੱਡੇ ਪੱਧਰ ਉੱਤੇ ਖੇਤੀ ਦਾ ਧੰਦਾ ਛੱਡ ਕੇ ਵਿਦੇਸ਼ਾਂ ਵਿੱਚ ਰੋਜ਼ਗਾਰ ਦੀ ਭਾਲ ਲਈ ਜਾ ਰਹੇ ਹਨ।ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਖੇਤੀ ਨੂੰ ਕਣਕ ਅਤੇ ਝੋਨੇ ਦੀ ਦੋ ਫ਼ਸਲੀ ਚੱਕਰ ਵਿਚੋਂ ਕੱਢ ਕੇ ਹੋਰ ਬਦਲਵੀਆਂ ਫ਼ਸਲਾਂ ਵੱਲ ਜਾਣ ਦੀ ਜ਼ਰੂਰਤ ਹੈ।

ਮੁੱਖ ਖੇਤੀਬਾੜੀ ਅਫਸਰ ਡਾਕਟਰ ਹਰਪਾਲ ਸਿੰਘ ਪੰਨੂ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਤੀਬਾੜੀ ਅਫਸਰ ਡਾਕਟਰ ਨਵਤੇਜ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਵੇਈਂ ਪੂਈਂ ਦੇ ਕਿਸਾਨ ਕੁਲਦੀਪ ਸਿੰਘ ਦੇ ਫਾਰਮ ਦਾ ਦੌਰਾ ਕੀਤਾ ਗਿਆ। ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਖਡੂਰ ਸਾਹਿਬ ਨੇ ਦੱਸਿਆ ਕਿ ਜਿੱਥੇ ਹਰ ਕਿਸਾਨ ਕਣਕ ਝੋਨੇ ਦੇ ਫਸਲੀ ਚੱਕਰ ਵਿੱਚ ਉਲਝਿਆ ਪਿਆ ਹੈ ਉੱਥੇ ਹੀ ਜ਼ਿਲਾ ਤਰਨ ਤਾਰਨ ਦੇ ਪਿੰਡ ਵੇਈਂ ਪੂਈਂ ਦੇ ਕਿਸਾਨ ਕੁਲਦੀਪ ਸਿੰਘ ਦੀ ਨੂੰਹ ਤਜਿੰਦਰ ਕੌਰ ਕਣਕ-ਝੋਨੇ ਦੇ ਦੋ ਫ਼ਸਲੀ ਚੱਕਰ ਵਿਚੋਂ ਨਿਕਲ ਕੇ ਦੇਸੀ ਮੁਰਗੇ ਮੁਰਗੀਆਂ, ਬੱਤਖ਼,ਇਮੋਂ ਅਤੇ ਕੜਕਨਾਥ ਮੁਰਗਿਆਂ ਦਾ ਸਹਾਇਕ ਧੰਦਾ ਕਰ ਰਹੇ ਹਨ ਅਤੇ ਇਸ ਤੋਂ ਦੁਗਣੇ ਮੁਨਾਫ਼ੇ ਦਾ ਦਾਅਵਾ ਵੀ ਕਰਦੇ ਹਨ।

ਕੁਲਦੀਪ ਸਿੰਘ ਅਤੇ ਉਨ੍ਹਾਂ ਦੀ ਨੂੰਹ ਦੱਸਦੇ ਹਨ ਕਿ ਝੋਨੇ ਦੀ ਖੇਤੀ ਵਿੱਚ ਪਾਣੀ ਦੀ ਬਹੁਤ ਖ਼ਪਤ ਹੁੰਦੀ ਹੈ। ਇਸ ਨਾਲ ਸਾਡਾ ਜ਼ਮੀਨੀ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਫ਼ਸਲ ਦੀ ਵਾਢੀ ਤੋਂ ਬਾਅਦ ਪਰਾਲੀ ਵੀ ਇੱਕ ਵੱਡੀ ਸਮੱਸਿਆ ਬਣ ਜਾਂਦੀ ਹੈ। ਇਸ ਕਰਕੇ ਸਾਨੂੰ

ਕਣਕ ਝੋਨੇ ਨੂੰ ਬੀਜਣ ਵਾਲੀਆਂ ਉਹਨਾਂ ਤਕਨੀਕਾਂ ਨੂੰ ਅਪਨਾਉਣਾ ਚਾਹੀਦਾ ਹੈ ਜਿਸ ਨਾਲ ਪਾਣੀ ਦੀ ਬੱਚਤ ਹੋਵੇ ਅਤੇ ਸਹਾਇਕ ਧੰਦਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਡਾਕਟਰ ਯਾਦਵਿੰਦਰ ਸਿੰਘ ਨੇ ਦੱਸਿਆ ਸਾਨੂੰ ਖੇਤੀਬਾੜੀ ਦੇ ਨਾਲ ਸਹਾਇਕ ਧੰਦੇ ਵੀ ਅਪਨਾਉਣੇ ਚਾਹੀਦੇ ਹਨ। ਜਿਸ ਨਾਲ ਸਾਨੂੰ ਰੋਜ਼ਾਨਾ ਆਮਦਨ ਹੁੰਦੀ ਰਹੇ ਅਤੇ ਖੇਤੀ ਖਰਚੇ ਘੱਟ ਸਕਣ।ਇਸ ਮੌਕੇ ਉਨ੍ਹਾਂ ਨਾਲ ਰੁਪਿੰਦਰਜੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਅਤੇ ਗੁਰਪ੍ਰਤਾਪ ਸਿੰਘ ਬੇਲਦਾਰ ਹਾਜ਼ਰ ਸਨ।

# ਧੀਆਂ ਨੂੰ ਆਪਣੀ ਜਿੰਦਗੀ ਆਜ਼ਾਦੀ ਨਾਲ ਜਿਉਣ ਦਾ ਹੱਕ ਦੇਣ ਮਾਪੇ : ਚੇਅਰਪਰਸਨ ਮਹਿਲਾ ਕਮਿਸ਼ਨ



**ਫ਼ਤਹਿਗੜ੍ਹ ਸਾਹਿਬ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੜਕੀਆਂ ਸਮਾਜ ਦਾ ਅਹਿਮ ਅੰਗ ਹਨ ਅਤੇ ਲੜਕੀਆਂ ਤੋਂ ਬਿਨਾਂ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਜਦੋਂ ਕਿ ਪੂਰੀ ਦੁਨੀਆਂ ਵਿੱਚ ਆਧੁਨਿਕ ਤਕਨਾਲੋਜੀ ਵਿਕਸਤ ਹੋ ਰਹੀ ਹੈ ਤਾਂ ਅਜਿਹੇ ਦੌਰ ਵਿੱਚ ਮਾਪਿਆਂ ਨੂੰ ਆਪਣੀਆਂ ਧੀਆਂ ਨੂੰ ਆਪਣੀ ਜਿੰਦਗੀ ਆਜ਼ਾਦੀ ਨਾਲ ਜਿਉਣ ਦਾ ਹੱਕ ਦੇਣਾ ਚਾਹੀਦਾ ਹੈ ਅਤੇ ਲੜਕੀਆਂ ਨੂੰ ਹੱਕ ਦੇ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ਼੍ਰੀਮਤੀ ਰਾਜ ਲਾਲੀ ਗਿੱਲ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ਼ ਦੇ ਗਿਆਨੀ ਦਿੱਤ ਸਿੰਘ ਆਡੀਟੋਰੀਅਮ ਵਿਖੇ ਕਰਵਾਏ ਜ਼ਿਲ੍ਹਾ ਪੱਧਰੀ ਧੀਆਂ ਦੀ ਲੋਹੜੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੀਆਂ ਬੇਟੀਆਂ ਦੀ ਉਚੇਰੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਉਹ ਅੱਜ ਦੇ ਇਸ ਦੌਰ ਵਿੱਚ ਹੋਰ ਵੀ ਵਧੇਰੇ ਤਰੱਕੀ ਕਰ ਸਕਣ। ਸ਼੍ਰੀਮਤੀ ਰਾਜ ਲਾਲੀ ਗਿੱਲ ਨੇ ਕਿਹਾ ਕਿ ਧੀਆਂ ਹਮੇਸ਼ਾ ਆਪਣੇ ਮਾਪਿਆਂ ਦੀ ਖ਼ੈਰ ਮੰਗਦੀਆਂ ਹਨ ਅਤੇ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਦਾ ਮਾਹੌਲ ਦੇਈਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਧੀਆਂ ਦੀ ਸਿੱਖਿਆ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਹੀ ਅਜਿਹੀ ਪੌੜੀ ਹੈ ਜਿਸ ਰਾਹੀ ਔਰਤਾਂ ਸਮਾਜ ਵਿੱਚ ਸਮਾਨਤਾ ਦਾ ਅਧਿਕਾਰ ਪਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਧੀਆਂ ਨੇ ਘਰਾਂ ਦੀਆਂ ਚਾਰਦੀਵਾਰੀਆਂ ਵਿੱਚੋਂ ਨਿਕਲ ਕੇ ਆਪਣਾ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੀਆਂ ਧੀਆਂ-ਭੈਣਾਂ ਲਈ ਬਜਟ ਵਿੱਚ ਉਚੇਚਾ ਹਿੱਸਾ ਰੱਖਿਆ ਹੈ।ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਧੀਆਂ ਦੇ ਸਤਿਕਾਰ ਅਤੇ ਨਾਰੀ ਸਸ਼ਕਤੀਕਰਨ ਤਹਿਤ ਅਨੇਕਾਂ ਪਹਿਲਕਦਮੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿੰਗ ਅਨੁਪਾਤ ਵਿੱਚ ਸੁਧਾਰ ਲਿਆਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਗੱਲ ਉੱਤੇ ਖੁਸ਼ੀ ਤੇ ਤਸੱਲੀ ਪ੍ਰਗਟਾਈ ਕਿ ਮੌਜੂਦਾ ਸਮੇਂ ਬਹੁਤ ਸਾਰੀਆਂ ਲੜਕੀਆਂ ਸਰਕਾਰੀ ਨੌਕਰੀਆਂ ਅਤੇ ਹੋਰ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹਨ।

ਵਿਧਾਇਕ ਰਾਏ ਨੇ ਕਿਹਾ ਕਿ ਅੱਜ ਦਾ ਸਮਾਗਮ ਧੀਆਂ ਨੂੰ ਸਮਰਪਿਤ ਹੈ। ਕੋਈ ਅਜਿਹਾ ਖੇਤਰ ਨਹੀਂ ਜਿੱਥੇ ਧੀਆਂ ਦਾ ਯੋਗਦਾਨ ਨਾ ਹੋਵੇ। ਅੱਜ ਦੀਆਂ ਧੀਆਂ ਮਾਹਰ ਡਾਕਟਰ, ਪਾਇਲਟ, ਸਾਇੰਸਦਾਨ ਅਤੇ ਪ੍ਰੋਫੈਸਰ ਹਨ। ਸਮਾਜ ਵਿਚ ਧੀਆਂ ਦਾ ਸਤਿਕਾਰ ਸਭ ਤੋਂ ਪਹਿਲੇ ਨੰਬਰ 'ਤੇ ਹੈ। ਗੁਰੂ ਸਾਹਿਬ ਨੇ ਵੀ ਆਖਿਆ ਹੈ, ÷ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥÷ ਜਿਸ ਦੀ ਕੁੱਖ ਤੋਂ ਇਸ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ ਉਸ ਨੂੰ ਮੰਦਾ ਕਿਵੇਂ ਕਹਿ ਸਕਦੇ ਹਾਂ। ਅਸੀਂ ਦਿਲੋਂ ਚਾਹੁੰਦੇ ਹਾਂ ਕਿ ਧੀਆਂ ਨੂੰ ਹਰ ਖੇਤਰ ਵਿਚ ਅੱਗੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਹੁਤ ਖੇਤਰਾਂ ਵਿੱਚ ਧੀਆਂ ਅੱਜ ਮੁੰਡਿਆਂ ਤੋਂ ਅੱਗੇ ਲੰਘ ਚੁੱਕੀਆਂ ਹਨ।ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਕਿਹਾ ਕਿ ਨਵ ਜੰਮੀਆਂ ਬੱਚੀਆਂ ਨੂੰ ਸਮਾਜ ਦਾ ਅਧਿਕਾਰ ਦਿਵਾਉਣ ਅਤੇ ਲਿੰਗ ਅਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਲਈ ਧੀਆਂ ਦੀ ਲੋਹੜੀ ਮਨਾਉਣਾ ਸਮੇਂ ਦੀ ਅਹਿਮ ਲੋੜ ਹੈ। ਧੀਆਂ ਇਸ ਦੇਸ਼ ਦੀ ਧਰੋਹਰ ਹਨ, ਜੇਕਰ ਸਮਾਜ, ਸੂਬੇ ਤੇ ਦੇਸ਼ ਨੇ ਕਿਸੇ ਕਿਸਮ ਦੀ ਤਰੱਕੀ ਕਰਨੀ ਹੈ ਤਾਂ ਉਹ ਧੀਆਂ ਤੋਂ ਬਗੈਰ ਨਹੀਂ ਹੋ ਸਕਦੀ।

# 31 ਜਨਵਰੀ 2025 ਤੋਂ ਪਹਿਲਾਂ ਪਹਿਲਾਂ ਅਸਲਾਧਾਰਕ ਅਸਲਾ ਲਾਇਸੰਸ ਸਬੰਧੀ ਸਰਵਿਸ ਸੇਵਾ ਕੇਂਦਰ ਰਾਹੀਂ ਈ ਸੇਵਾ ਪੋਰਟਲ ਤੋਂ ਲੈਣ

**ਫਾਜ਼ਿਲਕਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ 1 ਜਨਵਰੀ 2020 ਤੋਂ ਬਾਅਦ ਅਸਲਾਧਾਰਕਾਂ ਵੱਲੋਂ ਆਪਣੇ ਅਸਲਾ ਲਾਇਸੰਸ ਸਬੰਧੀ ਈ ਸੇਵਾ ਪੋਰਟਲ ਵਿਚ ਕੋਈ ਸਰਵਿਸ ਨਹੀ ਲਈ ਗਈ, ਉਹ 31 ਜਨਵਰੀ 2025 ਤੋਂ ਪਹਿਲਾਂ ਪਹਿਲਾਂ ਅਸਲਾ ਲਾਇਸੰਸ ਸਬੰਧੀ ਕੋਈ ਵੀ ਸਰਵਿਸ ਆਪਣੇ ਨਜਦੀਕੀ ਸੇਵਾ ਕੇਂਦਰ ਰਾਹੀਂ ਈ ਸੇਵਾ ਪੋਰਟਲ ਤੋਂ ਪ੍ਰਾਪਤ ਕਰਨ। ਪੰਜਾਬ ਸਰਕਾਰ ਦੇ ਪੰਜਾਬ ਸਟੇਟ ਈ—ਗਵਰਨੈਂਸ ਸੁਸਾਇਟੀ, ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਵੱਲੋਂ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਜੋ ਅਸਲਾਧਾਰਕ ਹਨ, ਜਿਨ੍ਹਾਂ ਵੱਲੋਂ ਆਪਣੇ ਅਸਲਾ ਲਾਇਸੰਸ ਸਬੰਧੀ 1 ਜਨਵਰੀ 2020 ਤੋਂ ਬਾਅਦ ਈ—ਸੇਵਾ ਪੋਰਟਲ ਵਿਚ ਕਿਸੇ ਤਰ੍ਹਾਂ ਦੀ ਸਰਵਿਸ ਨਹੀਂ ਲਈ ਗਈ ਉਹ ਉਕਤ ਮਿਤੀ ਤੋਂ ਪਹਿਲਾਂ ਪਹਿਲਾਂ ਇਹ ਸੇਵਾ ਲੈਣੀ ਯਕੀਨੀ ਬਣਾਉਣ।

# ਸ੍ਰੀ ਗੁਰੂ ਤੇਗ ਬਹਾਦਰ ਜੀ - ਜੀਵਨ ਤੇ ਸੰਦੇਸ਼

ਸੰਤ ਸੇਵਾ ਸਿੰਘ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਈ. ਨੂੰ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ।

ਆਪ ਜੀ ਜਨਮ ਤੋਂ ਹੀ ਅਤੀਤ ਬਿਰਤੀ ਦੇ ਧਾਰਨੀ ਸਨ, ਆਪ ਜੀ ਕੋਲ ਜੋ ਲੋੜਵੰਦ ਆਉਂਦਾ ਜਾਂ ਲੋੜਵੰਦ ਵੇਖਦੇ, ਜੋ ਕੁਝ ਵੀ ਆਪ ਪਾਸ ਮਾਇਆ ਜਾਂ ਬਸਤਰ ਹੁੰਦਾ ਉਸਨੂੰ ਦੇ ਦਿੰਦੇ।

ਆਪ ਜੀ ਦਾ ਪਹਿਲਾ ਨਾਉਂ ਤਿਆਗ ਮੱਲ ਸੀ। ਇਕ ਸਮੇਂ ਫਗਵਾੜੇ ਪਾਸ ਪਲਾਹੀ ਦੇ ਅਸਥਾਨ ਤੇ ਮੁਗਲਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਤੇ ਅਚਾਨਕ ਹਮਲਾ ਕਰ ਦਿੱਤਾ। ਆਪ ਜੀ ਮੁਗਲ ਸਿਪਾਹੀਆਂ ਨਾਲ ਐਸੀ ਸੂਰਮਗਤੀ ਨਾਲ ਜੂਝੇ, ਆਪ ਦੀ ਤੇਗ ਨੇ ਮੁਗਲਾਂ ਨੂੰ ਭਾਜੜਾਂ ਪਾ ਦਿੱਤੀਆਂ। ਗੁਰੂ ਹਰਿਗੋਬਿੰਦ ਸਾਹਿਬ ਜੀ, ਆਪ ਦੀ ਬਹਾਦਰੀ ਵੇਖ ਕੇ ਪ੍ਰਸੰਨ ਹੋਏ ਤੇ ਫੁਰਮਾਇਆ, ਤੁਸੀਂ ਤਿਆਗ ਮੱਲ ਨਹੀਂ, ਤੁਸੀਂ ਤੇ (ਗੁਰੂ) ਤੇਗ ਬਹਾਦਰ ਹੋ। ਉਸ ਸਮੇਂ ਤੋਂ ਆਪ ਜੀ ਦਾ ਨਾਮ (ਗੁਰੂ) ਤੇਗ ਬਹਾਦਰ ਪ੍ਰਚਲਤ ਹੋ ਗਿਆ।

ਆਪ ਜੀ ਨੇ ਸਾਰੀ ਆਯੂ ਉਹ ਹੀ ਉਪਦੇਸ਼ ਦਿਤਾ, ਜਿਸ ਦੀ ਆਪ ਜੀ ਨੇ ਆਪਣੇ ਜੀਵਨ ਵਿਚ ਕਮਾਈ ਕੀਤੀ। ਤੇਰ੍ਹਾਂ ਸਾਲ ਦੀ ਉਮਰ ਵਿਚ ਆਪ ਦਾ ਵਿਆਹ ਭਾਈ ਲਾਲ ਚੰਦ, ਕਰਤਾਰਪੁਰ (ਜਲੰਧਰ) ਨਿਵਾਸੀ ਦੀ ਪੁੱਤਰੀ ਗੁਜਰੀ ਜੀ ਨਾਲ ਹੋਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾ ਗੱਦੀ ਦੀ ਸੌਂਪਣਾ, ਜਦੋਂ ਗੁਰੂ ਹਰਿ ਰਾਇ ਜੀ ਨੂੰ ਕਰ ਦਿੱਤੀ ਤਾਂ ਆਪ ਜੀ ਨੂੰ ਸਤਿਗੁਰੂ ਜੀ ਨੇ ਬਾਬੇ ਬਕਾਲੇ ਜਾ ਕੇ ਰਹਿਣ ਲਈ ਹੁਕਮ ਕਰ ਦਿਤਾ। ਆਪ ਜੀ, ਮਾਤਾ ਨਾਨਕੀ ਜੀ, ਗੁਜਰੀ ਜੀ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਕਾਲੇ ਨੂੰ ਜਾਣ ਲੱਗਿਆਂ ਆਪ ਜੀ ਨੂੰ ਇਕ ਕਟਾਰ ਅਤੇ ਪੋਥੀ ਬਖਸ਼ੀ ਅਤੇ ਹੁਕਮ ਕੀਤਾ ਸਮੇਂ ਨਾਲ ਗੁਰਤਾ ਗੱਦੀ ਤੁਹਾਡੇ ਹੀ ਘਰ ਆ ਜਾਵੇਗੀ।

ਆਪ ਜੀ ਨੇ ਬਕਾਲੇ ਜਾ ਕੇ ਧਰਤੀ ਵਿਚ ਸੰਤ ਭੋਰਾ ਪੁੱਟ ਲਿਆ। ਉਸ ਵਿਚ ਬੈਠ 26 ਸਾਲ 9 ਮਹੀਨੇ 13 ਦਿਨ ਐਸੀ ਪ੍ਰਭੂ ਸਿਮਰਨ ਦੀ ਅਤੁੱਟ ਕਮਾਈ ਕੀਤੀ ਜਿਸਦੀ ਮਿਸਾਲ ਕਿਧਰੇ ਢੂੰਡਿਆਂ ਵੀ ਨਹੀਂ ਮਿਲਦੀ। ਜਦੋਂ ਦਿੱਲੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਰੀਰ ਅਲੋਪ ਕਰਨ ਤੋਂ ਪਹਿਲਾਂ ਤਿੰਨ ਵਾਰੀ ਗੋਲਾਕਾਰ ਹੱਥ ਘੁੰਮਾਇਆ ਅਤੇ ਹੁਕਮ ਕੀਤਾ 'ਬਾਬਾ ਬਕਾਲੇ' ਅਤੇ ਨਾਲ ਹੀ ਸੀਸ ਝੁਕਾਇਆ। ਇਧਰ ਬਾਬੇ ਬਕਾਲੇ ਸੋਢੀਆਂ ਨੇ ਆਪਣੇ ਆਪ ਨੂੰ ਗੁਰੂ ਪ੍ਰਗਟ ਕਰਨ ਲਈ 22 ਮੰਜੀਆਂ ਲਾ ਲਈਆਂ ਅਤੇ ਆਪੋ-ਆਪਣੇ ਮਸੰਦਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਲੱਗ ਪਏ।

ਭਾਈ ਮੱਖਣ ਸ਼ਾਹ ਜੋ ਬਹੁਤ ਵੱਡਾ ਵਪਾਰੀ ਸੀ, ਉਸ ਦਾ ਮਾਲ ਨਾਲ ਲੱਦਿਆ ਜਹਾਜ਼ ਸੂਰਤ ਦੀ ਬੰਦਰਗਾਹ ਉਤੇ ਬਰੇਤੀ ਵਿਚ ਫਸ ਗਿਆ। ਸਾਰੇ ਹੀਲੇ ਕਰਨ ਉਪਰੰਤ ਵੀ ਕਿਨਾਰੇ ਨਾ ਲੱਗਾ। ਉਸਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਧਿਆਨ ਧਰ ਕੇ ਦਸਵੰਧ ਅਤੇ 500 ਮੋਹਰਾਂ ਦੀ ਸੁੱਖਣਾ ਕੀਤੀ। ਗੁਰੂ ਮਿਹਰ ਨਾਲ ਬੇੜਾ ਕਿਨਾਰੇ ਲੱਗ ਗਿਆ। ਮਾਲ ਵੇਚਣ ਉਪਰੰਤ ਮੱਖਣ ਸ਼ਾਹ ਦਸਵੰਧ ਅਤੇ ਸੁੱਖਣਾ ਦੀ ਮਾਇਆ ਲੈ ਕੇ ਦਿੱਲੀ ਪੁੱਜਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਉਨ੍ਹਾਂ ਵਲੋਂ ਗੁਰੂ ਜੀ ਦਾ ਬਾਬੇ ਬਕਾਲੇ ਇਸ਼ਾਰਾ ਸੁਣ ਕੇ ਭਾਈ ਮੱਖਣ ਸ਼ਾਹ ਬਾਬੇ ਬਕਾਲੇ ਪੁੱਜਾ। ਉਥੇ 22 ਗੁਰੂ ਵੇਖਕੇ ਉਸ ਦਾ ਚਿੱਤ ਡਾਵਾਂਡੋਲ ਹੋ ਗਿਆ। ਸੱਚੇ ਗੁਰਾਂ ਦੀ ਪਰਖ ਕਰਨ ਵਾਸਤੇ ਉਸਨੇ ਸਾਰਿਆਂ ਨੂੰ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕੀ ਗਿਆ ਪਰ ਕਿਸੇ ਵਲੋਂ ਵੀ ਮਨ ਦੀ ਨਿਸ਼ਾ ਨ ਹੋਈ। ਅਖੀਰ ਪਤਾ ਕਰਕੇ ਭੋਰੇ ਦੇ



ਅੰਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਪੁੱਜਾ। ਉਥੇ ਹੀ ਮੱਖਣ ਸ਼ਾਹ ਨੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਪਰ ਜਾਣੀ ਜਾਣ ਸੱਚੇ ਗੁਰੂ ਨੇ ਮੱਖਣ ਸ਼ਾਹ ਨੂੰ ਸੰਬੋਧਨ ਕਰਕੇ ਫੁਰਮਾਇਆ, 'ਮੱਖਣ ਸ਼ਾਹ! ਸੁੱਖਣਾ ਤਾਂ ਪੰਜ ਸੌ ਮੋਹਰਾਂ ਤੇ ਦਸਵੰਧ ਦੀ ਸੀ, ਪਰ ਅਰਪਣ ਦੋ ਕਰ ਰਿਹਾ ਹੈ।' ਸਤਿਗੁਰੂ ਜੀ ਦੇ ਬਚਨ ਸੁਣ ਕੇ ਮੱਖਣ ਸ਼ਾਹ ਗੁਰੂ ਜੀ ਦੇ ਚਰਨਾਂ ਤੇ ਡਿਗ ਪਿਆ। ਖ਼ਿਮਾਂ ਮੰਗੀ ਅਤੇ ਦਸਵੰਧ ਅਤੇ ਸੁੱਖਣਾ ਦੀ ਸਾਰੀ ਮਾਇਆ ਗੁਰੂ ਚਰਨਾਂ ਵਿਚ ਅਰਪਣ ਕਰਕੇ ਉੱਚੀ-ਉੱਚੀ ਪੁਕਾਰਦਾ ਕੋਠੇ ਤੇ ਚੜ੍ਹ ਕੇ ਪੱਲੂ ਫੇਰਨ ਲੱਗ ਪਿਆ :-

**ਭੁੱਲੀਏ ਸੰਗਤਿ ਸੁਨਹੁ ਸਕਾਨ।**
**ਸਤਿਗੁਰ ਲਧਾ ਮਰਦ ਮਹਾਨ।**
**ਗੁਰੂ ਲਾਧੋ ਰੇ! ਗੁਰੂ ਲਾਧੋ ਰੇ॥**

ਜਦੋਂ ਸਾਰੀ ਸੱਚਾਈ ਸੰਗਤਾਂ ਦੇ ਸਾਹਮਣੇ ਪ੍ਰਗਟ ਹੋਈ, ਉਸੇ ਵੇਲੇ ਗੁਰੂ ਦਰਸ਼ਨਾਂ ਦੀ ਪਿਆਸੀ ਸਾਰੀ ਸੰਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਉਮੜ ਪਈ ਅਤੇ ਦੀਵਾਨ ਸੱਜ ਗਿਆ।

ਉਧਰ ਧੀਰਮਲ ਨੇ ਸ਼ੀਹੇਂ ਮਸੰਦ ਨੂੰ ਕਹਿ ਕੇ ਆਪ ਜੀ ਦੇ ਸਰੀਰ ਨੂੰ ਨੁਕਸਾਨ ਪਹੁੰਚਾਉਣ ਲਈ ਗੋਲੀ ਵੀ ਚਲਾਈ, ਪਰ ਆਪ ਜੀ ਵਾਲ-ਵਾਲ ਬਚ ਗਏ। ਫਿਰ ਵੀ ਧੀਰਮਲ ਦੇ ਮਨ ਦੀ ਈਰਖਾਲੂ ਅਗਨੀ ਸ਼ਾਂਤ ਨਾ ਹੋਈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਦਾ ਸਾਰਾ ਸਮਾਨ ਮਸੰਦਾਂ ਨੂੰ ਨਾਲ ਲੈ ਕੇ ਲੁੱਟ ਲਿਆ। ਪਰ ਧੀਰਜ ਮੇਰਾਣ (ਪਰਬਤ) ਖਿਮਾਂ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਨੇ ਭੋਰਾ ਜਿੰਨਾ ਵੀ ਬੁਰਾ ਨਾ ਮਨਾਇਆ।

ਜਦੋਂ ਮੱਖਣ ਸ਼ਾਹ ਨੂੰ ਇਸ ਘਟਨਾ ਦਾ ਪਤਾ ਲੱਗਾ ਉਸ ਨੇ ਆਪਣੇ ਸਾਥੀਆਂ ਸਮੇਤ ਧੀਰਮਲ ਨੂੰ ਸਬਕ ਸਿਖਾਉਣ ਲਈ, ਉਸ ਤੇ ਹੱਲਾ ਬੋਲ ਦਿਤਾ ਤੇ ਉਸ ਦਾ ਸਾਰਾ ਸਮਾਨ ਸਮੇਤ ਬੀੜ ਦੇ ਖੋਹ ਲਿਆਂਦਾ ਪਰ ਧੀਰਜ ਧੁੱਜਾ ਸਤਿਗੁਰੂ ਜੀ ਨੇ ਸਾਰਾ ਧੀਰਮਲ ਦਾ ਲੁੱਟਿਆ ਹੋਇਆ ਸਮਾਨ ਵਾਪਸ ਕਰ ਦਿਤਾ।

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਕਾਲੇ ਤੋਂ ਕੂਚ ਕਰਨਾ ਹੀ ਮੁਨਾਸਿਬ ਸਮਝਿਆ। ਆਪ ਜੀ, ਅੰਮ੍ਰਿਤਸਰ, ਤਲਵੰਡੀ ਸਾਬੋ, ਧਮਧਾਣ, ਕੀਰਤਪੁਰ ਆਦਿ ਗਏ। ਇਥੋਂ ਸਤਲੁਜ ਦਰਿਆ ਦੇ ਕਿਨਾਰੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਪਿੰਡ ਮਾਖੋਵਾਲ ਦੀ ਸਾਰੀ ਜ਼ਮੀਨ 2200/- ਰੁਪਏ ਵਿਚ ਖਰੀਦ ਕੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਦਾ ਟੱਕ 19 ਜੂਨ 1665 ਈ. ਨੂੰ ਲਾਇਆ।

ਆਪ ਜੀ ਨੇ ਗੁਰਸਿੱਖੀ ਪ੍ਰਚਾਰ ਲਈ ਉਚੇਚਾ ਧਿਆਨ ਦਿੱਤਾ। ਆਪ ਜੀ ਇਸੇ ਪ੍ਰਚਾਰ ਦੀ ਖਾਤਰ ਆਨੰਦਪੁਰ ਸਾਹਿਬ ਤੋਂ ਘਨੌਲੀ, ਬਹਾਦਰਗੜ੍ਹ, ਨੌਲੱਖਾ, ਬਛੋਆਹਣਾ, ਸੰਘੇੜੀ, ਧਮਧਾਣ, ਕੁਰੂਕਸ਼ੇਤਰ ਬਾਂਗਰ ਦੇਸ਼ ਲੰਘ ਮਥੁਰਾ ਪੁੱਜੇ। ਇਥੋਂ ਸੰਗਤਾਂ ਨੂੰ ਗੁਰੂ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਆਪ ਜੀ ਕਾਨਪੁਰ, ਅਲਾਹਬਾਦ ਹੁੰਦੇ ਹਵੇਲੀ ਟਿਕਾਣਾ ਕਰਵਾ ਕੇ ਆਪ ਜੀ ਨੇ ਢਾਕਾ, ਅਸਾਮ, ਬੰਗਾਲ ਵਿਚ ਗੁਰਸਿੱਖੀ ਪ੍ਰਚਾਰ ਕਰਨ ਹਿੱਤ ਅੱਗੇ ਨੂੰ ਕੂਚ ਕੀਤਾ। ਜਗਿਆਸੂਆਂ ਵਲੋਂ ਪ੍ਰਭੂ ਭਗਤੀ ਦੀ ਪੁੱਛ ਦੇ ਉੱਤਰ ਵਿਚ ਆਪ ਜੀ ਨੇ ਫੁਰਮਾਇਆ ਕਿ ਹਰ ਉਸ ਚੀਜ਼ ਵਲੋਂ ਚਿੱਤ ਨੂੰ ਹਟਾਉਣਾ ਚਾਹੀਦਾ ਹੈ ਜਿਹੜੀ ਵਾਹਿਗੁਰੂ ਨਾਲ ਚਿੱਤ ਜੋੜਨ ਲਈ ਰੁਕਾਵਟ ਬਣਦੀ ਹੈ। ਦੂਸਰਾ ਅਸਲੀ ਭਗਤੀ ਇਹ ਹੈ ਕਿ ਪ੍ਰਭੂ ਨਾਲ ਇੰਨਾ ਸਨੇਹ ਬਣ ਜਾਵੇ ਕਿ ਬਾਕੀ ਸਭ ਕੁਝ ਭੁੱਲ ਹੀ ਜਾਵੇ। ਆਪ ਜੀ ਨੇ ਆਪਣੇ ਮੁਖਾਰਬਿੰਦ ਤੋਂ ਸ਼ਬਦਾਂ ਅਤੇ ਸਲੋਕਾਂ ਦੀ ਰਚਨਾ ਕੀਤੀ। ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਵਿਚ ਅੰਕਿਤ ਕਰਕੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੌਜੂਦਾ ਰੂਪ ਦਿੱਤਾ।

ਧੰਨੇ ਨਾਮ ਦੇ ਜਗਿਆਸੂ ਨੂੰ ਜੋ ਪ੍ਰਭੂ ਪ੍ਰਾਪਤੀ ਲਈ ਜੰਗਲ ਵੱਲ ਸਨਿਆਸੀ ਬਣਕੇ ਜਾ ਰਿਹਾ ਸੀ, ਸਤਿਗੁਰੂ ਜੀ ਨੇ ਘਰ ਰਹਿ ਕੇ ਬੰਦਗੀ ਕਰਨ ਦਾ ਉਪਦੇਸ਼ ਦਿਤਾ ਅਤੇ ਉਸ ਨੂੰ ਵਾਹਿਗੁਰੂ ਦੀ ਲਖਤਾ ਉਸ ਦੇ ਅੰਦਰ ਹੀ ਦ੍ਰਿੜ੍ਹ ਕਰਾਈ।

ਸੰਸਾਰ ਨੂੰ ਸ਼ਾਂਤੀ ਦਾ ਉਪਦੇਸ਼ ਦਿੰਦੇ ਆਪ ਜੀ ਆਸਾਮ ਵਿਚ ਵਿਚਰ ਰਹੇ ਸਨ। ਆਪ ਜੀ ਦੇ ਗ੍ਰਿਹਿ ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 22 ਦਸੰਬਰ 1666 ਈ. ਨੂੰ ਹੋਇਆ। ਆਪ ਜੀ ਆਸਾਮ ਤੋਂ ਪਟਨੇ ਪੁੱਜੇ, ਗੋਬਿੰਦ ਰਾਏ ਜੀ ਨੂੰ ਮਿਲ ਕੇ ਪੰਜਾਬ ਅਨੰਦਪੁਰ ਸਾਹਿਬ ਆ ਗਏ।

ਇਸੇ ਸਮੇਂ ਔਰੰਗਜੇਬ ਨੇ ਆਪਣੇ ਜਬਰ ਦਾ ਕੁਹਾੜਾ ਹਿੰਦੂਆਂ ਦੇ ਧਰਮ ਨੂੰ ਮੇਟਣ ਲਈ ਚਲਾਉਣਾ ਸ਼ੁਰੂ ਕਰ ਦਿਤਾ ਹੋਇਆ ਸੀ। ਇਕ ਪਾਸੇ ਜਬਰੀ ਮੰਦਰ ਢਾਹੇ ਜਾ ਰਹੇ ਸਨ, ਦੂਜੇ ਪਾਸੇ ਹਿੰਦੂਆਂ ਤੇ ਜਜੀਆ ਲਗਾ ਦਿਤਾ। ਧਾਰਮਿਕ ਮੇਲਿਆਂ ਤੇ ਪਾਬੰਦੀ ਅਤੇ ਇਸਲਾਮ ਵਿਚ ਲਿਆਉਣ ਲਈ ਲਾਲਚਾਂ ਦਾ ਦੌਰ ਚਲਾ ਦਿਤਾ।

ਕਸ਼ਮੀਰੀ ਪੰਡਿਤਾਂ ਨੇ ਇਕੱਤਰ ਹੋ ਕੇ ਸ਼ਿਵ ਮੰਦਿਰ ਅਮਰਨਾਥ ਦੀ ਗੁਫਾ ਵਿਚ ਸ਼ਿਵ ਜੀ ਦੀ ਅਰਾਧਨਾ ਕੀਤੀ। ਅਕਾਸ਼ਬਾਣੀ ਹੋਈ ਕਿ ਤੁਸੀਂ ਪੰਜਾਬ ਵਿਚ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਜਾਵੋ, ਉਹ ਤੁਹਾਡੀ ਬਾਂਹ ਫੜਨਗੇ। ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ 500 ਬ੍ਰਾਹਮਣਾਂ ਦਾ ਵਫ਼ਦ ਅਨੰਦਪੁਰ ਸਾਹਿਬ ਪੁੱਜਿਆ ਅਤੇ ਧਰਮ ਰੱਖਿਆ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਭਰੋਸਾ ਦਿਤਾ ਕਿ ਜਾਉ ਸ਼ਾਹ ਨੂੰ ਕਹਿ ਦਿਉ ਕਿ ਸਾਡੇ ਆਗੂ ਗੁਰੂ ਤੇਗ ਬਹਾਦਰ ਜੀ ਹਨ, ਜੇ ਤੁਸੀਂ ਉਨ੍ਹਾਂ ਨੂੰ ਦੀਨ ਇਸਲਾਮ ਵਿਚ ਲੈ ਆਵੋ ਤਾਂ ਅਸੀਂ ਸਾਰੇ ਇਸਲਾਮ ਦੇ ਧਾਰਨੀ ਬਣ ਜਾਵਾਂਗੇ।

**ਬਾਹ ਜਿਨਾ ਦੀ ਪਕੜੀਐ**
**ਸਿਰ ਦੀਜੈ ਬਾਹ ਨ ਛੋੜੀਐ।**

ਆਪ ਜੀ ਸਮਾਣਾ, ਕੈਂਥਲ, ਲਖਣਮਾਜਰਾ ਹੁੰਦੇ ਆਗਰੇ ਪੁੱਜੇ। ਉਥੋਂ ਆਪ ਜੀ ਨੂੰ ਮੁਗਲ ਸਿਪਾਹੀ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਗਏ। ਆਪ ਜੀ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਜੀ ਨੇ ਵੀ ਗ੍ਰਿਫ਼ਤਾਰੀ ਦਿਤੀ। ਤਿੰਨ ਸਿੱਖ ਭਾਈ ਜੈਤਾ, ਭਾਈ ਗੁਰਦਿੱਤਾ ਤੇ ਭਾਈ ਊਦਾ ਜੀ ਨੂੰ ਸਤਿਗੁਰਾਂ ਪਹਿਲਾਂ ਹੀ ਆਪਣੇ ਤੋਂ ਜੁਦਾ ਕਰ ਦਿਤਾ ਸੀ। ਆਪ ਜੀ ਦੇ ਅੱਗੇ ਤਿੰਨ ਸ਼ਰਤਾਂ ਰੱਖੀਆਂ, ਮੁਸਲਮਾਨ ਬਣੋ ਜਾਂ ਕਰਾਮਾਤ ਦਿਖਾਉ ਜਾਂ ਸ਼ਹੀਦ ਹੋਣਾ ਪ੍ਰਵਾਨ ਕਰੋ। ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅਤੇ ਭਾਈ ਦਿਆਲ ਦਾਸ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕਰ ਦਿਤਾ। ਆਪ ਜੀ ਅਡੋਲ ਚਿਤ ਦੇ ਸੋਹਿਲੇ ਗਾਉਂਦੇ 11 ਨਵੰਬਰ 1675 ਈ. ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹਾਦਤ ਪ੍ਰਾਪਤ ਕਰ ਗਏ।

ਆਪ ਜੀ ਦਾ ਸੀਸ ਭਾਈ ਜੈਤਾ ਜੀ ਨੇ ਸੰਭਾਲ ਲਿਆ ਅਤੇ ਅਨੰਦਪੁਰ ਸਾਹਿਬ ਪਹੁੰਚਾ ਦਿਤਾ। ਭਾਈ ਗੁਰਦਿਤਾ ਜੀ, ਭਾਈ ਊਦਾ ਜੀ ਨੇ ਭਾਈ ਲੱਖੀ ਸ਼ਾਹ ਨਾਲ ਮਿਲ ਕੇ ਸਰੀਰ ਦੀ ਸੰਭਾਲ ਕਰਕੇ ਆਪਣੇ ਘਰ ਪਹੁੰਚ ਕੇ ਸਤਿਗੁਰੂ ਜੀ ਦੇ ਸਰੀਰ ਨੂੰ ਚਿਖ਼ਾ ਉਤੇ ਰੱਖ ਕੇ ਆਪਣੇ ਘਰ ਨੂੰ ਅੱਗ ਲਗਾ ਦਿਤੀ। ਜਿਸ ਥਾਂ ਹੁਣ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਜਿੱਥੇ ਸਤਿਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਥੇ ਗੁਰਦੁਆਰਾ ਸੀਸ ਗੰਜ (ਅਨੰਦਪੁਰ ਸਾਹਿਬ) ਸੁਸ਼ੋਭਿਤ ਹੈ।

ਇਸ ਵਚਿਤਰ, ਅਨੋਖੀ ਸ਼ਹਾਦਤ ਪ੍ਰਥਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤੀ ਜੀ ਨੇ ਬੜਾ ਸੁੰਦਰ ਲਿਖਿਆ ਹੈ :

**ਪ੍ਰਗਟ ਭਏ ਗੁਰੂ ਤੇਗ ਬਹਾਦਰ॥**
**ਸਗਲ ਸ੍ਰਿਸਟਿ ਪੈ ਢਾਪੀ ਚਾਦਰ॥**
**ਕਰਮ ਧਰਮ ਕੀ ਜਿਨਿ ਪਤਿ ਰਾਖੀ॥**
**ਅਟਲ ਕਰੀ ਕਲਜੁਗ ਮੈ ਸਾਖੀ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਵਰਣਨ ਅੱਗੇ ਲਿਖੇ ਦੋਹਰਿਆਂ ਵਿਚ ਇਸ ਪ੍ਰਕਾਰ ਹੈ :

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨਿ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨ ਉਚਰੀ॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**

**ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ।**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥**

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥**

(ਬਚਿੱਤਰ ਨਾਟਕ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਲਈ ਜਾਣ ਤੋਂ ਪਹਿਲਾਂ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਦਿਤੀ ਸੀ, ਜਿਨ੍ਹਾਂ ਦੀ ਉਮਰ ਅਜੇ ਨੌ ਸਾਲ ਦੀ ਹੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਜੀ ਦੀ ਗੁਰਤਾ ਗੱਦੀ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਸੀ।

# ਧੁਬੜੀ (ਆਸਾਮ) ਤੇ ਢੂੰਗਥਾਂਗ (ਸਿਕਮ) ਵਿਚ ਸਥਿਤ ਗੁਰਦੁਆਰੇ

ਕਰਨਲ ਅਵਤਾਰ ਸਿੰਘ ਬਰਾੜ

ਦੇਖਣ ਵਿਚ ਆਇਆ ਹੈ ਕਿ ਪੰਜਾਬ, ਦਿੱਲੀ ਤੇ ਹੋਰ ਨੇੜੇ ਤੇੜੇ ਦੇ ਸਿੱਖ ਪੰਜਾਬ, ਦਿੱਲੀ, ਬਿਹਾਰ ਵਿਚ ਪਟਨਾ ਸਾਹਿਬ, ਮਹਾਂਰਾਸ਼ਟਰ ਵਿਚ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਇਤਿਹਾਸਕ ਗੁਰਦੁਆਰਿਆਂ ਦੇ ਹੀ ਦਰਸ਼ਨ ਕਰਨ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖਾਸ ਕਰ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਦੇ ਦੂਰ ਦੁਰਾਡੇ ਥਾਵਾਂ ਦਾ ਭਰਮਣ ਕੀਤਾ ਅਤੇ ਆਪਣਾ ਉਪਦੇਸ਼ ਦਿਤਾ, ਉਨ੍ਹਾਂ ਥਾਵਾਂ ਤੇ ਵੀ ਕਈ ਚੰਗੇ ਗੁਰਦੁਆਰੇ ਬਣੇ ਹੋਏ ਹਨ ਅਤੇ ਗੁਰੂ ਸਬੰਧਿਤ ਵਸਤੂਆਂ ਸੁਸ਼ੋਭਿਤ ਹਨ ਪਰ ਉਨ੍ਹਾਂ ਥਾਵਾਂ ਤੇ ਲੋਕ ਘਟ ਹੀ ਜਾਦੇ ਹਨ। ਪ੍ਰੀਸ਼ਰਮੀ ਲੋਕ ਨਵੇਂ ਬਣਾਏ ਗੁਰੂ ਅਸਥਾਨ ਹੇਮਕੁੰਟ ਦੇ ਵੀ ਦਰਸ਼ਨ ਕਰ ਆਉਂਦੇ ਹਨ।

ਮੈਨੂੰ ਸਿਲੀਗੁਰੀ (ਜਲਪਾਇਗੁਰੀ, ਪੂਰਬੀ ਬੰਗਾਲ) ਜਾਣ ਦਾ ਅਵਸਰ ਪ੍ਰਾਪਤ ਹੋਇਆ। ਦੋ-ਤਿੰਨ ਹਫਤੇ ਦਾ ਖੁਲ੍ਹਾ ਸਮਾਂ ਸੀ ਅਤੇ ਸਿੱਖ ਹੋਣ ਦੇ ਨਾਤੇ ਗੁਰਦੁਆਰਾ ਲੱਭਿਆ ਜੋ ਮੁੱਖ ਬਾਜ਼ਾਰ ਵਿਚ ਹੀ ਹੈ, ਦੇ ਦਰਸ਼ਨ ਕੀਤੇ। ਬਹੁਤ ਸਿੱਖ ਵਸੋਂ ਦੇ ਨਾ ਹੁੰਦਿਆਂ ਵੀ ਇਕ ਅਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਕਮੇਟੀ ਦੇ ਮੈਂਬਰ ਤੋਂ ਕਿਸੇ ਇਤਿਹਾਸਕ ਅਸਥਾਨ ਤੇ ਨੇੜੇ ਤੇੜੇ ਹੋਣ ਦੀ ਪੁੱਛ ਕੀਤੀ। ਪਤਾ ਲੱਗਿਆ ਕਿ ਇਕ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਿਕਮ ਵਿਚ ਢੂੰਗਥਾਂਗ ਵਿਚ ਹੈ ਤੇ ਦੂਸਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਬੰਧਤ ਪੂਰਬੀ ਬੰਗਾਲ ਦੀ ਸੀਮਾਂ ਨਾਲ ਲਗਦੇ ਆਸਾਮ ਦੇ ਧੁਬੜੀ ਸ਼ਹਿਰ ਵਿਚ ਹੈ। ਇਨ੍ਹਾਂ ਦਿਨਾਂ ਵਿਚ ਗੁਰੂਧਾਮਾਂ ਨੂੰ ਦੇਖਣ ਤੇ ਉਨ੍ਹਾਂ ਦੇ ਇਤਿਹਾਸ ਨੂੰ ਜਾਨਣ ਲਈ ਦੋਵੀਂ ਥਾਈਂ ਜਾਣ ਦਾ ਮਨ ਬਣਾ ਲਿਆ। ਪਹਿਲਾਂ ਧੁਬੜੀ ਜਾਣ ਦਾ ਬਾਨਣੂ ਬੰਨਿਆ। ਸਮਾਂ ਖੁੱਲ੍ਹਾ ਸੀ ਕਿਉਂਕਿ ਮੈਂ ਆਪਣੇ ਸੈਨਿਕ ਬੇਟੇ ਕੋਲ ਸੈਰ ਸਪਾਟੇ ਲਈ ਗਿਆ ਹੋਇਆ ਸੀ।

ਸਿਲੀਗੁਰੀ ਤੋਂ ਧੁਬੜੀ ਲਈ ਰੋਜ਼ ਦੋ ਬਸਾਂ ਜਾਂਦੀਆਂ ਹਨ ਤੇ ਲਗਭਗ ਛੇ ਤੋਂ ਸੱਤ ਘੰਟੇ ਦਾ ਸਫਰ ਹੈ। ਬਿਹਾਰ ਰੇਲਵੇ ਸਟੇਸ਼ਨ ਤੋਂ ਕੋਈ ਤਿੰਨ ਘੰਟੇ ਦਾ ਸਫਰ ਹੈ। ਟਿਕਟ ਖਰੀਦੀ ਤੇ ਬੱਸ ਵਿਚ ਬੈਠ ਗਏ। ਰਸਤੇ ਵਿਚ ਕਈ ਛੋਟੇ ਵਡੇ ਪਿੰਡ ਤੇ ਕਸਬੇ ਆਏ। ਲੋਕਾਂ ਦੇ ਬਹੁਤੇ ਘਰ ਸੜਕ ਦੇ ਨਾਲ-ਨਾਲ ਹੀ ਬਣੇ ਹੋਏ ਸਨ। ਜ਼ਿਆਦਾਤਰ ਘਰ ਟੀਨਾਂ ਦੇ ਬਣੇ ਹੋਏ ਹਨ ਪੱਕੇ ਘਰ ਬਹੁਤ ਹੀ ਘੱਟ ਹਨ। ਹਰ ਘਰ ਦੇ ਨਾਲ ਨਾਰੀਅਲ ਤੇ ਬਾਸਾਂ ਦੇ ਦਰਖਤ ਹਨ ਤੇ ਹੋਰ ਵੀ ਕਈ ਜੰਗਲੀ ਜਾਤੀਆਂ ਦੇ ਦਰਖਤ ਹਨ। ਭਾਵੇਂ ਬਾਰਿਸ਼ਾਂ ਅਜੇ ਨਹੀਂ ਹੋਈਆਂ ਸਨ ਪਰ ਹਰ ਪਾਸੇ ਹਰਿਆਲੀ ਹੀ ਹਰਿਆਲੀ ਸੀ।

ਸੱਤ ਘੰਟੇ ਬਾਅਦ ਬੱਸ ਰਾਤ ਦੇ ਹਨੇਰੇ ਨੂੰ ਚੀਰਦੀ ਧੁਬੜੀ ਪਹੁੰਚ ਗਈ। ਪਤਾ ਹੀ ਸੀ ਕਿ ਗੁਰਦੁਆਰੇ ਹੀ ਠਿਕਾਣਾ ਕਰਨਾ ਹੈ, ਸਾਈਕਲ ਰਿਕਸ਼ਾ ਕੀਤੀ ਤੇ ਸਿੱਧਾ ਗੁਰਦੁਆਰੇ ਪਹੁੰਚ ਗਏ। ਗੁਰਦੁਆਰੇ ਦੀ ਅਲੀਸ਼ਾਨ ਇਮਾਰਤ ਦੇਖ ਕੇ ਦੰਗ ਰਹਿ ਗਿਆ ਤੇ ਮਨ ਹੀ ਮਨ ਸੋਚਣ ਲਗਾ ਆਖਿਰ ਕੀ ਹੈ ਸਿੱਖ ਧਰਮ ਵਿਚ ਜਿਸ ਦੇ ਅਨੁਯਾਈ ਵਿਤੋਂ ਬਾਹਰੋਂ ਹੋ ਕੇ ਵੱਡੀਆਂ ਵੱਡੀਆਂ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾ ਦਿੰਦੇ ਹਨ। ਭਾਵੇਂ ਉਨ੍ਹਾਂ ਵਿਚ ਬੈਠਣ ਵਾਲਿਆਂ ਦੀ ਗਿਣਤੀ ਕਦੀ ਨਾ ਆਂਕੀ ਹੁੰਦੀ ਹੋਵੇ। ਮਨ ਅੰਦਰੋਂ ਜਵਾਬ ਦਿਤਾ ਕਿ ਖਾਲਸੇ ਨੂੰ ਗੁਰੂਆਂ ਨੇ ਚੜ੍ਹਦੀਕਲਾ ਦਾ ਵਰਦਾਨ ਦਿਤਾ ਹੋਇਆ ਹੈ ਤੇ ਗੁਰੂ ਅਸਥਾਨ ਵੀ ਚੜ੍ਹਦੀਆਂ ਕਲਾਵਾਂ ਵਾਲੇ ਕਿਉਂ ਨਾ ਹੋਣ। ਇਸ ਮਨੋਬ੍ਰਿਤੀ ਵਿਚ ਡੁੱਬਿਆ ਗੁਰਦੁਆਰੇ ਦੇ ਮੈਨੇਜਰ ਨੂੰ ਮਿਲਿਆ। ਉਨ੍ਹਾਂ ਜੀ ਆਇਆਂ ਕਿਹਾ ਤੇ ਫਤਹਿ ਬੁਲਾਈ ਤੇ ਰੈਣ ਬਸੇਰੇ ਲਈ ਇਕ ਕਮਰਾ ਖੋਲ੍ਹ ਦਿਤਾ ਤੇ ਨਾਲ ਹੀ ਲੰਗਰ ਤਿਆਰ ਹੈ, ਛੱਕਣ ਲਈ ਕਿਹਾ। ਗਰਮ ਗਰਮ ਲੰਗਰ ਛੱਕਿਆ। ਮਗਰੋਂ ਮੈਨੇਜਰ ਨਾਲ ਗੱਲਬਾਤ ਹੋਈ ਤੇ ਪਤਾ ਲੱਗਾ ਕਿ ਧੁਬੜੀ ਸ਼ਹਿਰ ਬ੍ਰਹਮਪੁੱਤਰਾ ਦਰਿਆ ਦੇ ਕੰਢੇ ਤੇ ਵਸਿਆ ਹੋਇਆ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੇਸ਼ ਭਰਮਣ ਸਮੇਂ ਚਰਨ ਪਾਏ ਸਨ ਤੇ ਆਪਦੇ ਉਪਦੇਸ਼ਾਂ ਦੁਆਰਾ ਲੋਕਾਂ ਨੂੰ ਸੱਚ ਦੇ ਸਹੀ ਮਾਰਗ ਦੇ ਪਾਂਧੀ ਬਣਾਇਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਇਸ ਉਦਾਸੀ ਵਿਚ 1505 ਈਸਵੀ ਵਿਚ ਬਿਹਾਰ ਹੁੰਦੇ ਹੋਏ ਗੋਰੀਪੁਰ ਪੁੱਜੇ ਸਨ ਜੋ ਧੁਬੜੀ ਦੇ ਪਾਸ ਹੀ ਹੈ ਤੇ ਆਸਾਮ ਦੇ ਇਕ ਵੈਸ਼ਨਵ ਲੋਕ ਸੁਧਾਰਕ ਸ੍ਰੀ ਸਰਕਾਰ ਦੇਵ (1449-1569) ਦੇ ਘਰ ਹੀ ਠਹਿਰੇ ਸਨ। ਉਸ ਨਾਲ ਮਿਲ ਕੇ ਸਮਾਜਿਕ ਕੁਰੀਤੀਆਂ ਜਿਵੇਂ ਕਾਲੇ ਜਾਦੂ ਦੇ ਗਲਤ ਨਤੀਜਿਆਂ ਵਿਰੁੱਧ ਅਤੇ ਹੋਰ ਧਾਰਮਿਕ ਸੁਧਾਰਾਂ ਜਿਵੇਂ ਇਕ ਪਰਮਾਤਮਾ ਦੀ ਉਪਾਸਨਾ ਤੇ ਸਿਮਰਨ ਦੀ ਮਹੱਤਤਾ ਦਾ ਢੁਕਵੇਂ ਸ਼ਬਦਾਂ ਵਿਚ ਪ੍ਰਚਾਰ ਕੀਤਾ ਸੀ। ਲੋਕਾਂ ਨੂੰ ਸਹੀ ਤੇ ਸਰਲ ਰਾਹ ਤੇ ਪਾਂਧੀ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਨਾਲ ਸਾਰਾ ਇਲਾਕਾ ਪਵਿੱਤਰ ਹੋ ਗਿਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਪ੍ਰਚਾਰਿਕ ਪੂਰਬ ਦਿਸ਼ਾ ਦੀ ਯਾਤਰਾ 1665 ਈਸਵੀ ਵਿਚ ਆਰੰਭ ਕੀਤੀ। ਆਗਰਾ, ਪ੍ਰਯਾਗ (ਇਲਾਹਾਵਾਦ) ਬਨਾਰਸ ਹੁੰਦੇ ਹੋਏ ਪਟਨਾ ਪੁੱਜੇ। ਇਥੇ ਭਾਂਤ ਭਾਂਤ ਦੇ ਵਿਚਾਰਾਂ ਦੇ ਲੋਕ ਭੇਟਾਵਾਂ ਲੈ ਕੇ ਆਉਂਦੇ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਦੇ ਰਹੇ ਤੇ ਰਿਹਾਇਸ਼ ਲਈ ਸੁੰਦਰ ਥਾਵਾਂ ਦਿਤੀਆਂ।

ਜਦੋਂ ਗੁਰੂ ਸਾਹਿਬ ਪਟਨੇ ਵਿਚ ਸਨ ਤਾਂ ਰਾਜਾ ਰਾਮ ਸਿੰਘ ਜਿਹੜਾ ਜੈਪੁਰ ਦੇ ਰਾਜਾ ਮਿਰਜ਼ਾ ਜੈ ਸਿੰਘ ਦਾ ਪੁੱਤਰ ਸੀ, ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ। ਰਾਜਾ ਮਿਰਜਾ ਜੈ ਸਿੰਘ ਤੇ ਉਸ ਦੀ ਕੁਲ ਗੁਰੂ ਘਰ ਦੇ ਸ਼ਰਧਾਲੂ ਸਨ ਤੇ ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਦੀ ਸੇਵਾ ਵਿਚ ਦਿੱਲੀ ਹਾਜ਼ਰ ਰਹੇ ਤੇ ਆਪਣਾ ਬੰਗਲਾ ਜੋ ਅੱਜਕਲ ਗੁਰਦੁਆਰਾ ਬੰਗਲਾ ਸਾਹਿਬ ਹੈ ਰਿਹਾਇਸ ਲਈ ਦਿਤਾ ਸੀ। ਰਾਜਾ ਰਾਮ ਸਿੰਘ ਨੇ ਪਿਛਨੇ ਦ੍ਰਿਸ਼ਟਾਤਾਂ ਦਾ ਵੇਰਵਾ ਦਿੰਦੇ ਹੋਏ ਦੱਸਿਆ ਕਿ ਔਰੰਗਜ਼ੇਬ ਨੂੰ ਕਾਮਰੂਪ (ਆਸਾਮ) ਦੇ ਰਾਜੇ ਦੇ ਹਮਲਾ ਕਰਕੇ ਫਤਹਿ ਕਰਨ ਦੀ ਮੁਹਿੰਮ ਤੇ ਭੇਜਿਆ ਸੀ ਜੋ ਅਸੰਭਵ ਹੈ ਤੇ ਬੇਨਤੀ ਹੈ ਕਿ ਗੁਰੂ ਜੀ ਉਸ ਦੀ ਸਹਾਇਤਾ ਕਨਨ ਤੇ ਕਿਸੇ ਵਿਧੀ ਨਾਲ ਉਸ ਨੂੰ ਬਚਾਉਣ ਕਿਉਂਕਿ ਉਹ ਇਲਾਕਾ ਤੰਤ੍ਰ ਮੰਤਰ ਵਾਲਿਆਂ ਨਾਲ ਭਰਿਆ ਹੋਇਆ ਸੀ ਜਿਸ ਨਾਲ ਉਨ੍ਹਾਂ ਦੀ ਫੌਜ ਦਾ ਭਾਰੀ ਨੁਕਸਾਨ ਹੋ ਸਕਦਾ ਸੀ। ਗੁਰੂ ਸਾਹਿਬ ਨੇ ਨਾਲ ਚਲਣ ਦੀ ਹਾਮੀ ਭਰ ਦਿਤੀ ਤੇ ਰਾਜੇ ਨੂੰ ਰੱਬ ਦੇ ਨਾਮ ਦੀ ਸੱਚੇ ਦਿਲੋਂ ਬੰਦਗੀ ਕਰਨ ਲਈ ਕਿਹਾ ਤੇ ਭਰੋਸਾ ਦਿਵਾਇਆ ਕਿ ਵਾਹਿਗੁਰੂ ਭਲੀ ਕਰੇਗਾ। ਰਾਜਾ ਪ੍ਰਸੰਨ ਚਿੱਤ ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਕਰਨ ਲੱਗਾ ਤੇ ਜਿੱਤ ਉਸ ਦੀ ਹੋਵੇਗੀ, ਦਾ ਵਿਸ਼ਵਾਸ ਮਨ ਵਿਚ ਧਾਰ ਸਿਮਰਨ ਕਰਦਾ ਰਿਹਾ।

ਢਾਕਾ ਵਿਚ ਸੰਗਤ ਨੂੰ ਨਿਹਾਲ ਕਰਦੇ ਹੋਏ ਗੁਰੂ ਸਾਹਿਬ ਬ੍ਰਹਮਪੁੱਤਰ ਨਦੀ ਦੇ ਕਿਨਾਰੇ ਦਮਦਮਾ ਸਾਹਿਬ ਪਹੁੰਚੇ ਜਿਸ ਨੂੰ ਗੁਰੂ ਸਾਹਿਬ ਨੇ ਮਗਰੋਂ ਧੁਬੜੀ ਦਾ ਨਾਂ ਦਿਤਾ। ਜਦੋਂ ਉਥੋਂ ਰਾਜਾ ਚਕ੍ਰਧਰ ਨੂੰ ਸ਼ਾਹੀ ਫੌਜਾਂ ਦੇ ਪੁੱਜਣ ਤੇ ਹਮਲੇ ਲਈ ਤਿਆਰ ਦਾ ਪਤਾ ਲਗਿਆ ਤਾਂ ਉਸਨੇ ਸਾਰੀਆਂ ਜਾਦੂਗਰ ਤੀਵੀਆਂ ਜੋ ਕਾਲੇ ਜਾਦੂ ਵਿਚ ਨਿਪੁੰਨ ਸਨ, ਨੂੰ ਬੁਲਾਇਆ ਜਿਨ੍ਹਾਂ ਵਿਚ ਨੇਤਾਈ ਧੋਬਣ ਵੀ ਸੀ।

ਕਾਲੇ ਜਾਦੂ ਦੇ ਖਿਆਲੀ ਅਸਰ ਤੋਂ ਭੈ ਭੀਤ ਹੋ ਕੇ ਰਾਜਾ ਰਾਮ ਸਿੰਘ ਦੀਆਂ ਫੌਜਾਂ ਦੇ ਹੌਂਸਲੇ ਢਹਿ ਢੇਰੀ ਹੋ ਗਏ। ਗੁਰੂ ਸਾਹਿਬ ਨੇ ਹੌਂਸਲਾ ਦਿਤਾ ਤੇ ਹੁਕਮ ਕੀਤਾ ਕਿ ਬਿਨਾਂ ਕਿਸੇ ਡਰ ਤੇ ਨਾਮ ਜਪੋਂ ਦੁਨਿਆਵੀ ਜੰਤ੍ਰ ਮੰਤ੍ਰ ਉਸ ਅੱਗੇ ਤੁਛ ਹਨ ਤੇ ਤੁਹਾਡਾ ਕੁਝ ਵੀ ਨੁਕਸਾਨ ਨਹੀਂ ਹੋਵੇਗਾ। ਗੁਰੂ ਸਾਹਿਬ ਜੀ ਨੇ ਹੁਕਮ ਦਿਤਾ ਕਿ ਰਾਤ ਨੂੰ ਦਰਿਆ ਦਾ ਪਾਣੀ ਉਪਰ ਚੜ੍ਹੇਗਾ ਇਸ ਕਰਕੇ ਉਸੇ ਅਸਥਾਨ ਤੇ ਡੇਰਾ ਪਾਵੋ। ਜਿਨ੍ਹਾਂ ਨੇ ਇਹ ਗੱਲ ਨਹੀਂ ਮੰਨੀ ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ।

ਜਦੋਂ ਗੁਰੂ ਸਾਹਿਬ ਜੀ ਦੀ ਹਾਜ਼ਰੀ ਕਰਕੇ ਕਾਮਰੂਪਣਾਂ ਦਾ ਕੋਈ ਜਾਦੂ ਮੰਤ੍ਰ ਕਾਰਗਰ ਸਾਬਿਤ ਨਾ ਹੋਇਆ ਤਾਂ ਨੇਤਾਈ ਧੋਬਣ ਨੇ ਗੁੱਸੇ ਵਿਚ ਆ ਕੇ ਗੁਰੂ ਸਾਹਿਬ ਨੂੰ ਨਿਸ਼ਾਨਾ ਬਣਾਇਆ ਤੇ ਉਸਨੇ ਇਕ ਵੱਡ ਅਕਾਰੀ ਪੱਥਰ ਦੀ ਸ਼ਿਲਾ ਗੁਰੂ ਸਾਹਿਬ ਵੱਲ ਜਾਦੂ ਦੇ ਵੇਗ ਨਾਲ ਸੁਟੀ ਪਰ ਗੁਰੂ ਸਾਹਿਬ ਨੇ ਆਪਣੀ ਆਤਮਿਕ ਸ਼ਕਤੀ ਦੁਆਰਾ ਉਸ ਨੂੰ ਰੋਕਿਆ ਤੇ ਸ਼ਿਲਾ ਆਪਣੇ ਵੇਗ ਨਾਲ ਹੀ ਜ਼ਮੀਨ ਤੇ ਡਿੱਗੀ ਅਤੇ ਅੱਧੀ ਜ਼ਮੀਨ ਵਿਚ ਧੱਸ ਗਈ। ਸ਼ਿਲਾ ਗੁਰੂ ਸਾਹਿਬ ਦਾ ਕੁਝ ਵੀ ਵਿਗਾੜ ਨਹੀਂ ਸਕੀ ਜੋ ਅਜੇ ਵੀ ਉਸੇ ਹਾਲਤ ਵਿਚ ਦੇਖੀ ਜਾ ਸਕਦੀ ਹੈ।

ਇਸ ਨਾਕਾਮੀ ਤੋਂ ਝੁਜਲਾ ਕੇ ਨੇਤਾਈ ਧੋਬਣ ਨੇ ਇਕ ਪਿੱਪਲ ਦਾ ਵੱਡ ਆਕਾਰੀ ਦਰਖਤ ਜੜੋਂ ਪੁੱਟ ਆਪ ਸਵਾਰ ਹੋ ਕੇ ਗੁਰੂ ਸਾਹਿਬ ਤੇ ਸੁੱਟਿਆ ਜੋ ਗੁਰੂ ਸਾਹਿਬ ਦੇ ਇਸ਼ਾਰੇ ਨਾਲ ਬੜੀ ਦੂਰ ਧਰਤੀ ਤੋਂ ਜੜ੍ਹਾਂ ਬਾਹਰ ਟਿਕ ਗਿਆ। ਇਹ ਹਵਾ ਵਿਚ ਹੀ ਲਟਕਦਾ ਰਹਿ ਗਿਆ। ਇਹ ਵੀ ਕਹਿੰਦੇ ਹਨ ਕਿ ਉਸ ਜਾਦੂਗਰ ਧੋਬਣ ਨੇ ਜਿਥੇ ਗੁਰੂ ਸਾਹਿਬ ਬੈਠੇ ਸਨ ਬ੍ਰਹਮਪੁੱਤਰ ਦਰਿਆ ਦਾ ਵੇਗ ਉਨ੍ਹਾਂ ਵਲ ਬਦਲ ਦਿਤਾ ਤਾਂ ਜੋ ਗੁਰੂ ਸਾਹਿਬ ਰੁੜ੍ਹ ਜਾਣ ਪਰ ਗੁਰੂ ਜੀ ਦੇ ਇਸ਼ਾਰੇ ਨਾਲ ਵੇਗ ਬਦਲ ਗਿਆ।

ਹੁਣ ਉਸ ਧੋਬਣ ਕੋਲ ਖਿਮਾ ਯਾਚਨਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਆ ਕੇ ਗੁਰੂ ਚਰਨਾਂ ਤੇ ਢਹਿ ਪਈ, ਕੁਰਲਾਈ ਤੇ ਗਿੜਗਿੜਾਈ ਤੇ ਭੁਲ ਬਖਸ਼ਾਉਣ ਲਈ ਅਰਜ਼ੋਈ ਕੀਤੀ ਤੇ ਗੁਰੂ ਜੀ ਨੇ ਉਸ ਨੂੰ ਬਖਸ਼ ਦਿਤਾ। ਨੇਤਾਈ ਧੋਬਣ ਤੇ ਕਹਿਣ ਤੇ ਗੁਰੂ ਸਾਹਿਬ ਜੀ ਨੇ ਉਸ ਅਸਥਾਨ ਦਾ ਨਾਮ ਧੋਬੜੀ ਰੱਖ ਦਿਤਾ ਤੇ ਹੁਣ ਇਕ ਵੱਡਾ ਸ਼ਹਿਰ ਹੈ।



ਗੁਰੂ ਸਾਹਿਬ ਨੇ ਵਿਚ ਬਚਾਅ ਕਰਦੇ ਹੋਏ ਬਿਨਾਂ ਖੂਨ ਖਰਾਬੇ ਦੇ ਦੋਹਾਂ ਧਿਰਾਂ ਵਿਚਕਾਰ ਸੁਲਾਹ ਕਰਵਾ ਦਿਤੀ ਤੇ ਰਾਜਾ ਰਾਮ ਸਿੰਘ ਦਾ ਹੱਥ ਉਚਾ ਰਹਿ ਗਿਆ। ਜਿਸ ਨਾਲ ਰਾਜੇ ਦੀ ਔਰੰਗਜ਼ੇਬ ਦੇ ਦਰਬਾਰ ਵਿਚ ਪੱਛ ਰਹਿ ਗਈ। ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਹਰ ਇਕ ਸਿਪਾਹੀ ਪੰਜ ਤਸਲੇ ਮਿੱਟੀ ਦੇ ਇਸ ਜਗਾਹ ਤੇ ਪਾਏਗਾ। ਇਸ ਨਾਲ ਇਹ ਜਗਾਹ ਬਹੁਤ ਹੀ ਉਚੀ ਹੋ ਗਈ ਤੇ ਪਿਪੱਲ ਦੀਆਂ ਜੜ੍ਹਾਂ ਇਸ ਨਾਲ ਢਕੀਆਂ ਗਈਆਂ। ਇਸ ਪਿੱਪਲ ਦੇ ਦਰਖਤ ਦੇ ਅੱਜ ਵੀ ਦਰਸ਼ਨ ਕਰ ਸਕਦੇ ਹਾਂ। ਸ੍ਰੀ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਇਕ ਧੜਾ ਬਣਾਇਆ ਤੇ ਕੁਝ ਸ਼ਰਧਾਲੂ ਦੇਖਭਾਲ ਲਈ ਉਥੇ ਹੀ ਰਹਿ ਗਏ।

ਜਿੱਥੇ ਸ਼ਿਲਾ ਧਸੀ ਹੋਈ ਹੈ ਉਸ ਕੋਲ ਇਕ ਬੈਂਕ ਨੇ ਥਾਂ ਲਈ ਤੇ ਸ਼ਿਲਾ ਪੁੱਟਣ ਦਾ ਯਤਨ ਕੀਤਾ ਪਰ ਸਫਲਤਾ ਨਹੀਂ ਮਿਲੀ। ਸਿਆਣੇ ਕਹਿੰਦੇ ਹਨ ਕਿ ਉਸ ਪੱਥਰ ਦੀ ਸ਼ਿਲਾ ਨਾਲ ਹੀ ਗੁਰੂ ਸਾਹਿਬ ਨੇ ਉਸ ਇਲਾਕੇ ਦਾ ਜਾਦੂ ਦਫਨਾ ਦਿਤਾ ਸੀ।

ਭਾਵੇਂ ਧੋਬੜੀ ਵਿਚ ਅੱਜਕਲ ਛੇ ਪਰਿਵਾਰ ਵਸਦੇ ਹਨ ਪਰ ਪਤਾ ਲਗਿਆ ਹੈ ਕਿ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਵਸ ਤੇ ਕੁਲ ਇਲਾਕੇ ਦੇ 25 ਤੋਂ 30 ਹਜ਼ਾਰ ਸ਼ਰਧਾਲੂ ਇਕੱਠੇ ਹੁੰਦੇ ਹਨ ਤੇ ਬੜੀ ਸ਼ਰਧਾ ਨਾਲ ਸ਼ਹੀਦੀ ਗੁਰਪੁਰਬ ਮਨਾਉਂਦੇ ਹਨ ਅਤੇ ਪਿੱਪਲ ਤੇ ਸ਼ਿਲਾ ਦੇ ਦਰਸ਼ਨ ਕਰਦੇ ਹਨ। ਮੈਂ ਵੀ ਦਰਸ਼ਨ ਕਰਕੇ ਸਿਲੀਗਿਰੀ ਮੁੜ ਆਇਆ ਤੇ ਢੂੰਗਥਾਂਗ ਦਾ ਪ੍ਰੋਗਰਾਮ ਬਣਾਇਆ।

ਸਿਲੀਗੁਰੀ ਤੋਂ ਢੂੰਗਥਾਂਗ ਕੋਈ ਦੋ ਸੌ ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਉਥੇ ਪਹੁੰਚਣ ਦੇ ਦੋ ਰਸਤੇ ਹਨ। ਇਕ ਸਿੱਕਮ ਦੀ ਰਾਜਧਾਨੀ ਗੈਂਗਟੌਕ ਹੋ ਕੇ ਜੋ ਕਿ ਰਸਤਾ ਥੋੜ੍ਹਾ ਲੰਬਾ ਹੈ ਤੇ ਕੋਈ ਅੱਠ ਘੰਟੇ ਲਗ ਜਾਂਦੇ ਹਨ ਅਤੇ ਦੂਸਰਾ ਸਿੱਧਾ ਰਾਹ ਜਿਸ ਵਿਚ ਛੇ ਘੰਟਿਆਂ ਵਿਚ ਪੁੱਜ ਜਾਂਦੇ ਹਾਂ। ਦੋਵੇਂ ਰਸਤੇ ਪਹਾੜੀ ਹਨ। ਇਸ ਥਾਂ ਦੀ ਸਮੁੰਦਰ ਤਲ ਤੋਂ ਉਚਾਈ 6000 ਫੁੱਟ ਹੈ। ਇਧਰ ਦੇ ਨਿਵਾਸੀ ਇਸ ਨੂੰ ਨਾਨਕ ਥਾਂਗ ਵੀ ਆਖਦੇ ਹਨ। ਇਥੋਂ ਦੇ ਦਰਿਆ ਲੈਛਣ ਛੂ ਤੇ ਲਾਂਛੂਮ ਦਾ ਮੇਲ ਹੁੰਦਾ ਹੈ ਜਿਹੜਾ ਕਿ ਬਾਦ ਵਿਚ ਟਿਸਟਾ ਦਰਿਆ ਬਣ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਤੋਂ ਮੁੜਦੇ ਹੋਏ ਆਪਣੀ ਤੀਸਰੀ ਉਦਾਸੀ ਲਗਭਗ 1516 ਈਸਵੀ ਵਿਚ ਇਥੇ ਆਏ ਸਨ। ਮਰਦਾਨਾ ਵੀ ਨਾਲ ਸੀ। ਕਿਹਾ ਜਾਂਦਾ ਹੈ ਕਿ ਉਹ ਇਸ ਰਮਣੀਕ ਸਥਾਨ ਤੇ ਪਹੁੰਚੇ ਤਾਂ ਚੰਗੀ ਥਾਂ ਕਹਿ ਕੇ ਡੇਰਾ ਲਾ ਲਿਆ ਤੇ ਇਹ ਜਗਾਹ ਢੂੰਗਥਾਂਗ ਬਣ ਗਈ। ਗੁਰੂ ਜੀ ਲਾਢੋਂਗ ਵਲੋਂ ਆ ਰਹੇ ਸਨ ਤੇ ਗੁਰਦੰਬ ਝੀਲ ਵੱਲ ਜਾਣਾ ਚਾਹੁੰਦੇ ਸਨ। ਕਿਹਾ ਜਾਂਦਾ ਹੈ ਕਿ ਇਕ ਰਾਖਸ਼ਸ਼ ਨੇ ਉਨ੍ਹਾਂ ਨੂੰ ਅੱਗੇ ਹੋ ਕੇ ਰੋਕਿਆ ਤੇ ਇਕ ਵੱਡ ਆਕਾਰੀ ਪੱਥਰ ਉਨ੍ਹਾਂ ਵੱਲ ਰੇੜ ਦਿਤਾ ਤਾਂ ਕਿ ਗੁਰੂ ਜੀ ਤੇ ਮਰਦਾਨਾ ਹੇਠਾਂ ਦਬ ਜਾਣ ਪਰ ਉਨ੍ਹਾਂ ਵਲ ਪੱਥਰ ਰਿੜਦਾ ਆਉਂਦਾ ਦੇਖਕੇ ਉਨ੍ਹਾਂ ਨੇ ਆਪਣੀ ਹੱਥ ਸੋਟੀ ਨਾਲ ਰੋਕ ਦਿਤਾ। ਇਸ ਪੱਥਰ ਦਾ ਘੇਰਾ ਲਗਭਗ 30 ਫੁਟ ਹੈ ਤੇ ਉਚਾਈ 20 ਫੁਟ ਹੈ। ਗੁਰੂ ਜੀ ਨੇ ਪੱਥਰ ਤੇ ਚੜ੍ਹਕੇ ਰਾਖਸ਼ਸ਼ ਨੂੰ ਤਾੜਨਾ ਕੀਤੀ ਜਿਸ ਦਾ ਅਸਰ ਰਾਖਸ਼ਸ਼ ਤੇ ਹੋਇਆ ਤੇ ਉਸਨੇ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਡਿੱਗ ਕੇ ਗਿੜਗਿੜਾ ਕੇ ਮੁਆਫੀ ਮੰਗੀ ਤੇ ਨੇਕ ਵਿਵਹਾਰ ਦਾ ਪ੍ਰਣ ਕੀਤਾ ਜੋ ਪ੍ਰਵਾਨ ਹੋਈ। ਇਸ ਪੱਥਰ ਤੇ ਅੱਜ ਵੀ ਖੜਾਵਾਂ ਤੇ ਪੈਰਾਂ ਦੇ ਨਿਸ਼ਾਨ ਹਨ ਜੋ ਗੁਰੂ ਸਾਹਿਬ ਜੀ ਦੇ ਕਹੇ ਜਾਂਦੇ ਹਨ।

ਜਿਸ ਹੱਥ ਸੋਟੀ ਨਾਲ ਪੱਥਰ ਰੋਕਿਆ ਸੀ ਉਹ ਗੁਰੂ ਸਾਹਿਬ ਜੀ ਨੇ ਉਥੇ ਹੀ ਗੱਡ ਦਿਤੀ ਜਿਸ ਨੇ ਜੜ ਫੜ ਲਈ ਫਿਰ ਹਰੀ ਹੋ ਗਈ ਤੇ ਸਮੇਂ ਨਾਲ ਦਰਖਤ ਬਣ ਗਈ ਅਤੇ ਅੱਜ ਇਕ ਬਹੁਤ ਵੱਡਾ ਦਰਖਤ ਬਣਿਆ ਹੋਇਆ ਹੈ ਜਿਸ ਨੂੰ ਬਾਬੇ ਦੀ ਖੂੰਡੀ ਨਾਮ ਨਾਲ ਲੋਕ ਪੁਕਾਰਦੇ ਹਨ।

ਗੁਰੂ ਜੀ ਪੱਥਰ ਤੇ ਬੈਠ ਕੇ ਖਾਣਾ ਖਾਣ ਲਗ ਪਏ ਜਿਸ ਵਿਚ ਚਾਵਲ ਤੇ ਕੇਲੇ ਸਨ। ਉਧਰ ਦੇ ਪਹਾੜੀ ਲੋਕਾਂ ਨੇ ਚਾਵਲ ਤੇ ਕੇਲੇ ਕਦੇ ਦੇਖੇ ਹੀ ਨਹੀਂ ਸਨ। ਲੋਕਾਂ ਦੇ ਕਹਿਣ ਤੇ ਗੁਰੂ ਜੀ ਨੇ ਬੱਚੇ ਬੁਚੇ ਚਾਵਲ ਚਾਰੋਂ ਤਰਫ ਬਿਖੇਰ ਦਿਤੇ ਤੇ ਕੇਲੇ ਦੇ ਪਤੇ ਨੂੰ ਪੱਥਰ ਕੋਲ ਦਬਾ ਦਿਤਾ। ਉਸ ਦੇ ਬਾਅਦ ਉਸ ਘਾਟੀ ਵਿਚ ਚਾਵਲ ਦੀ ਫਸਲ ਹੋਣ ਲਗ ਪਈ ਤੇ ਕੇਲੇ ਦੇ ਪੇੜ ਉਗਣ ਲਗ ਪਏ।

ਕਹਿੰਦੇ ਹਨ ਕਿ ਗੁਰੂ ਸਾਹਿਬ ਜੀ ਅੱਗੇ ਇਕ ਤ੍ਰੀਮਤ ਨੇ ਪਾਣੀ ਦੀ ਥੁੜ ਦਾ ਰੋਣਾ ਰੋਇਆ ਅਤੇ ਕਿਹਾ ਕਿ ਉਸ ਨੂੰ ਬੜੀ ਕਠਨ ਮਿਹਨਤ ਕਰਕੇ ਬਹੁਤ ਦੂਰੋਂ ਪਾਣੀ ਲਿਆਣਾ ਪੈਂਦਾ ਹੈ। ਉਸ ਤ੍ਰੀਮਤ ਦੀ ਸਹਾਇਤਾ ਲਈ ਗੁਰੂ ਸਾਹਿਬ ਜੀ ਨੇ ਉਪਰ ਦੱਸੇ ਪੱਥਰ ਨੂੰ ਖੁਰਚ ਕੇ ਕੁਝ ਟੋਏ ਵਾਂਗ ਡੂੰਘਾ ਕੀਤਾ ਤੇ ਉਸ ਵਿਚ ਪਾਣੀ ਨਿਕਲ ਆਇਆ। ਅਜੇ ਤਕ ਇਹ ਪਤਾ ਨਹੀਂ ਲਗਿਆ ਕਿ ਪਾਣੀ ਕਿਥੋਂ ਆਉਂਦਾ ਹੈ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਟੋਆ ਭਰ ਜਾਣ ਤੇ ਇਹ ਪਾਣੀ ਬਾਹਰ ਨਹੀਂ ਵਗਦਾ ਪਰ ਜਿੰਨ੍ਹਾਂ ਪਾਣੀ ਕੱਢੋ ਉਨ੍ਹਾਂ ਹੀ ਹੋਰ ਭਰ ਜਾਂਦਾ ਹੈ। ਉਧਰ ਦੇ ਧੋਬੀ ਲਾਮਾ ਇਸ ਜਲ ਨੂੰ ਅੰਮ੍ਰਿਤ ਤੇ ਪਵਿੱਤਰ ਸਮਝ ਕੇ ਲੈ ਜਾਂਦੇ ਹਨ ਤੇ ਇੱਛਾ ਪੂਰਕ ਮੰਨਦੇ ਹਨ। ਇਧਰ ਦੇ ਲਾਮਾ ਗੁਰੂ ਜੀ ਨੂੰ ਬਹੁਤ ਮੰਨਦੇ ਹਨ ਤੇ ਪੱਥਰ ਦੇ ਨਾਲ ਇਥੇ ਆਪਣੇ ਢੰਗ ਦਾ ਪੂਜਾ ਅਸਥਾਨ ਬਣਾਇਆ ਹੋਇਆ ਹੈ। ਨਾਲ ਲਗਦੀ ਜ਼ਮੀਨ ਗੁਰਦੁਆਰੇ ਲਈ ਦਿਤੀ ਹੋਈ ਹੈ ਜਿਸ ਉਪਰ 16 ਆਸਾਮ ਰੈਜੀਮੈਂਟ ਦੇ ਸੂਬੇਦਾਰ ਭੁੱਲਰ ਦੀ ਅਗਵਾਈ ਹੇਠ ਇਥੇ ਗੁਰਦੁਆਰਾ ਬਣਾਇਆ ਹੈ।

ਇਥੋਂ ਦੇ ਲੋਕ ਕਹਿੰਦੇ ਹਨ ਕਿ ਗੁਰੂ ਸਾਹਿਬ ਜੀ ਨੇ ਆਪਣੀਆਂ ਕਈ ਜ਼ਾਤੀ ਤੇ ਕੀਮਤੀ ਚੀਜ਼ਾਂ ਪੱਥਰ ਹੇਠ ਦਬਾ ਦਿਤੀਆਂ ਹੋਈਆਂ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਗੁਰੂ ਜੀ ਆਪਣੀਆਂ ਚੀਜ਼ਾਂ ਇਕ ਦਿਨ ਵਾਪਸ ਲੈਣ ਆਉਣਗੇ।

ਇਥੋਂ ਗੁਰੂ ਜੀ ਗੁਰਦੰਬਾ ਝੀਲ ਜੋ ਸਮੁੰਦਰ ਤਲ ਤੋਂ ਸਤਾਰਾਂ ਹਜ਼ਾਰ ਫੁੱਟ ਦੀ ਉਚਾਈ ਤੇ ਹੈ, ਵਿਖੇ ਪਹੁੰਚੇ। ਉਧਰ ਵੀ ਚਰਵਾਹਿਆ ਨੇ ਦੱਸਿਆ ਕਿ ਇਸ ਝੀਲ ਦਾ ਪਾਣੀ ਹਮੇਸ਼ਾਂ ਹੀ ਜੰਮਿਆ ਹੀ ਰਹਿੰਦਾ ਹੈ ਤੇ ਉਨ੍ਹਾਂ ਨੂੰ ਪਾਣੀ ਦੀ ਬਹੁਤ ਤਕਲੀਫ ਹੁੰਦੀ ਹੈ। ਗੁਰੂ ਸਾਹਿਬ ਜੀ ਨੇ ਆਪਣੀ ਸੋਟੀ ਉਸ ਤਹਿ ਤੇ ਦਬਾਈ ਜਿਸ ਨਾਲ ਉਥੋਂ ਦੀ ਬਰਫ ਪਾਣੀ ਬਣ ਗਈ। ਉਸ ਵੇਲੇ ਤੋਂ ਮਗਰੋਂ ਦਸਿਆ ਜਾਂਦਾ ਹੈ ਕਿ 12×3 ਇੰਚ ਫੁੱਟ ਥਾਂ ਵਿਚ ਪਾਣੀ ਨਹੀਂ ਜੰਮਦਾ ਭਾਵੇਂ ਮੌਸਮ ਕਿੰਨਾਂ ਵੀ ਠੰਡਾ ਕਿਉਂ ਨਾ ਹੋਵੇ। ਉਧਰ ਜਾਂਦੇ ਭਾਰਤੀ ਫੌਜੀਆਂ ਨੇ ਦਸਿਆ ਕਿ ਤਾਪਮਾਨ ਭਾਵੇਂ 0 ਤੋਂ ਵੀ 30 ਡਿਗਰੀ ਹੇਠਾਂ ਚਲਿਆ ਜਾਂਦਾ ਹੈ ਪਰ ਉਸ ਅਸਥਾਨ ਤੇ ਪਾਣੀ ਨਹੀਂ ਜੰਮਦਾ।

ਢੂੰਗਥਾਂਗ ਦੇ ਗੁਰਦੁਆਰੇ ਵਿਚ ਪਹਿਲੀ ਵਾਰ 4 ਨਵੰਬਰ 1977 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਵਸ ਮਨਾਇਆ ਗਿਆ ਸੀ ਤੇ ਹੁਣ ਇਸ ਗੁਰਦੁਆਰੇ ਦਾ ਸਾਰਾ ਪ੍ਰਬੰਧ ਸਿਲੀਗੁਰੀ ਦੀ ਪ੍ਰਬੰਧਕ ਕਮੇਟੀ ਨੇ ਸੰਭਾਲ ਲਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਇਥੇ ਗ੍ਰੰਥੀ ਤੇ ਸੇਵਾਦਾਰ ਥਾਪੇ ਹੋਏ ਹਨ। ਵਿਸਾਖੀ ਦਾ ਪੂਰਬ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਸਿਲੀਗੁਰੀ ਦੇ ਆਸ ਪਾਸ ਤੋਂ ਸੰਗਤਾਂ ਆਪਣੀਆਂ ਨਿੱਜੀ ਗਡੀਆਂ ਜਾਂ ਬੱਸਾਂ ਰਾਹੀਂ ਵੱਡੀ ਗਿਣਤੀ ਵਿਚ ਪੁੱਜਦੀਆਂ ਹਨ। ਲਾਮਾ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਦਮ ਸਾਂਭਵ ਦਾ ਅਵਤਾਰ ਸਮਝਦੇ ਹਨ ਜੋ ਇਕ ਬੋਧੀ ਆਗੂ ਹੋਏ ਹਨ :

***ਜਿਥੈ ਜਾਇ ਬਹੈ ਮੇਰਾ ਸਤਿਗੁਰੂ***
***ਸੋ ਥਾਨੁ ਸੁਹਾਵਾ ਰਾਮ ਰਾਜੇ।***

# ਉਮਰ ਭਰ ਦਾ ਪਛਤਾਵਾ/ ਡਾ. ਮਨਜੀਤ ਸਿੰਘ ਬੱਲ

ਮਨੀਸ਼ ਵਰਮਾ ਉਦੋਂ ਅਜੇ ਲੂੰਆਂ ਜਿਹਾ ਮੁੰਡਾ ਸੀੜ ਹੋਊ ਇੱਕੀ-ਬਾਈ ਸਾਲਾਂ ਦਾ। ਕਸਟਮ ਵਿਭਾਗ ਵਿੱਚ ਇੰਸਪੈਕਟਰ ਦੀ ਨੌਕਰੀ ਮਿਲ ਗਈ ਤੇ ਟ੍ਰੇਨਿੰਗ ਤੋਂ ਬਾਅਦ ਡਿਊਟੀ ਸਿੱਧੀ ਵਾਹਗਾ ਬਾਰਡਰ 'ਤੇ। ਬੜਾ ਖ਼ੁਸ਼ ਸੀ ਮਨੀਸ਼। ਗੋਰਾ ਨਿਛੋਹ ਰੰਗ, ਛਮਕ ਜਿਹਾ ਪਤਲਾ ਪਰ ਸਖ਼ਤ ਸਰੀਰ, ਚੁਸਤ-ਫੁਰਤ, ਭੂਰੀਆਂ ਤੇ ਸ਼ਰਾਰਤੀ ਅੱਖਾਂ। ਪਰ ਨਵਾਂ ਹੋਣ ਕਰਕੇ ਮਨੀਸ਼ ਦੇ ਵਰਤਾਰੇ 'ਚੋਂ ਭੋਲਾਪਣ ਲੋੜ ਤੋਂ ਵੱਧ ਝਲਕਦਾ ਸੀ।

"ਡਿਊਟੀ ਤੋਂ ਕੁਤਾਹੀ ਬਿਲਕੁਲ ਨਹੀਂ ਕਰਨੀ, ਨਹੀਂ ਤਾਂ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿੱਚ ਹੀ ਬਦਨਾਮ ਹੋ ਜਾਓਗੇ, ਨੌਕਰੀ ਤੋਂ ਬਰਖ਼ਾਸਤ ਹੋ ਜਾਓਗੇ, ਇਸ ਲਈ ਬੜੇ ਹੀ ਧਿਆਨ ਨਾਲ ਕੰਮ ਕਰਨਾ ਹੈ।" ਟ੍ਰੇਨਿੰਗ ਦੀ ਸਮਾਪਤੀ ਵੇਲੇ ਇੱਕ ਸੀਨੀਅਰ ਦੀ ਨਸੀਹਤ ਹਮੇਸ਼ਾਂ ਉਹਦੇ ਦਿਲੋ-ਦਿਮਾਗ਼ 'ਤੇ ਛਾਈ ਰਹਿੰਦੀ ਸੀ। ਸਮਾਂ ਦੌੜ ਰਿਹਾ ਸੀ। ਰੋਜ਼ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਭਾਰਤ-ਪਕਿਸਤਾਨ ਦਰਮਿਆਨ ਰੋਜ਼ਾਨਾ ਚੱਲਣ ਵਾਲੀ ਅੰਮ੍ਰਿਤਸਰ-ਲਾਹੌਰ ਸਮਝੌਤਾ ਐਕਸਪ੍ਰੈਸ ਫੜਨੀ, ਹੱਥ ਵਿੱਚ ਬੈਗ ਤੇ ਬੈਗ ਵਿੱਚ ਵਰਦੀ, ਵਾਹਗੇ ਜਾ ਕੇ ਵਰਦੀ ਪਹਿਨਣੀ, ਡਿਊਟੀ ਕਰਨੀ ਤੇ ਸ਼ਾਮ ਨੂੰ ਸਰਕਾਰੀ ਬੱਸ 'ਤੇ ਵਾਪਸ ਅੰਮ੍ਰਿਤਸਰ, ਇਹੀ ਰੁਟੀਨ ਸੀ ਮੁਨੀਸ਼ ਦਾ। ਰੋਜ਼ ਵੰਨ-ਸੁਵੰਨੇ ਲੋਕ ਮਿਲਦੇ ਸਨ, ਪਾਕਿਸਤਾਨ ਨੂੰ ਜਾ ਰਹੇ ਭਾਰਤੀ ਤੇ ਆਪਣੇ ਕਾਰੋਬਾਰ ਕਰਕੇ ਜਾਂ ਰਿਸ਼ਤੇਦਾਰਾਂ ਨੂੰ ਮਿਲ ਕੇ ਵਾਪਸ ਪਰਤ ਰਹੇ ਪਾਕਿਸਤਾਨੀ, ਜਿਨ੍ਹਾਂ ਵਿੱਚ ਮਰਦ, ਔਰਤਾਂ, ਬੱਚੇ, ਬਜ਼ੁਰਗ, ਜਵਾਨ ਮੁੰਡੇ ਤੇ ਕੁੜੀਆਂ ਹੁੰਦੇ ਸਨ। ਪਾਕਿਸਤਾਨ ਦੀਆਂ ਕਈ ਔਰਤਾਂ ਬੁਰਕਿਆਂ ਵਿੱਚ ਹੁੰਦੀਆਂ ਸਨ। ਰੇਲਗੱਡੀ ਵਿੱਚ ਬੈਠੇ ਕਈ ਬਜ਼ੁਰਗ ਨਮਾਜ਼ ਪੜ੍ਹਨ ਲੱਗਦੇ, ਇਬਾਦਤ ਕਰਦੇ ਤੇ ਮੌਲਾ ਅੱਗੇ ਦੁਆ ਕਰਦੇ ਕਿ ਐ ਖ਼ੁਦਾ ਸਾਨੂੰ ਦੁਬਾਰਾ ਮਿਲਾਵੀਂ। ਕਈ ਲੋਕ ਦੋਵਾਂ ਮੁਲਕਾਂ ਨੂੰ ਇੱਕ ਵਾਰ ਫੇਰ ਜੋੜਨ ਦੀਆਂ ਦੁਆਵਾਂ ਵੀ ਕਰਦੇ ਸਨ ਤਾਂ ਕਿ ਆਪਣੇ ਅਜ਼ੀਜ਼ਾਂ ਕੋਲ ਰਹਿ ਸਕਣ, ਪਾਸਪੋਰਟਾਂ ਤੇ ਵੀਜ਼ਿਆਂ ਦੇ ਚੱਕਰਾਂ ਵਿੱਚ ਨਾ ਪੈਣਾ ਪਵੇ।

ਦੋਵਾਂ ਦੇਸ਼ਾਂ ਦਰਮਿਆਨ ਹਿੰਦੋਸਤਾਨ ਦੀ ਵੰਡ ਤੋਂ ਬਾਅਦ ਤੋਂ ਹੀ ਕੜਵਾਹਟ ਹੈ ਤੇ ਦੁਸ਼ਮਣੀ ਵਾਲੇ ਅਨੁਭਵ ਹਨ। ਕਈ ਜੰਗਾਂ ਹੋ ਚੁੱਕੀਆਂ ਹਨ। ਫਿਰ ਵੀ ਦੋਵਾਂ ਦੇਸ਼ਾਂ ਦੇ ਬਾਸ਼ਿੰਦਿਆਂ ਦਰਮਿਆਨ ਖ਼ੂਨ ਦੀਆਂ ਰਿਸ਼ਤੇਦਾਰੀਆਂ ਹਨ। ਜਦ ਵੀ ਇਹ ਇੱਕ-ਦੂਜੇ ਦੇ ਦੇਸ਼ ਜਾਂਦੇ ਹਨ ਤਾਂ ਬੜੇ ਜੋਸ਼-ਓ-ਖ਼ਰੋਸ਼ ਨਾਲ ਮਿਲਦੇ ਤੇ ਇਸਤਿਕਬਾਲ ਕਰਦੇ ਹਨ। ਦੋਵਾਂ ਪਾਸਿਆਂ ਦੇ ਲੋਕਾਂ ਵਿੱਚ ਕਈ ਸਾਂਝਾਂ ਹਨ ਜਿਵੇਂ ਨੈਣ-ਨਕਸ਼, ਰੂਪ-ਰੰਗ, ਕੁਝ ਆਦਤਾਂ, ਸੰਗੀਤ, ਬੋਲੀ ਤੇ ਗਾਲ੍ਹਾਂ।

ਗੂੜ੍ਹੇ ਭੂਰੇ ਰੰਗ ਦੀ ਪੈਂਟ ਤੇ ਹਲਕੀ-ਗੁਲਾਬੀ ਪਲੇਨ ਕਮੀਜ਼ ਵਿੱਚ ਮਨੀਸ਼ ਦਾ ਗੋਰਾ ਰੰਗ, ਅੱਜ ਹੋਰ ਵੀ ਗੁਲਾਬੀ ਭਾਹ ਮਾਰ ਰਿਹਾ ਸੀ। ਤਿੱਖੇ ਨੈਣ-ਨਕਸ਼, ਛੋਟੀਆਂ-ਛੋਟੀਆਂ ਮੁੱਛਾਂ, ਲੰਮਾ ਕੱਦ, ਸਾਦਗੀ ਤੇ ਭੋਲਾ-ਭਾਲਾ ਚਿਹਰਾ, ਬਹੁਤ ਆਕਰਸ਼ਕ ਲੱਗ ਰਿਹਾ ਸੀ। ਪਲੇਟਫਾਰਮ 'ਤੇ ਗੱਡੀ ਕੋਲ ਖੜ੍ਹੇ ਕਿਸੇ ਸੋਚ ਵਿੱਚ ਡੁੱਬੇ ਮਨੀਸ਼ ਨੂੰ ਪਤਾ ਹੀ ਨਾ ਲੱਗਾ ਕਿ ਗੱਡੀ ਤੁਰ ਪਈ ਹੈ। ਉਹਦੇ ਨਾਲ ਦੇ ਬਾਕੀ ਇੰਸਪੈਕਟਰ ਗੱਡੀ ਵਿੱਚ ਸਵਾਰ ਹੋ ਚੁੱਕੇ ਸਨ। ਚਲਦੀ ਗੱਡੀ ਵਿੱਚ ਜਿਹੜਾ ਵੀ ਡੱਬਾ ਸਾਹਮਣੇ ਸੀ, ਉਹ ਉਸੇ ਵਿੱਚ ਵੜ ਗਿਆ। ਸਮਝੌਤਾ ਐਕਸਪ੍ਰੈਸ ਵਿੱਚ ਜ਼ਿਆਦਾ ਭੀੜ ਨਹੀਂ ਹੁੰਦੀ। ਏਸ ਡੱਬੇ ਵਿੱਚ ਆਹਮਣੇ-ਸਾਹਮਣੇ ਬੈਠਣ ਵਾਲੀਆਂ ਸਿੰਗਲ ਸੀਟਾਂ 'ਚੋਂ ਇੱਕ ਖਾਲੀ ਸੀਟ 'ਤੇ ਬੈਠਣ ਲਈ ਉਸ ਨੇ ਵਰਦੀ ਵਾਲਾ ਬੈਗ, ਜਿਹਦੇ 'ਤੇ 'ਇੰਡੀਅਨ ਕਸਟਮਜ਼' ਲਿਖਿਆ ਹੋਇਆ ਸੀ, ਆਪਣੇ ਪੱਟਾਂ 'ਤੇ ਰੱਖ ਲਿਆ ਤੇ ਆਰਾਮ ਨਾਲ ਸੀਟ 'ਤੇ ਬੈਠ ਗਿਆ। ਸਾਹਮਣੇ ਵਾਲੀ ਸਿੰਗਲ ਸੀਟ 'ਤੇ ਬੁਰਕੇ ਵਾਲੀ ਇੱਕ ਲੜਕੀ ਬੈਠੀ ਸੀ ਜਿਸ ਦੀਆਂ ਸਿਰਫ਼ ਅੱਖਾਂ ਹੀ ਨੰਗੀਆਂ ਸਨ। ਉਹਦੇ ਵੱਲ ਬਿਨਾਂ ਕੋਈ ਤਵੱਜੋ ਦਿੱਤੇ ਮਨੀਸ਼ ਖਿੜਕੀ 'ਚੋਂ ਬਾਹਰ ਝਾਕਣ ਲੱਗਾ। ਕੁਝ ਹੀ ਪਲਾਂ ਬਾਅਦ ਉਹ ਆਪਣਾ ਬੈਗ ਉੱਪਰ ਰੱਖਣ ਲਈ ਉੱਠਿਆ। ਆਪਣਾ ਬੈਗ ਰੱਖ ਕੇ ਤੇ ਉਸ ਲੜਕੀ ਦੇ ਉਪਰ ਕੋਰੇ ਕੱਪੜੇ ਦੀ ਇੱਕ ਗਠੜੀ ਪਈ ਵੇਖ ਕੇ ਉਹ ਸੀਟ 'ਤੇ ਬੈਠ ਗਿਆ। ਉਸ ਦੀ 'ਕਸਟਮਜ਼ ਤੱਕਣੀ' ਨੇ ਅੰਦਾਜ਼ਾ ਲਾਇਆ ਕਿ ਸ਼ਾਇਦ ਇਹ ਗਠੜੀ ਉਸੇ ਔਰਤ ਦੀ ਹੋਵੇਗੀ। ਬੁਰਕੇ 'ਚੋਂ ਝਾਕਦੀਆਂ ਅੱਖਾਂ ਸਭ ਕੁਝ ਵਾਚ ਰਹੀਆਂ ਸਨ।



ਗੱਡੀ ਛੇਹਰਟਾ ਸਟੇਸ਼ਨ ਲੰਘ ਗਈ ਸੀ। ਬਿਲਕੁਲ ਸਾਹਮਣੇ ਤੇ ਬਹੁਤ ਨਜ਼ਦੀਕ ਬੈਠੀ ਹੋਣ ਕਰਕੇ ਉਸ ਕੁੜੀ 'ਤੇ ਮਨੀਸ਼ ਦੀ ਨਜ਼ਰ ਕਈ ਵਾਰ ਪਈ ਪਰ ਉਹਨੇ ਕੋਈ ਅਹਿਮੀਅਤ ਨਾ ਦਿੱਤੀ। ਉਂਜ ਉਹਦੀਆਂ ਅੱਖਾਂ ਬਹੁਤ ਸੰਦਰ ਲੱਗ ਰਹੀਆਂ ਸਨ। ਡਿਊਟੀ 'ਤੇ ਪੁੱਜਣ ਦੀ ਧੁਨ ਵਿੱਚ ਉਹਨੂੰ ਇੱਕ ਵਾਰ ਵੀ ਇਹ ਖਿਆਲ ਨਾ ਆਇਆ ਕਿ 'ਰੁਖ ਸੇ ਜ਼ਰਾ ਨਕਾਬ ਹਟਾ ਦੋ ਮੇਰੇ ਹਜ਼ੂਰ, ਜਲਵਾ ਤੋ ਏਕ ਬਾਰ ਦਿਖਾ ਦੋ ਮੇਰੇ ਹਜ਼ੂਰੜ'। ਪਰ ਬੁਰਕੇ 'ਚੋਂ ਝਾਤੀ ਮਾਰਦੀਆਂ ਅੱਖਾਂ ਵਾਲੀ ਉਸ 25-26 ਸਾਲਾਂ ਦੀ ਕੁੜੀ, ਜਿਸ ਨੂੰ ਮਨੀਸ਼ ਅਣਗੌਲਿਆਂ ਕਰਕੇ ਔਰਤ ਸਮਝ ਰਿਹਾ ਸੀ, ਅੰਦਰ ਕੀ ਚੱਲ ਰਿਹਾ ਸੀ ਇਹ ਤਾਂ ਉਹੀ ਜਾਣਦੀ ਸੀ ਜੋ ਇਸ ਨੌਜਵਾਨ ਦੀ ਸ਼ਖ਼ਸੀਅਤ ਤੋਂ ਮੁਤਾਸਰ ਹੋ ਕੇ ਉਹਦੇ 'ਤੇ ਫਿਦਾ ਹੋ ਰਹੀ ਸੀ। ਉਸ ਨੂੰ ਪਤਾ ਸੀ ਕਿ ਉਹ ਸਿਰਫ਼ 15-20 ਮਿੰਟਾਂ ਦੇ ਹੀ ਹਮਸਫ਼ਰ ਹਨ।

ਅਚਾਨਕ ਨਕਾਬ ਹਟ ਗਿਆ ਤੇ ਉਹਦੇ ਚਿਹਰੇ ਦਾ ਹੁਸਨ ਜਲਵਾਗਰ ਹੋ ਗਿਆ। ਆਪਣੇ ਸਾਹਮਣੇ ਤੇ ਇੰਨੇ ਕਰੀਬ ਇਸ ਹੁਸਨ ਦੇ ਜਲਵੇ ਨੂੰ ਮਨੀਸ਼ ਹੁਣ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦਾ, ਉਂਜ ਉਹਦਾ ਧਿਆਨ ਆਪਣੀ ਡਿਊਟੀ ਵੱਲ ਸੀ। ਗੂੜ੍ਹੇ ਕਾਲੇ ਬੁਰਕੇ 'ਚ ਲਪੇਟੀ ਹੋਈ ਉਸ ਮਟਿਆਰ ਦੀਆਂ ਅੱਖਾਂ ਵਿੱਚ ਹਲਕੀ ਕਜਲੇ ਦੀ ਧਾਰ, ਸਾਦਾ ਜਿਹਾ ਮੇਕਅੱਪ ਤੇ ਹਯਾ ਝਲਕ ਰਹੀ ਸੀ, ਉਹਦਾ ਬੇਨਕਾਬ ਚਿਹਰਾ ਅੱਗ ਵਾਂਗ ਭਖ ਰਿਹਾ ਸੀ।

"ਤੁਸੀਂ ਕਸਟਮ ਵਿੱਚ ਹੋੜ ?" ਉਹਦੇ ਮੂੰਹੋਂ ਇਕਦਮ ਨਿਕਲ ਗਿਆ। ਮਨੀਸ਼ ਨੂੰ ਮੁਖ਼ਾਤਬ ਹੋ ਕੇ ਉਹ ਪੰਜਾਬੀ ਵਿੱਚ ਬੋਲੀ। ਸ਼ਾਇਦ ਉਹ ਆਪਣੇ ਆਪ ਨੂੰ ਰੋਕ ਨਹੀਂ ਸੀ ਸਕੀ। ਹੁਣ ਤੱਕ ਮਨੀਸ਼ ਵੀ ਉਸ ਦੇ ਜਲਵੇ ਦੇ ਵਲਗਣ ਵਿੱਚ ਆ ਚੁੱਕਾ ਸੀ, ਉਹਦਾ ਮੂੰਹ ਹੋਰ ਲਾਲ ਹੋ ਗਿਆ।

"ਹਾਂ, ਮੈਂ ਡਿਊਟੀ 'ਤੇ ਹੀ ਹਾਂ, ਵਾਹਗਾ ਬਾਰਡਰ 'ਤੇ ੜ।" ਉਮਰ ਦੇ ਤਕਾਜ਼ੇ ਮੁਤਾਬਕ ਭਾਵੇਂ ਉਹ ਕੁਝ ਗੱਲਾਂ ਕਰਦਾ ਪਰ 10-15 ਮਿੰਟ ਦੇ ਇਸ ਸਫ਼ਰ ਵਿੱਚ ਉਹ ਵਧੇਰੇ ਗੁਫ਼ਤਗੂ ਤੋਂ ਬਚਣਾ ਚਾਹੁੰਦਾ ਸੀ। ਗੱਡੀ ਘਰਿੰਡੇ ਸਟੇਸ਼ਨ ਤੋਂ ਅੱਗੇ ਚੱਲ ਰਹੀ ਸੀ ਪਰ ਸਿਗਨਲ ਨਾ ਮਿਲਣ ਕਰਕੇ ਉਨ੍ਹਾਂ ਨੂੰ ਹਮਸਫ਼ਰ ਦੇ ਤੌਰ 'ਤੇ ਦੋ-ਤਿੰਨ ਮਿੰਟ ਹੋਰ ਮਿਲ ਗਏ।

"ਮੈਂੜ ਲਾਹੌਰ ਦੇ ਗੁਲਬਰਗ ਇਲਾਕੇ ਦੀ ਰਹਿਣ ਵਾਲੀ ਸ਼ਾਜ਼ੀਆ ਹਾਂ, ਤੁਹਾਡੀ ਪ੍ਰਸਨੈਲਿਟੀ ਤੋਂ ਮੈਂ ਬੇਹੱਦ ਮੁਤਾਸਰ ਹੋਈ ਹਾਂ।" ਕੁੜੀ ਨੇ ਸੰਖੇਪ ਜਾਣ-ਪਛਾਣ ਕਰਾਈ। ਮਨੀਸ਼ ਆਪਣੇ-ਆਪ ਨੂੰ ਬੜੇ ਸੰਜਮ ਵਿੱਚ ਰੱਖ ਰਿਹਾ ਸੀ। ਉਹਨੂੰ ਪਤਾ ਸੀ ਕਿ ਹੁਣ ਸਿਰਫ਼ 9-10 ਮਿੰਟਾਂ ਦਾ ਹੀ ਸਫ਼ਰ ਬਾਕੀ ਹੈ। ਕੁੜੀ ਨੇ ਖਲੋ ਕੇ ਉਪਰ ਰੱਖੀ ਗਠੜੀ ਵੱਲ ਨਜ਼ਰ ਮਾਰੀ ਜਾਂ ਕਹਿ ਲਓ ਕਿ ਆਪਣਾ ਕੱਦ-ਕਾਠ ਵਿਖਾਉਣ ਲਈ ਖੜ੍ਹੀ ਹੋਈ ਹੋਵੇਗੀ। ਮਨੀਸ਼ ਭਾਂਪ ਗਿਆ ਕਿ ਉਪਰ ਵਾਲਾ ਸਾਮਾਨ ਇਹਦਾ ਹੀ ਹੈ। ਉਹਨੂੰ ਅਹਿਸਾਸ ਹੋ ਗਿਆ ਕਿ ਲੰਮੇ ਕੱਦ, ਮਿੱਠੀ ਬੋਲੀ ਤੇ ਖ਼ੂਬਸੂਰਤੀ ਦੀ ਮੂਰਤ ਉਹ ਕੁੜੀ ਸ਼ਾਇਦ ਸਾਲ ਦੋ ਸਾਲ ਉਹਦੇ ਤੋਂ ਵੱਡੀ ਹੋਵੇਗੀ। ਕਸਟਮ ਇੰਸਪੈਕਟਰ ਨੇ ਵੀ ਖੜ੍ਹੇ ਹੋ ਕੇ ਉਪਰ ਰੱਖੇ ਆਪਣੇ ਬੈਗ ਨੂੰ ਵੇਖਣ ਦੇ ਬਹਾਨੇ ਉਹਦੇ ਸਾਮਾਨ ਵੱਲ ਨਜ਼ਰ ਮਾਰ ਲਈ। ਸੋਚਣ ਲੱਗਾ ਕਿ ਇਹਦੇ ਕੋਲ ਕਸਟਮ ਦੇ ਹਿਸਾਬ ਨਾਲ ਕੁਝ ਇਤਰਾਜ਼ਯੋਗ ਸਾਮਾਨ ਹੋਵੇਗਾ। ਸ਼ਾਇਦ ਇਸੇ ਕਰਕੇ ਮੈਨੂੰ ਆਪਣੇ ਵੱਲ ਆਕਰਸ਼ਤ ਕਰ ਰਹੀ ਹੈ। ਭਾਵੇਂ ਤੇਜ਼ੀ ਨਾਲ ਗੁਜ਼ਰ ਰਹੇ ਵਕਤ ਬਾਰੇ ਉਸ ਨੂੰ ਪਤਾ ਸੀ ਫਿਰ ਵੀ ਹਮਉਮਰ ਹੋਣ ਕਾਰਨ ਉਸ ਨੇ ਸ਼ਾਜ਼ੀਆ ਨੂੰ ਜੁਆਬ ਵਿੱਚ ਕੁਝ ਨਾ ਕੁਝ ਕਹਿਣ ਦੀ ਲੋੜ ਮਹਿਸੂਸ ਕੀਤੀ, "ਸ਼ਾਜ਼ੀਆ ਜੀ, ਤੁਹਾਡੀ ਆਵਾਜ਼ ਤੇ ਬੋਲੀ ਬੜੀ ਮਿੱਠੀ ਹੈ।" ਮਨੀਸ਼ ਉਸ ਨੂੰ ਅਹਿਸਾਸ ਕਰਵਾਉਣਾ ਚਾਹੁੰਦਾ ਸੀ ਕਿ ਉਸ ਵੱਲੋਂ ਕੀਤੀ ਪਹਿਲ ਨੂੰ ਉਸ ਨੇ ਨਕਾਰਿਆ ਨਹੀਂ।

"ਤੁਹਾਡੇ ਕੋਲ ਕਾਫ਼ੀ ਸਾਮਾਨ ਲੱਗਦੈੜ ?" ਨਾਲੋ-ਨਾਲ ਉਹ ਆਪਣੀ ਡਿਊਟੀ ਵੀ ਨਿਭਾ ਰਿਹਾ ਸੀ, "ਕੀ ਕੁਝ ਐ ਉਸ ਗਠੜੀ ਵਿੱਚੜ ?"

"ਕੁਝ ਖ਼ਾਸ ਨਹੀਂ, ਕੁਝ ਲਹਿੰਗੇ ਨੇ, ਉਂਜ ਹਨ ਤਾਂ ਮਹਿੰਗੇ, ਕੱਲ੍ਹ ਅੰਮ੍ਰਿਤਸਰ ਦੀ ਕਟੜਾ ਜੈਮਲ ਸਿੰਘ ਮਾਰਕੀਟ 'ਚੋਂ ਖਰੀਦੇ ਸਨ।"

ਮਨੀਸ਼ ਨੂੰ ਦਿਖਾਉਣ ਲਈ ਸ਼ਾਜ਼ੀਆ ਨੇ ਦੁਬਾਰਾ ਖੜ੍ਹੇ ਹੋ ਕੇ ਆਪਣੀ ਲੰਮੀ ਵੀਣੀ ਨਾਲ ਉਪਰ ਪਈ ਗਠੜੀ 'ਚੋਂ ਇੱਕ ਲਹਿੰਗਾ ਖਿੱਚ ਲਿਆ ਤੇ ਸੀਟ 'ਤੇ ਬੈਠ ਕੇ ਦੋਵਾਂ ਹੱਥਾਂ ਨਾਲ ਉਸ ਵੱਲ ਨੂੰ ਵਧਾ ਕੇ ਲਹਿੰਗਾ ਵਿਖਾਉਣ ਲੱਗੀ। ਮਨੀਸ਼ ਦੇ ਹੱਥ ਸ਼ਾਜ਼ੀਆ ਦੇ ਹੱਥਾਂ ਦੇ ਸਪਰਸ਼ ਵਿੱਚ ਆਏ ਤਾਂ ਦੋਵੇਂ ਪਾਸੇ ਜਿਵੇਂ ਬਿਜਲੀ ਦਾ ਕਰੰਟ ਦੌੜ ਗਿਆ ਹੋਵੇ।

"ਇਹ ਲਹਿੰਗਾ ਵਾਕਿਆ ਹੀ ਬੜਾ ਮਹਿੰਗਾ ਏ।" ਮਨੀਸ਼ ਨੇ ਸੰਭਲਦੇ ਹੋਏ ਦਿਲੋਂ ਤਾਰੀਫ਼ ਕੀਤੀ। ਉਹਦੇ 'ਤੇ ਗੁਲਾਨਾਰੀ, ਪੀਲੇ, ਲਾਲ, ਕਾਸ਼ਨੀ ਤੇ ਵਿੱਚ ਵਿੱਚ ਹਰੇ ਰੰਗ ਦਾ ਸਿੱਪੀ, ਮੋਤੀ ਤੇ ਤਿੱਲੇ ਦਾ ਵਰਕ ਕੀਤਾ ਹੋਇਆ ਸੀ।

"ਕਿੰਨੇ ਕੁ ਦਾ ਹੋਏਗਾ ਇਹ ਇੱਕ ਲਹਿੰਗਾੜ ? ਤੇ ਤੁਸੀਂ ਕਿੰਨੇ ਲਹਿੰਗੇ ਲੈ ਕੇ ਜਾ ਰਹੇ ਹੋ ?" ਧੀਮੀ ਹੋ ਰਹੀ ਗੱਡੀ ਦੀ ਖਿੜਕੀ ਤੋਂ ਬਾਹਰ ਨੂੰ ਤੇ ਘੜੀ ਵੱਲ ਵੇਖਦਾ ਹੋਇਆ ਸ਼ਰਮਾਹਟ ਵਾਲੇ ਅੰਦਾਜ਼ ਵਿੱਚ ਡਿਊਟੀ ਦਾ ਧਿਆਨ ਰੱਖਦਾ ਮਨੀਸ਼ ਬੋਲਿਆ। ਸਫ਼ਰ ਸਿਰਫ਼ ਦੋ-ਤਿੰਨ ਮਿੰਟ ਦਾ ਹੀ ਬਾਕੀ ਸੀ। "ਪੰਜਾਹ ਤੋਂ ਸੱਠ ਹਜ਼ਾਰ ਦਾ ਏ ਇੱਕ ਲਹਿੰਗਾ ਤੇ ਮੈਂ ਸਿਰਫ਼ ਪੰਦਰਾਂ ਖਰੀਦ ਕੇ ਲਿਜਾ ਰਹੀ ਆਂ। ਮੇਰੀ ਮਾਸੀ ਦੀ ਕੁੜੀ ਦਾ ਨਿਕਾਹ ਏ ਅਗਲੇ ਮਹੀਨੇ। ਸਭ ਭੈਣਾਂ, ਭਾਬੀਆਂ ਤੇ ਸਹੇਲੀਆਂ ਵਾਸਤੇ ਖਰੀਦ ਲਏ ਨੇ।" ਸਮੇਂ ਦੀ ਕਮੀ ਕਾਰਨ ਉਹ ਇੱਕੋ ਸਾਹੇ ਸਾਰਾ ਕੁਝ ਦੱਸ ਰਹੀ ਸੀ, "ਤੁਹਾਨੂੰ ਤਾਂ ਪਤਾ ਹੀ ਹੈੜ ਇਹੋ ਜਿਹਾ ਵਰਕ ਜਾਂ ਤਾਂ ਅੰਮ੍ਰਿਤਸਰ ਤੇ ਜਾਂ ਸੁਣਿਐ ਪਟਿਆਲੇ ਮਿਲਦਾ ਏ।"

"ਵਾਕਿਆ ਈ, ਇਹ ਤੁਹਾਡੇ ਵਾਂਗ ਬਹੁਤ ਹੀ ਖ਼ੂਬਸੂਰਤ ਹੈ।" ਗੱਡੀ ਦੀ ਘਟਦੀ ਰਫ਼ਤਾਰ ਤੋਂ ਪਤਾ ਲੱਗ ਰਿਹਾ ਸੀ ਕਿ ਅਟਾਰੀ ਸਟੇਸ਼ਨ ਦਾ ਪਲੇਟਫਾਰਮ ਨੇੜੇ ਆ ਰਿਹਾ ਹੈ।

"ਤੁਸੀਂ ਕਸਟਮ ਵਿੱਚ ਹੋ। ਇਹ ਨਾ ਸਮਝਣਾ ਕਿ ਮੈਂ ਤੁਹਾਥੋਂ ਕੋਈ ਮਦਦ ਚਾਹੁੰਦੀ ਹਾਂ। ਮੈਂ ਤਾਂ ਤੁਹਾਡੇ ਸੁਹੱਪਣ ਤੇ ਸ਼ਖ਼ਸੀਅਤ 'ਤੇ ਫਿਦਾ ਹਾਂ।" ਆਪਣਾ ਵਿਜ਼ਿਟਿੰਗ ਕਾਰਡ ਫੜਾਉਂਦਿਆਂ ਬੋਲੀ, "ਤੁਸੀਂ ਲਾਹੌਰ ਆਓ ਤਾਂ ਮੈਨੂੰ ਯਾਦ ਕਰਨਾ। ਮੈਂ ਤੁਹਾਡੇ ਪੈਰਾਂ ਹੇਠ ਆਪਣੀਆਂ ਹਥੇਲੀਆਂ ਵਿਛਾ ਦੇਵਾਂਗੀ।"

ਗੱਡੀ ਪਲੇਟਫਾਰਮ 'ਤੇ ਖੜ੍ਹ ਗਈ। ਆਪਣਾ ਬੈਗ ਚੁੱਕਣ ਤੋਂ ਪਹਿਲਾਂ ਮਨੀਸ਼ ਨੇ ਸ਼ਾਜ਼ੀਆ ਦੀ ਲਹਿੰਗਿਆਂ ਵਾਲੀ ਗਠੜੀ ਲਾਹ ਕੇ ਉਸ ਨੂੰ ਫੜਾਈ ਤੇ ਸੋਚਾਂ ਵਿੱਚ ਗੁਆਚਾ ਆਪਣਾ ਵਰਦੀ ਵਾਲਾ ਬੈਗ ਚੁੱਕ ਕੇ ਇਸ ਉਮੀਦ ਨਾਲ ਗੱਡੀਓਂ ਉਤਰ ਗਿਆ ਕਿ ਕੁਝ ਹੀ ਪਲਾਂ ਬਾਅਦ ਸਾਮਾਨ ਚੈੱਕ ਕਰਵਾਉਣ ਵੇਲੇ ਸ਼ਾਜ਼ੀਆ ਉਹਨੂੰ ਫੇਰ ਮਿਲੇਗੀ ਤੇ ਬਿਨਾਂ ਵੇਖਿਆਂ ਉਹ ਲਹਿੰਗਿਆਂ ਵਾਲੀ ਗਠੜੀ ਕਲੀਅਰ ਕਰ ਦੇਵੇਗਾ।

ਸੀਟ ਹੇਠਾਂ ਰੱਖਿਆ ਆਪਣਾ ਵੱਡਾ ਅਟੈਚੀ ਤੇ ਲਹਿੰਗਿਆਂ ਵਾਲੀ ਗਠੜੀ ਕੁਲੀ ਨੂੰ ਚੁਕਾ ਕੇ ਸ਼ਾਜ਼ੀਆ ਵੀ ਗੱਡੀ ਤੋਂ ਉਤਰ ਗਈ। ਉਹਦੇ ਦਿਲੋ-ਦਿਮਾਗ਼ 'ਤੇ ਮਨੀਸ਼ ਦਾ ਕਬਜ਼ਾ ਸੀ ਪਰ ਥੋੜ੍ਹੀ ਜਿਹੀ ਚਿੰਤਾ ਕਸਟਮ ਚੈਕਿੰਗ ਦੌਰਾਨ ਮਹਿੰਗੇ ਤੇ ਚੁਣ ਚੁਣ ਕੇ ਖਰੀਦੇ ਮਨਪਸੰਦ ਲਹਿੰਗਿਆਂ ਦੀ ਵੀ ਸੀ। ਪਤਾ ਨਹੀਂ ਕਿਉਂ ਉਹਨੂੰ ਯਕੀਨ ਜਿਹਾ ਸੀ ਕਿ ਉਹਦੀ ਚੈਕਿੰਗ ਮਨੀਸ਼ ਹੀ ਕਰੇਗਾ ਤੇ ਸਾਰਾ ਕੁਝ ਸਹੀ ਸਲਾਮਤ ਕਸਟਮ 'ਚੋਂ ਨਿਕਲ ਜਾਏਗਾ।

ਮਨੀਸ਼ ਵਰਦੀ ਪਾ ਕੇ ਡਿਊਟੀ 'ਤੇ ਆਣ ਖਲੋਤਾ ਪਰ ਅਫ਼ਸੋਸ ਕਿ ਸ਼ਾਜ਼ੀਆ ਦੀ ਵਾਰੀ ਉਹਦੇ ਕੋਲ ਨਹੀਂ, ਕਿਸੇ ਹੋਰ ਇੰਸਪੈਕਟਰ ਕੋਲ ਆ ਗਈ। 15-20 ਮਿੰਟਾਂ ਦੇ ਸਫ਼ਰ ਦੌਰਾਨ ਸ਼ਾਜ਼ੀਆ ਦੀਆਂ ਗੱਲਾਂ, ਉਹਦਾ ਸੁਹੱਪਣ ਤੇ ਹਲਕੀ ਜਿਹੀ ਛੋਹ ਨਾਲ ਮਨੀਸ਼ ਇੰਨਾ ਬੌਂਦਲ਼ ਗਿਆ ਸੀ ਕਿ ਉਹ ਆਪਣੇ ਸਾਥੀਆਂ ਨੂੰ ਇਸ ਖ਼ਾਸ ਸਵਾਰੀ ਬਾਰੇ ਕਹਿ ਨਾ ਸਕਿਆ। ਹੱਥ ਹਿਲਾਉਂਦੀ ਹੋਈ ਮਾਯੂਸ ਸ਼ਾਜ਼ੀਆ ਜਦੋਂ ਨੋ ਮੈਨਜ਼ ਲੈਂਡ 'ਤੇ ਪਾਕਿਸਤਾਨ ਵਾਲੇ ਪਾਸੇ ਨੂੰ ਜਾ ਰਹੀ ਸੀ, ਮਨੀਸ਼ ਨੂੰ ਉਦੋਂ ਪਤਾ ਲੱਗਿਆ ਕਿ ਉਸ ਦੇ ਦਸ ਲਹਿੰਗੇ ਰੱਖ ਲਏ ਗਏ ਹਨ। ਉਹ ਆਪਣੇ-ਆਪ ਨੂੰ ਕੋਸਣ ਲੱਗਿਆ। ਜਿਸ ਸਾਥੀ ਇੰਸਪੈਕਟਰ ਨੇ ਉਸ ਦੇ ਸਮਾਨ ਦੀ ਚੈਕਿੰਗ ਕੀਤੀ ਸੀ, ਨੂੰ ਬਾਅਦ ਵਿੱਚ ਜਦ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਵੀ ਮਨੀਸ਼ ਨੂੰ ਬੜਾ ਕੋਸਿਆ।

ਮਨੀਸ਼ ਆਪਣੇ-ਆਪ ਨੂੰ ਬਹੁਤ ਵੱਡਾ ਦੋਸ਼ੀ ਸਮਝਣ ਲੱਗਿਆ ਤੇ ਅੱਜ ਤੱਕ ਸਮਝ ਰਿਹਾ ਹੈ। ਅੱਜ ਵੀ ਉਹ ਉਸ ਘਟਨਾ ਨੂੰ ਯਾਦ ਕਰਦਾ ਹੈ ਤਾਂ ਆਪਣੇ-ਆਪ ਨੂੰ ਕਸੂਰਵਾਰ ਮੰਨਦਾ ਹੋਇਆ ਕਹਿੰਦਾ ਹੈ ਕਿ ਇਹ ਪਛਤਾਵਾ ਮੇਰੇ ਨਾਲ ਹੀ ਖ਼ਤਮ ਹੋਵੇਗਾ।

# ਮੇਰੀ ਜ਼ਮੀਨ/ ਡਾ. ਮਨਜੀਤ ਸਿੰਘ ਬੱਲ

ਬੱਸ ਰੇਲਵੇ ਸਟੇਸ਼ਨ ਅੱਗੇ ਆ ਕੇ ਰੁਕੀ ਤਾਂ ਸਵਾਰੀਆਂ ਕਾਹਲੀ ਕਾਹਲੀ ਉਤਰਨ ਲੱਗੀਆਂ। ਕਿਰਨਜੀਤ ਘੂਕ ਸੁੱਤੀ ਪਈ ਸੀ। ਸਨੇਹ ਮੇਰੀ ਗੋਦ ਵਿੱਚ ਪਿਆ ਉੱਠ ਗਿਆ ਸੀ। ਗਿਆਰਾਂ ਵੱਜਣ ਲੱਗੇ ਸਨ। ਮੈਂ ਕਿਰਨਜੀਤ ਨੂੰ ਦੂਜੀ ਵਾਰ ਅਵਾਜ਼ ਦਿੱਤੀ ਪਰ ਉਹ ਜਾਗੀ ਨਹੀਂ। ਜਦੋਂ ਮੈਂ ਉਹਦਾ ਮੋਢਾ ਹਲੂਣਿਆਂ ਤਾਂ ਉਹ ਇਕਦਮ ਤ੍ਰਬਕੀ ਤੇ ਸਿੱਧੀ ਹੁੰਦੀ ਨੇ ਆਸ-ਪਾਸ ਦੇਖਿਆ ਤੇ ਬੌਂਦਲਿਆਂ ਵਾਂਗ ਬੋਲੀ, "ਮੇਰਾ ਸਨੇਹ ਕਿੱਥੇ ਆੜ ਮੇਰਾ ਬੇਟਾੜ ਹਾਏ ਕਿੰਨੀ ਅੱਗ ਸੀ ?" ਪਰ ਉਹ ਛੇਤੀ ਹੀ ਸੰਭਲ ਗਈ ਤੇ ਸ਼ਾਂਤ ਹੋ ਕੇ ਬੋਲੀ, "ਪਹੁੰਚ ਗਏ ਆਪਾਂੜ ਹਾਏ ਹਾਏ ਕਿੰਨੀ ਨੀਂਦ ਆਈੜ ਰਾਤੀਂ ਸਨੇਹ ਸੌਣ ਨਈਂ ਦਿੰਦਾੜ ਦੁੱਧ ਮੰਗੀ ਜਾਊੜ ਬਿਸਤਰਾ ਵਾਰ ਵਾਰ ਗੰਦਾੜ"

ਜਦੋਂ ਅਸੀਂ ਥੱਲੇ ਉਤਰੇ ਅਰਦਲੀ ਨੇ ਸਾਡਾ ਸਾਮਾਨ ਚੁੱਕ ਕੇ ਟਿਕਟ-ਖਿੜਕੀ ਕੋਲ ਰੱਖ ਦਿੱਤਾ ਸੀ। ਉਹ ਸਾਨੂੰ ਸਲੂਟ ਮਾਰ ਕੇ ਚਲਾ ਗਿਆ। ਸਨੇਹ ਦੇ ਵਾਲ ਸੁਆਰਦੀ ਤੇ ਦੂਜੇ ਮੁਸਾਫ਼ਰਾਂ ਵੱਲ ਦੇਖਦੀ ਕਿਰਨਜੀਤ ਕਹਿਣ ਲੱਗੀ, "ਸਹਿਦੇਵ ਜੀ, ਤੁਸੀਂ ਉਹ ਸਾਹਮਣੇ ਰੇੜ੍ਹੀ ਤੋਂ ਫਰੂਟ ਫੜ ਲਿਆਓ, ਰਸਤੇ ਵਿੱਚ ਬੜੀ ਪਰੇਸ਼ਾਨੀ ਹੁੰਦੀ ਆ। ਇੱਕ ਤਾਂ ਚੰਗਾ ਮਿਲਦਾ ਨਹੀਂ, ਜੇ ਮਿਲੂ ਤਾਂ ਬਹੁਤ ਕੌਸਟਲੀ। ਆਪਣੀ ਟਰੇਨ ਅਜੇ ਡੇਢ ਘੰਟੇ ਤੱਕ ਚੱਲੇਗੀ।"

"ਕਿਰਨਜੀਤ ਏਥੇ ਭਲਾ ਕਮਾਖਿਆ ਦੇਵੀ ਦਾ ਮੰਦਰ ਕਿੱਥੇ ਆ ? ਮੈਂ ਦੇਖਣਾ ਸੀੜ"

"ਕਮਾਲ ਆ ਸਹਿਦੇਵ ਜੀੜ ਤੁਸੀਂ ਪਹਿਲਾਂ ਕਿਉਂ ਨਾ ਦੱਸਿਆ, ਆਪਾਂ ਘਰ ਬੋਰ ਈ ਹੁੰਦੇ ਸੀ। ਇੱਕ ਦਿਨ ਆਪਾਂ ਗੁਹਾਟੀ ਆ ਜਾਂਦੇ। ਨਾਲੇ ਕਮਾਖਿਆ ਦਾ ਮੰਦਰ ਦੇਖ ਲੈਂਦੇ ਨਾਲੇ ਤੁਹਾਨੂੰ ਸ਼ਹਿਰ ਦੀ ਸੈਰ ਕਰਾ ਦਿੰਦੀ। ਬ੍ਰਹਮਪੁੱਤਰ ਦਰਿਆ ਦੇਖਦੇ। ਸਹਿਦੇਵ ਜੀ, ਹੁਣ ਤਾਂ ਟਾਈਮ ਈ ਬੜਾ ਥੋੜ੍ਹਾ ਆ। ਪਹਾੜੀ ਚੜ੍ਹ ਕੇ ਮੰਦਰ ਆ। ਘੱਟੋ-ਘੱਟ ਦੋ ਘੰਟੇ ਚਾਹੀਦੇ ਆ।" ਕਹਿੰਦੀ ਹੋਈ ਕਿਰਨਜੀਤ ਨੇ ਪਰਸ ਵਿੱਚੋਂ ਬੋਤਲ ਕੱਢ ਕੇ ਬੇਟੇ ਦੇ ਮੂੰਹ ਨੂੰ ਲਾਈ ਤੇ ਬੈਂਚ ਉਪਰ ਬੈਠ ਗਈ।

ਜਦੋਂ ਪਲੇਟਫਾਰਮ 'ਤੇ ਗੱਡੀ ਆ ਲੱਗੀ ਤਾਂ ਮੈਂ ਟੰਗੀ ਹੋਈ ਲਿਸਟ ਤੋਂ ਬੋਗੀ ਨੰਬਰ ਤੇ ਸੀਟ ਨੰਬਰ ਦੇਖਿਆ ਤੇ ਕੁਲੀ ਕੋਲੋਂ ਸਾਮਾਨ ਰਖਵਾਇਆ। ਅਸੀਂ ਆਪਣੀ ਸੀਟ 'ਤੇ ਬੈਠੇ ਹੀ ਸੀ ਕਿ ਗੱਡੀ ਤੁਰ ਵੀ ਪਈ। ਸਾਡੀ ਬਰਥ ਤਾਂ ਬਿਲਕੁਲ ਖਾਲੀ ਸੀ, ਡੱਬੇ ਵਿੱਚ ਉਂਜ ਵੀ ਬਹੁਤ ਘੱਟ ਸਵਾਰੀਆਂ ਸਨ। ਮੈਂ ਆਪਣੇ ਬੈਗ ਵਿੱਚੋਂ ਇੱਕ ਕਿਤਾਬ ਕੱਢ ਲਈ ਤਾਂ ਕਿਰਨਜੀਤ ਕਹਿਣ ਲੱਗੀ, "ਸਹਿਦੇਵ ਜੀ, ਤੁਸੀਂ ਤਾਂ ਬੜੇ ਬੋਰ ਹੋਏ ਹੋਵੋਂਗੇ ਚਾਰ ਪੰਜ ਦਿਨੜ"

"ਨਈਂ ਨਈਂ, ਐਸੀ ਤਾਂ ਕੋਈ ਗੱਲ ਨਈਂ। ਅਨੂਪ ਦੇ ਹੁੰਦਿਆਂ ਬੰਦਾ ਬੋਰ ਹੋ ਗਿਆ, ਫੇਰ ਤਾਂ ਗਏ ਕਾਮ ਸੇ।" ਕਹਿ ਕੇ ਮੈਂ ਝੂਠਾ ਜਿਹਾ ਹੱਸਿਆ। ਹੁਣ ਗੱਡੀ ਨੇ ਰਫ਼ਤਾਰ ਫੜ ਲਈ ਸੀ ਤੇ ਇੱਕ ਰੇਲਵੇ ਮੁਲਾਜ਼ਮ ਲੰਚ, ਚਾਹ ਬਾਰੇ ਪੁੱਛਣ ਆ ਗਿਆ। ਮੈਂ ਗੱਲ ਨੂੰ ਅੱਗੇ ਤੋਰਿਆ, "ਵੈਸੇ ਬੋਰ ਹੋਣ ਵਾਲੀ ਤਾਂ ਕੋਈ ਗੱਲ ਨਈਂ। ਮੈਂ ਕਿਹੜਾ ਮਹੀਨਿਆਂ ਬੱਧੀ ਰਹਿਣਾ ਸੀ। ਘਰ ਦਾ ਮਾਹੌਲੜ ਬਹੁਤੀ ਚੁੱਪੜ ਟੈਨਸ਼ਨ ਸ਼ਾਂਤ ਵਾਤਾਵਰਨ ਮੇਰੇ ਲਈ ਕੱਲ੍ਹ ਜ਼ਰਾ ਅਕਾਊ ਹੋ ਗਿਆ ਸੀ।"

ਇਸੇ ਸਮੇਂ ਗੱਡੀ ਕੁਝ ਹੌਲੀ ਹੋ ਗਈ। ਮੈਂ ਕਿਰਨਜੀਤ ਕੋਲੋਂ ਉੱਠ ਕੇ ਸਾਹਮਣੀ ਸੀਟ ਉਪਰ ਬੈਠ ਕੇ ਸ਼ੀਸ਼ੇ ਤੋਂ ਬਾਹਰ ਦੇਖਣ ਲੱਗਾ। ਸਟੇਸ਼ਨ 'ਤੇ ਗੱਡੀ ਰੁਕੀ। ਇੱਕ ਪੂਰਾ ਪਰਿਵਾਰ ਹੀ ਸਾਡੇ ਵਾਲੀ ਬਰਥ ਵਿੱਚ ਆ ਗਿਆ। ਮੈਂ ਕਿਰਨਜੀਤ ਦੇ ਕੋਲ ਹੀ ਜਾ ਬੈਠਾ ਤੇ ਕਿਤਾਬ ਫਰੋਲਣ ਲੱਗਾ। ਕਿਰਨਜੀਤ ਬੈਠ ਰਹੇ ਲੋਕਾਂ ਵੱਲ ਦੇਖ ਰਹੀ ਸੀ।

ਮੈਂ ਕਿਤਾਬ ਖੋਲ੍ਹ ਕੇ ਬੈਠ ਗਿਆ ਪਰ ਘੁੰਮ ਰਿਹਾ ਅਨੂਪ ਦੇ ਕੁਆਰਟਰ ਵਿੱਚ ਸੀ। ਕਿੰਨਾ ਬਦਲ ਗਿਆ ਹੈ ਅਨੂਪ। ਮੇਰੇ ਆਉਣ 'ਤੇ ਪਹਿਲੇ ਦਿਨ ਅਨੂਪ ਨੂੰ ਕਿੰਨੀ ਸ਼ਰਾਬੀ ਹਾਲਤ ਵਿੱਚ ਮੈਂ ਤੇ ਢਿੱਲੋਂ ਘਰ ਲੈ ਕੇ ਆਏ ਸੀ ਤੇ ਬੜੀ ਮੁਸ਼ਕਲ ਨਾਲ ਬਿਸਤਰੇ 'ਤੇ ਪਾਇਆ ਸੀ। ਅਨੂਪ ਨੂੰ ਕੋਈ ਹੋਸ਼ ਨਹੀਂ ਸੀ। ਕਿਰਨਜੀਤ ਨੇ ਉਸ ਦੇ ਬੂਟ ਲਾਹੇ, ਫਿਰ ਜੁਰਾਬਾਂ, ਉਹਦੀ ਨਕਟਾਈ ਖੋਲ੍ਹੀ ਤੇ ਹੌਲੀ-ਹੌਲੀ ਕੋਟ ਲਾਹਿਆ। "ਸਹਿਦੇਵ ਤੁਸੀਂ ਖਾਣਾ ਖਾਧਾ ਕਿ ਨਈਂ ?" ਕਿਰਨਜੀਤ ਪੁੱਛਣ ਲੱਗੀ। ਮੈਨੂੰ ਲੱਗਾ ਸੀ ਉਹ ਜਿਵੇਂ ਡੂੰਘੀ ਖਾਈ ਵਿੱਚੋਂ ਬੋਲੀ ਹੋਵੇ। ਉਹਦਾ ਚਿਹਰਾ ਕਿੰਨਾ ਉਤਰ ਗਿਆ ਸੀ।



ਕਿਰਨਜੀਤ ਵੱਲ ਦੇਖ ਕੇ ਮੈਂ ਵੀ ਉਦਾਸ ਹੋ ਗਿਆ ਸੀ। ਇਹ ਅਨੂਪ ਨੂੰ ਕੀ ਹੋ ਗਿਆ ਸੀ ? ਉਸ ਦੀਆਂ ਤਾਂ ਆਦਤਾਂ ਈ ਬਹੁਤ ਬਦਲ ਗਈਆਂ ਸਨ। ਇਹ ਅਨੂਪ ਤਾਂ ਪਹਿਲਾਂ ਵਾਲਾ ਅਨੂਪ ਹੈ ਹੀ ਨਹੀਂ ਸੀ, ਐਨੀ ਸ਼ਰਾਬੜ ਇਹਦੀ ਰਜਮੈਂਟ ਵਾਲੇ ਇਹਨੂੰ ਬਰਦਾਸ਼ਤ ਕਿੱਦਾਂ ਕਰਦੇ ਆ ? ਇਹੋ ਅਨੂਪ ਸੀ ਜਿਹੜਾ ਕਦੇ ਕਹਿਣ ਲੱਗਾ ਸੀ, "ਸਹਿਦੇਵ ਬਈ ਮੈਂ ਤਾਂ ਏਸ ਬਰਬਾਦ ਕਰਨ ਵਾਲੀ ਸੁਗਾਤ ਤੋਂ ਦੂਰ ਈ ਰਹਿਣਾ ਚਾਹੁੰਦਾਂ। ਵੱਡੇ ਭਰਾ ਸਰੂਪ ਦਾ ਹਾਲ ਦੇਖ ਲਾੜ ਪੈੱਗ 'ਤੇ ਪੈੱਗ ਸੁੱਟੀ ਜਾਊੜ ਫੇਰ ਸ਼ਰਾਬ ਪੀ ਕੇ ਐਨਾ ਅੰਨ੍ਹਾ ਹੋ ਜਾਂਦਾੜ ਜਿਹੜਾ ਉਹਦੇ ਅੱਗੇ ਆ ਗਿਆ ਉਸੇ ਦੀ ਧੀ ਭੈਣ ਇੱਕ ਕਰ ਦਊ। ਕੋਈ ਸ਼ਰਮ ਹਯਾ ਨਈਂ, ਕੋਈ ਚੜ੍ਹੀ ਲੱਥੀ ਦਾ ਪਤਾ ਨਈਂ।" ਅਨੂਪ ਤੇ ਮੇਰੀ ਬੜੀ ਪੁਰਾਣੀ ਤੇ ਬਹੁਤ ਨੇੜੇ ਦੀ ਸਾਂਝ ਹੈ। ਇੱਕੋ ਇਲਾਕਾ ਤੇ ਪੜ੍ਹਾਈ ਵੀ ਇੱਕੋ ਕਾਲਜ ਵਿੱਚ। ਅਨੂਪ ਦਾ ਪਿੰਡ ਦਸੂਹੇ ਤੋਂ ਲਹਿੰਦੇ ਵੱਲ ਤੇ ਮੇਰਾ ਪਿੰਡ ਚੜ੍ਹਦੇ ਵੱਲ। ਅਨੂਪ ਵਿੱਚ ਕਈ ਖ਼ੂਬੀਆਂ ਸਨ। ਛੇ ਫੁੱਟ ਲੰਮਾ ਕੱਦ, ਲਾਲ ਗੋਰਾ, ਦਗ ਦਗ ਕਰਦਾ ਚਿਹਰਾ। ਸਾਰੇ ਕਾਲਜ ਦੇ ਮੁੰਡਿਆਂ ਨੂੰ ਛੱਡੋ, ਉਹਦੇ ਵਰਗੀ ਸੋਹਣੀ ਕੋਈ ਕੁੜੀ ਵੀ ਸਾਡੇ ਇਲਾਕੇ ਵਿੱਚ ਨਹੀਂ ਸੀ। ਅਨੂਪ ਐਨ.ਸੀ.ਸੀ. ਵਿੱਚ ਸੀ। ਗਰੈਜੂਏਸ਼ਨ ਕਰਨ ਤੋਂ ਬਾਅਦ ਕੰਪੀਟੀਸ਼ਨ ਲੜ ਕੇ ਕਮਿਸ਼ਨ ਲੈ ਲਿਆ ਤੇ ਲੈਫਟੀਨੈਂਟ ਬਣ ਟਰੇਨਿੰਗ 'ਤੇ ਚਲਾ ਗਿਆ। ਮੈਂ ਜਲੰਧਰ ਨੌਕਰੀ ਕਰਨ ਲੱਗਾ ਤੇ ਫਿਰ ਚੰਡੀਗੜ੍ਹ ਆ ਗਿਆ। ਅਸੀਂ ਇੱਕ-ਦੂਜੇ ਨੂੰ ਲੰਮੀਆਂ-ਲੰਮੀਆਂ ਚਿੱਠੀਆਂ ਲਿਖਦੇ। ਅਨੂਪ ਜਦੋਂ ਪਹਿਲੀ ਵਾਰ ਛੁੱਟੀ ਆਇਆ ਤਾਂ ਅੰਬਾਲਾ ਵਿੱਚ ਗੱਡੀ ਵਿੱਚੋਂ ਉਤਰ ਸਿੱਧਾ ਮੇਰੇ ਕੋਲ ਆ ਗਿਆ। ਅਨੂਪ ਦੀਆਂ ਗੱਲਾਂ ਨਾ ਮੁੱਕਦੀਆਂ। ਕਦੀ ਆਪਣੀ ਬੈਲਟ ਬਾਰੇ ਦੱਸਦਾ, "ਇਹਦੇ ਉਪਰਲੇ ਬਕਲ ਪਿੱਤਲ ਦੇ ਨਈਂ ਸਟੀਲ ਦੇ ਆ। ਮੈਨੂੰ ਯਾਰ ਸਟੀਲ ਬਹੁਤ ਪਸੰਦ ਆ। ਪਿੱਤਲ ਨੂੰ ਮੈਂ ਹੇਟ ਕਰਦਾਂ, ਬਰਾਸੋ ਮਾਰ ਮਾਰ ਚਮਕਾਓ, ਬਰਸਾਤਾਂ ਵਿੱਚ ਕਾਲੇ ਘੁੱਪ ਬਕਲ ਪਰ ਸਟੀਲ ਤਾਂ ਯਾਰ ਸਟੀਲ ਐ। ਸਾਰੀ ਯੂਨੀਫਾਰਮ ਦੇ ਬੈਜ ਸਟੀਲ ਦੇੜ ਚਮਕਾਂ ਮਾਰਦੇ।" ਉਦੋਂ ਹੀ ਅਨੂਪ ਦੇ ਵਿਆਹ ਦੀ ਗੱਲ ਚੱਲ ਪਈ ਸੀ। ਅਨੂਪ ਦੇ ਪਿਤਾ ਦਾ ਕੋਈ ਨੇੜੇ ਦਾ ਰਿਸ਼ਤੇਦਾਰ, ਪਾਕਿਸਤਾਨ ਤੋਂ ਆਇਆ ਜਿਹਦਾ ਪਿੰਡ ਤਾਂ ਪਟਿਆਲੇ ਦੇ ਨੇੜੇ ਸੀ ਪਰ ਉਹਦਾ ਪਰਿਵਾਰ ਪਟਿਆਲੇ ਆ ਵਸਿਆ ਸੀ। ਅਨੂਪ ਲੜਕੀ ਨੂੰ ਦੇਖਣ ਗਿਆ ਤਾਂ ਮੈਨੂੰ ਵੀ ਨਾਲ ਲੈ ਗਿਆ। ਇਹੋ ਕਿਰਨਜੀਤ, ਸਾਢੇ ਪੰਜ ਫੁੱਟ ਉੱਚੀ, ਤਿੱਖੇ ਨੈਣ ਨਕਸ਼ ਪਰ ਰਤਾ ਕੁ ਸਾਂਵਲੀ। ਅਨੂਪ ਦਾ ਡੈਡੀ, ਮਾਤਾ, ਇੱਕ ਭੈਣ ਤੇ ਲੜਕੀ ਵਾਲਿਆਂ ਦਾ ਪਰਿਵਾਰ। ਅਨੂਪ ਮੈਨੂੰ ਉਠਾ ਕੇ ਬਾਹਰ ਫੁੱਲਾਂ ਦੀ ਕਿਆਰੀ ਕੋਲ ਲੈ ਆਇਆ ਤੇ ਪੁੱਛਣ ਲੱਗਾ, "ਬਈ ਕੀ ਵਿਚਾਰ ਆ ਬੀਬਾ ਜੀ ਬਾਰੇ ?"

"ਠੀਕ ਆੜ ਤੈਨੂੰ ਪਸੰਦ ਆ ?" ਮੈਂ ਪੁੱਛਿਆ ਸੀ। "ਠੀਕ ਆ ਯਾਰੜ ਕੁੜੀਆਂ ਸਾਰੀਆਂ ਇੱਕੋ ਜਿਹੀਆਂ ਈ ਹੁੰਦੀਆਂ। ਮੈਨੂੰ ਇਹਦਾ ਨਾਂ ਨੀ ਪਸੰਦੜ ਕਿਰਨੜ ਕਿਰਨਜੀਤ ਕੌਰੜ।"

"ਤੂੰ ਨਾਂ ਵੱਲ ਨਾ ਜਾਹ ਐਮ.ਏ. ਆੜ ਉਹ ਵੀ ਇਕਨਾਮਿਕਸ ਦੀੜ ਅੱਗੇ ਪੀਐੱਚ.ਡੀ. ਦੀ ਤਿਆਰੀ। ਇਹ ਤਿੰਨ ਚਾਰ ਸਾਲਾਂ ਵਿੱਚ ਯੂਨੀਵਰਸਿਟੀ ਵਿੱਚ ਬੈਠੂ ਆਪਣੇ ਡਾਕਟਰ ਖੁਰਾਣਾ ਵਾਂਗ।" ਮੈਂ ਰਤਾ ਕੁ ਘਰੋੜ ਕੇ ਆਖਿਆ।

"ਮੇਰੀ ਗੱਲ ਮੰਨ ਸਹਿਦੇਵ ਸਿਆਂ ਤੂੰ ਪਹਿਲਾਂ ਕਰਾੜ ਹੋਜਾ ਤਿਆਰੜ ਗੱਡ ਦੇ ਝੰਡੇੜ" ਮਖੌਲ ਕਰਦੇ ਅਸੀਂ ਅੰਦਰ ਆ ਬੈਠੇ।

ਅਨੂਪ ਦਾ ਰਿਸ਼ਤਾ ਪੱਕਾ ਹੋ ਗਿਆ ਤੇ ਅਗਲੇ ਹਫ਼ਤੇ ਦਾ ਵਿਆਹ ਵੀ ਰੱਖ ਦਿੱਤਾ।

ਇਸੇ ਸਮੇਂ ਕਿਰਨਜੀਤ ਨੇ ਮੈਨੂੰ ਆਵਾਜ਼ ਦਿੱਤੀ, "ਸਹਿਦੇਵ ਜੀ, ਥੱਲੇ ਆ ਜਾਓੜ ਰਾਤੀਂ ਵੀ ਸੌਣਾ ਕਿ ਨਈਂ। ਫੜੋ ਜ਼ਰਾ ਸਨੇਹ ਨੂੰ, ਮੈਂ ਬਾਥਰੂਮ ਜਾਣਾ।" ਕਿਰਨਜੀਤ ਮੇਰੇ ਕੋਲ ਖੜ੍ਹੀ ਕਹਿ ਰਹੀ ਸੀ ਤਾਂ ਮੈਂ ਛਾਤੀ 'ਤੇ ਪਈ ਕਿਤਾਬ ਨੂੰ ਸੰਭਾਲਦਿਆਂ ਕਿਹਾ, "ਬੱਸ ਐਵੇਂ ਸੋਚਾਂ ਵਿੱਚ ਪੈ ਗਿਆੜ ਟਰੇਨ ਵਿੱਚ ਨੀਂਦ ਕਿੱਥੇ ? ਲਿਆਓ ਬੇਟੇ ਨੂੰ ਫੜਾਓੜ"

ਕਿਰਨਜੀਤ ਹੱਸ ਪਈ ਤੇ ਬੇਟੇ ਨੂੰ ਮੇਰੇ ਢਿੱਡ ਉਪਰ ਬਿਠਾਉਂਦੀ ਬੋਲੀ, "ਕਿਤਾਬ ਵੀ ਬੰਦ ਤੇ ਤੁਹਾਡੀਆਂ ਅੱਖਾਂ ਵੀ ਬੰਦੜ" ਕਹਿ ਕੇ ਕਿਰਨਜੀਤ ਚਲੀ ਗਈ।

ਮੈਂ ਬੱਚੇ ਨੂੰ ਪਿਆਰ ਕਰਦਾ ਉਠ ਕੇ ਬੈਠ ਗਿਆ ਤੇ ਫਿਰ ਹੇਠਾਂ ਉੱਤਰ ਆਇਆ। ਮੈਂ ਬਾਹਰ ਦੇਖਿਆ, ਦਿਨ ਛਿਪ ਰਿਹਾ ਸੀ ਤੇ ਹਨੇਰਾ ਪਸਰ ਰਿਹਾ ਸੀ। ਸੀਟ ਦੇ ਉਪਰ ਅਸਾਮੀ ਨੌਜਵਾਨ ਬੈਠਾ ਕਿਤਾਬ ਪੜ੍ਹ ਰਿਹਾ ਸੀ। ਸਾਹਮਣੀ ਸੀਟ ਉਪਰ ਇੱਕ ਔਰਤ ਬੈਠੀ ਸੀ ਤੇ ਉਸ ਦੇ ਕੋਲ ਬੈਠੀ ਲੜਕੀ ਸੁੱਤੀ ਪਈ ਸੀ। ਕਿਰਨਜੀਤ ਮੁੜ ਆਈ ਤੇ ਸੀਟ 'ਤੇ ਬੈਠਦੀ ਹੋਈ ਬੋਲੀ, "ਮੈਂ ਡਿਨਰ ਲਈ ਤਾਂ ਕਹਿ ਦਿੱਤਾ। ਹੁਣੇ ਚਾਹ ਆ ਜਾਂਦੀ ਆ। ਮੈਂ ਸ਼ਾਮ ਦੀ ਚਾਹ ਨਈਂ ਪੀਂਦੀ। ਨੌਂ ਵਜੇ ਖਾਣਾ ਆਏਗਾ।"

ਪਹਿਲਾਂ ਤਾਂ ਅਸੀਂ ਸ਼ਿਲਾਂਗ ਦੀਆਂ ਗੱਲਾਂ ਕਰੀ ਗਏੜ ਸ਼ਹਿਰ ਦੀਆਂ, ਲੋਕਾਂ ਦੀਆਂ, ਸ਼ਰੇਆਮ ਚਲਦੇ ਜੂਏ ਦੀਆਂ ਤੇ ਸਿੱਲੇ ਸਿੱਲੇ ਮੌਸਮ ਦੀਆਂ। ਫਿਰ ਗੁਹਾਟੀ ਬਾਰੇ ਕਰਨ ਲੱਗੇ ਤੇ ਅੰਤ ਸਿਲੀਗੁੜੀ ਤਕ ਬਦਲ ਗਏ ਮੌਸਮ ਬਾਰੇ। ਫਿਰ ਮੈਂ ਅਨੂਪ ਦਾ ਕਿੱਸਾ ਛੋਹ ਲਿਆ, "ਇਹਦੇ ਸੁਭਾਅ ਵਿੱਚ ਐਨੀ ਚੇਂਜ ਕਿਉਂ ਆ ਗਈ ? ਇਹ ਪਹਿਲਾਂ ਵਾਲਾ ਅਨੂਪ ਤਾਂ ਰਿਹਾ ਈ ਨਈਂ। ਇਹਦੀ ਡਰਿੰਕ ਵੱਲ ਦੇਖ ਕੇ ਤਾਂ ਮੈਨੂੰ ਬੜਾ ਝਟਕਾ ਲੱਗਾੜ ਕੀ ਕਰਦੇ ਰਹੇ ਤੁਸੀਂ ਏਥੇ ਬੈਠੇ ?" ਕਿਰਨਜੀਤ ਥੋੜ੍ਹੀ ਜਿਹੀ ਗੰਭੀਰ ਹੋ ਗਈ। ਉਹ ਚੁੱਪ ਬੈਠੀ ਰਹੀ ਪਰ ਮੈਂ ਕਿੰਨਾ ਚਿਰ ਹੀ ਬੋਲਦਾ ਰਿਹਾ ਤਾਂ ਉਹ ਸਾਹਮਣੇ ਬੈਠੀ ਸਵਾਰੀ ਵੱਲ ਦੇਖਦੀ ਬੋਲੀ, "ਛੱਡੋ ਸਹਿਦੇਵ ਜੀ, ਕੋਈ ਹੋਰ ਗੱਲ ਕਰੋ।" "ਕਿਰਨ ਤੁਹਾਨੂੰ ਬੁਰਾ ਤਾਂ ਲੱਗੇਗਾੜ ਮਾਫ਼ ਕਰਨਾ ਮੈਨੂੰ ਬੜਾ ਧੱਕਾ ਲੱਗਾ ਕਿਉਂਕਿ ਅਸੀਂ ਬਹੁਤ ਚੰਗੇ, ਬਹੁਤ ਅਲੱਗ ਤਰ੍ਹਾਂ ਦੇ ਦਿਨ ਬਿਤਾਏ ਹੋਏ ਆੜ ਫਿਰ ਇੱਕ ਆਰਮੀ ਅਫ਼ਸਰ !"

ਇਸੇ ਪਲ ਉਹ ਹੰਝੂ ਵਹਾਉਣ ਲੱਗੀ ਤੇ ਫਿਰ ਝੱਟ ਹੰਝੂ ਪੂੰਝ ਲਏ।

"ਇਹ ਦੇਖ ਕੇ ਮਹਿਸੂਸ ਕਰਕੇ ਮੈਨੂੰ ਬੜਾ ਦੁੱਖ ਲੱਗਾ ਕਿ ਤੁਸੀਂ ਦੋਵੇਂ ਇੱਕ-ਦੂਜੇ ਨਾਲ ਕਲਾਮ ਵੀ ਨਈਂ ਕਰਦੇੜ ਇਹ ਦੇਖ ਕੇ ਮੇਰਾ ਮਨ ਉਚਾਟ ਹੋ ਗਿਆ ਬਹੁਤ ਕਾਹਲਾ ਪੈ ਗਿਆ ਕਿ ਕਿਹੜੀ ਘੜੀ ਏਥੋਂ ਚਲਾ ਜਾਵੜ।"

"ਮੈਨੂੰ ਤਾਂ ਉਹ ਛੇ ਮਹੀਨੇ ਤੋਂ ਕਹਿ ਰਿਹਾ ਸੀ ਤੂੰ ਪੰਜਾਬ ਚਲੀ ਜਾ। ਤੇਰਾ ਮੇਰੇ ਕੋਲ ਰਹਿਣ ਦਾ ਕੋਈ ਮਤਲਬ ਨਈਂ। ਮੈਂ ਖ਼ੁਦ ਭਾਵੇਂ ਸਾਲ ਭਰ ਤੋਂ ਕਾਹਲੀ ਪਈ ਹੋਈ ਸੀ, ਦਿਨ ਰਾਤ ਰੋ ਰਹੀ ਸੀੜ ਪਰ ਮੈਂ ਤੁਰਦੀ ਕਿੱਦਾਂ ? ਹੁਣ ਮੌਕਾ ਮਿਲਿਆ ਤਾਂ ਮੈਂ ਤਿਆਰ ਹੋ ਗਈ ਤੁਹਾਡੀ ਤੇ ਆਪਣੀ ਦੋ ਟਿਕਟਾਂ ਮੰਗਵਾ ਲਈਆਂ। ਵਿਚਾਰੇ ਮੇਜਰ ਅਨੂਪ ਸਿੰਘ ਨੂੰ ਮਸੀਂ ਮੌਕਾ ਮਿਲਿਆ 'ਕੱਲੇ ਰਹਿਣ ਦਾ"

"ਮਸੀਂ ਮੌਕਾ ਮਿਲਿਆ ਆਖਰ ਕਿਉਂ ? ਇਸ ਦੀ ਕੋਈ ਵਜ੍ਹਾ ਸੀ ? ਉਹ ਐਦਾਂ ਕਿਉਂ ਚਾਹੁੰਦਾ ਸੀ ? ਮੈਨੂੰ ਮਹਿਸੂਸ ਹੋਇਆ ਉਹ ਬੱਚੇ ਨੂੰ ਵੀ ਮੋਹ ਨਈਂ ਸੀ ਕਰਦਾ" ਕਿਰਨਜੀਤ ਮੁਸਕਰਾ ਪਈ ਤੇ ਬੱਚੇ ਨੂੰ ਚੁੱਕ ਕੇ ਚੁੰਮਣ ਲੱਗੀ, "ਪੂਰੇ ਸੱਤ ਮਹੀਨੇ ਤੋਂ ਮੈਂ ਓਸ ਸ਼ਖ਼ਸ ਦੀ ਗੁੰਡਾਗਰਦੀ ਦੇਖਦੀ ਰਹੀ। ਪਹਿਲਾਂ ਪਹਿਲ ਤਾਂ ਮੈਂ ਸੋਚਦੀ ਰਹੀ ਕਿ ਇਹ ਕਾਇਦੇ ਕਾਨੂੰਨ ਆਰਮੀ ਵਾਲਿਆਂ ਦੇ ਹੁੰਦੇ ਹੋਣਗੇ। ਹੌਲੀ-ਹੌਲੀ ਹੋਰ ਔਰਤਾਂ ਨੂੰ ਮਿਲ-ਵਰਤ ਕੇ ਪਤਾ ਲੱਗਾ ਕਿ ਇਹ ਸਿਰਫ਼ ਅਫ਼ਸਰ ਰੈਂਕ ਦੇ ਈ ਕਰਦੇ ਆ, ਜਵਾਨ ਤਾਂ ਜਵਾਨ ਈ ਰਹਿੰਦੇ ਆ। ਜੋ ਖੁੱਲ੍ਹਾਂ ਹਨ, ਆਪ ਹੁਦਰੀਆਂ ਆਂ, ਇਹ ਸਭ ਅਫ਼ਸਰ ਈ ਕਰਦੇ ਆੜ ਇਨ੍ਹਾਂ ਦੀ ਕੋਈ ਸੀਮਾ ਨਈਂ।"

ਇਸੇ ਸਮੇਂ ਚਾਹ ਵਾਲਾ ਆ ਗਿਆ। ਮੈਂ ਦੋ ਕੱਪ ਫੜੇ। ਕਿਰਨਜੀਤ ਨੇ ਕੱਪ ਫੜ ਕੇ ਬਾਰੀ ਵਿਚਲੇ ਵਾਧਰੇ ਉੱਤੇ ਰੱਖਿਆ ਹੀ ਸੀ ਕਿ ਬੱਚੇ ਨੇ ਕੱਪ ਫੜਨਾ ਚਾਹਿਆ ਤੇ ਕੱਪ ਟੇਡਾ ਹੋ ਗਿਆ। ਚਾਹ ਡੁੱਲ੍ਹ ਗਈ ਤਾਂ ਕਿਰਨਜੀਤ ਬੋਲੀ, "ਓਏ ਡਰਟੀ ਬੁਆਏੜ ਇਹ ਕੀ ਕੀਤਾੜ ਗੰਦਾ ਬੱਚਾ।" ਕਹਿੰਦਿਆਂ ਉਹਨੇ ਕੱਪੜੇ ਨਾਲ ਸਫ਼ਾਈ ਕਰ ਦਿੱਤੀ।

"ਸਹਿਦੇਵ ਜੀ, ਤੁਹਾਡਾ ਇਹ ਫਰੈਂਡ ਦੋ ਸਾਲ ਬੰਦਿਆਂ ਵਾਂਗ ਰਿਹਾੜ ਪੂਰਾ ਆਰਮੀ ਅਫ਼ਸਰ। ਫੇਰ ਸ੍ਰੀਲੰਕਾ ਵਾਲੇ ਐਕਸ਼ਨ 'ਤੇ ਗਿਆੜ ਤਿੰਨ ਮਹੀਨੇ ਲਾ ਕੇ ਆਇਆੜ ਬਹਾਦਰੀ ਦਿਖਾ ਕੇ ਮੁੜੇ ਸੀ, ਪ੍ਰਮੋਸ਼ਨ ਹੋ ਗਈ, ਰੈਂਕ ਬਦਲ ਗਿਆ, ਕਈ ਤਰ੍ਹਾਂ ਦੇ ਜਸ਼ਨ ਹੋਏ। ਉਦੋਂ ਹੀ ਇਹ ਢਿੱਲੋਂ ਫੈਮਲੀ ਗੋਆ ਤੋਂ ਆ ਗਈ ਤੇ ਦਿਨਾਂ ਵਿੱਚ ਹੀ ਪੰਜਾਬੀ ਫੈਮਲੀ ਹੋਣ ਕਰਕੇ ਤੇ ਦੂਜਾ ਫੈਮਲੀ-ਕੁਆਰਟਰਾਂ ਵਿੱਚ ਆਉਣ ਕਰਕੇ ਉਨ੍ਹਾਂ ਨਾਲ ਨੇੜਤਾ ਵਧ ਗਈ। ਮੇਜਰ ਢਿੱਲੋਂ ਦੀਆਂ ਤਿੰਨੋਂ ਡੌਟਰਜ਼ ਇੱਕ-ਦੂਜੀ ਤੋਂ ਵਧ ਕੇ। ਮੈਂ ਪਹਿਲਾਂ ਤਾਂ ਬਹੁਤਾ ਧਿਆਨ ਨਈਂ ਦਿੱਤਾ ਤੇ ਜਦੋਂ ਧਿਆਨ ਗਿਆ ਤਾਂ ਪਾਣੀ ਨੱਕ ਤੱਕ ਪਹੁੰਚ ਚੁੱਕਾ ਸੀ। ਸਾਰਾ ਕੁਸ਼ ਮੇਰੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਤਾਂ ਘਰ ਵਿੱਚ ਨਿੱਤ ਦਿਹਾੜੀ ਕਲੇਸ਼ ਰਹਿਣ ਲੱਗਾ। ਮੈਂ ਸੱਸ ਤੇ ਸਹੁਰੇ ਨੂੰ ਪੰਜਾਬ ਫੋਨ ਕੀਤਾੜ ਦੋ ਤਿੰਨ ਵਾਰ। ਸੱਸ ਸਾਹਿਬਾਂ ਮਜ਼ਾਕ ਕਰਨ। ਕਿਸੇ ਨੇ ਵੀ ਅਨੂਪ ਨੂੰ ਸਮਝਾਉਣ ਦੀ ਕੋਸ਼ਿਸ਼ ਨਈਂ ਕੀਤੀ। ਢਿੱਲੋਂ ਦੀ ਵੱਡੀ ਧੀ ਡੌਲੀ ਤਾਂ ਸ਼ਰੇਆਮ ਘਰ ਆਉਣ ਲੱਗੀ ਅਨੂਪ ਕੋਲ ਪੜ੍ਹਨ ਦੇ ਬਹਾਨੇ। ਦੋ-ਦੋ ਘੰਟੇ ਏਥੇ ਈ ਬੈਠੀ ਰਹਿੰਦੀ। ਆਖਰ ਮੈਂ ਗੱਲ ਮੁਕਾ ਦਿੱਤੀੜ ਕਿੰਨਾ ਕੁ ਚਿਰ ਸਹਾਰਦੀ ਇਹ ਤਸ਼ੱਦਦ ? ਮੈਂ ਕੋਈ ਅਨਪੜ੍ਹ ਜਾਂ ਮਾਲ ਢਾਂਡਾ ਤਾਂ ਹੈ ਨਈਂ ਸੀ। ਸਹਿਦੇਵ ਜੀ, ਮੈਂ ਤਾਂ ਤੁਹਾਡੇ ਆਉਣ ਕਰਕੇ ਰੁਕ ਗਈ। ਨਈਂ ਮੈਂ ਤਾਂ ਲਾਸਟ ਵੀਕ ਤੁਰ ਜਾਣਾ ਸੀ। ਇੱਕ ਫੈਮਲੀ ਨੇ ਜੰਮੂ ਜਾਣਾ ਸੀ। ਮੈਂ ਉਸ ਨਾਲ ਤਿਆਰ ਸੀ।" ਇਸੇ ਸਮੇਂ ਪਹਿਲਾਂ ਗੱਡੀ ਹੌਲੀ ਹੋਈ ਤੇ ਫਿਰ ਸਟੇਸ਼ਨ 'ਤੇ ਰੁਕ ਗਈ। ਇਸੇ ਸਮੇਂ ਰਾਤ ਦਾ ਖਾਣਾ ਆ ਗਿਆ। ਖਾਣਾ ਖਾ ਕੇ ਮੈਂ ਸੀਟ ਬਦਲ ਲਈ ਤੇ ਉਪਰ ਜਾ ਕੇ ਲੰਮਾ ਪੈ ਗਿਆ। ਕਿਤਾਬ ਪੜ੍ਹਦਾ ਮੈਂ ਸੌਂ ਗਿਆ। ਰਾਤ ਨੂੰ ਜਿੱਥੇ ਵੀ ਗੱਡੀ ਰੁਕਦੀ ਮੈਂ ਜਾਗ ਪੈਂਦਾ। ਦੋ ਵਾਰ ਮੈਂ ਥੱਲੇ ਵੀ ਉਤਰਿਆ। ਇੱਕ ਸਟੇਸ਼ਨ 'ਤੇ ਮੈਂ ਪਾਣੀ ਦੀ ਬੋਤਲ ਖਰੀਦੀ ਤੇ ਰੱਜ ਕੇ ਪਾਣੀ ਪੀਤਾ। ਇੱਥੇ ਹੀ ਮੈਂ ਚਾਹ ਵੀ ਪੀਤੀ। ਅੰਦਰ ਆ ਕੇ ਪਿਆ ਹੀ ਸੀ ਕਿ ਗੱਡੀ ਤੁਰ ਪਈ ਤੇ ਮੈਂ ਕਿਤਾਬ ਪੜ੍ਹਨ ਲੱਗਾ।

"ਉਠ ਜਾਵੋ ਸਹਿਦੇਵ ਜੀ, ਆਪਾਂ ਪਟਨੇ ਖੜ੍ਹੇ ਆਂ। ਉਠੋ ਤੇ ਕਲਗੀਧਰ ਮਹਾਰਾਜ ਨੂੰ ਯਾਦ ਕਰ ਲਓ। ਬੇਟਾ ਤੁਹਾਨੂੰ ਕਈ ਵਾਰੀ ਯਾਦ ਕਰ ਚੁੱਕਾ ਅੰਕੇ ਅੰਕੇੜ ਕਹਿੰਦਾ।"

"ਵਾਹ ਜੀ ਵਾਹ, ਕਲਗੀਧਰ ਦੀਆਂ ਕਿਆ ਰੀਸਾਂ।" ਕਹਿੰਦਾ ਹੋਇਆ ਮੈਂ ਉੱਠ ਕੇ ਬੈਠ ਗਿਆ ਤੇ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਸਿਰ ਨਿਵਾਇਆ। "ਗੁਰੂ ਗੋਬਿੰਦ ਸਿੰਘ ਤੇ ਬੰਦਾ ਬਹਾਦਰ, ਸਾਰੀ ਕੌਮ 'ਚ ਉਨ੍ਹਾਂ ਜਿਹਾ ਮੁੜ ਨੀ ਕੋਈ ਜੰਮਿਆ।" ਕਹਿ ਕੇ ਮੈਂ ਹੇਠਾਂ ਉਤਰ ਆਇਆ ਤੇ ਬਾਥਰੂਮ ਚਲਾ ਗਿਆ। ਮੁੜਿਆ ਤਾਂ ਕਿਰਨਜੀਤ ਚਾਹ ਤੇ ਟੋਸਟ ਲੈ ਕੇ ਬੈਠੀ ਸੀ। ਬੱਚਾ ਫਰਸ਼ 'ਤੇ ਖੇਡ ਰਿਹਾ ਸੀ। "ਹੈਲੋ ਬੇਟਾ, ਗੁੱਡ ਮਾਰਨਿੰਗ ਗੁੱਡ ਮਾਰਨਿੰਗੜ" ਮੈਂ ਉਹਦੇ ਮੂੰਹ ਨੂੰ ਪਲੋਸਿਆ। ਕਿਰਨਜੀਤ ਨੇ ਚਾਹ ਵਾਲੀ ਟਰੇਅ ਮੇਰੇ ਅੱਗੇ ਕੀਤੀ, "ਚਾਹ ਤੁਸੀਂ ਈ ਪੀਣੀ ਆ। ਮੈਂ ਤਾਂ ਦੋ ਵਾਰੀ ਪੀ ਲਈ। ਪਹਿਲਾਂ ਸੱਤ ਵਜੇ ਫਿਰ ਸਾਢੇ ਨੌਂ ਵਜੇ।" ਕਹਿੰਦੀ ਹੋਈ ਕਿਰਨਜੀਤ ਇੱਕ ਫਾਈਲ ਫਰੋਲਣ ਲੱਗੀ।

"ਇਹ ਕੀ ਆ ਬਈ ? ਕੋਈ ਜ਼ਮੀਨ ਦੇ ਕਾਗਜ਼ ਆ ?" "ਹਾਂ ! ੜਇਹ ਮੇਰੀ ਜ਼ਮੀਨ ਦੇ ਕਾਗਜ਼ ਆ ਜਿਹੜੀ ਤਿੰਨ ਸਾਲ ਪਹਿਲਾਂ ਇੱਕ ਵਾਹੀਕਾਰ ਨੂੰ ਠੇਕੇ 'ਤੇ ਦਿੱਤੀ ਸੀੜ ਹੁਣ ਉਹਨੇ ਹੱਥ ਖੜ੍ਹੇ ਕਰ ਦਿੱਤੇੜ," ਬੜੀ ਗੰਭੀਰਤਾ ਤੇ ਸਹਿਜਤਾ ਨਾਲ ਕਿਰਨਜੀਤ ਨੇ ਕਿਹਾ।

ਉਹਦੀ ਗੱਲ ਮੇਰੇ ਪੱਲੇ ਨਹੀਂ ਪਈ। ਹੋ ਸਕਦਾ ਪਟਿਆਲੇ ਨੇੜੇ ਪਿੰਡ ਵਿੱਚ ਥੋੜ੍ਹੀ-ਬਹੁਤੀ ਜ਼ਮੀਨ ਹੋਵੇ ਤੇ ਉਹਦੀ ਲਿਖਤ-ਪੜ੍ਹਤ ਦੇ ਕਾਗਜ਼ ਹੋਣ। ਮੈਂ ਤਾਂ ਉਦੋਂ ਤ੍ਰਬਕਿਆ ਜਦੋਂ ਕਿਰਨਜੀਤ ਨੇ ਕਿਹਾ, "ਮੇਰੀ ਜ਼ਿੰਦਗੀ ਉਜਾੜ ਕੇ ਰੱਖ ਦਿੱਤੀੜ ਵਾਹੀਕਾਰ ਅਨੂਪ ਨੇ ਹੁਣ ਹੱਥ ਖੜ੍ਹੇ ਕਰ ਦਿੱਤੇ ਲਓ ਦੇਖ ਲਓ ਜ਼ਮੀਨ ਦੇ ਕਾਗਜ਼ੜ" ਕਹਿੰਦੀ ਹੋਈ ਨੇ ਫਾਈਲ ਮੇਰੇ ਪੱਟਾਂ 'ਤੇ ਰੱਖ ਦਿੱਤੀ।

ਮੈਂ ਚਾਹ ਪੀ ਕੇ ਕੱਪ ਰੱਖਿਆ ਤੇ ਟਰੇਅ ਇੱਕ ਪਾਸੇ ਰੱਖ ਕੇ ਫਾਈਲ ਦੇ ਕਾਗਜ਼ ਫਰੋਲਣ ਲੱਗਾ। ਮੂਹਰੇ ਕਿਰਨਜੀਤ ਦੇ ਸਰਟੀਫਿਕੇਟ, ਬੀ.ਏ. ਦੀ, ਐਮ.ਏ. ਦੀ ਡਿਗਰੀ, ਫ਼ੋਟੋ ਸਟੇਟ ਤੇ ਫਿਰ ਪੂਰੇ ਅਸ਼ਟਾਮ, ਮੋਹਰਾਂ ਲੱਗੇ ਪੱਕੇ ਕਾਗਜ਼, ਅਨੂਪ ਸਿੰਘ ਦੀ ਫੋਟੋ, ਕਿਰਨਜੀਤ ਦੀ ਫੋਟੋੜ ਇਹ ਆਪਸੀ ਸਹਿਮਤੀ ਨਾਲ ਤਲਾਕ ਦੇ ਕਾਗਜ਼ ਸਨ। ਬੱਚੇ ਬਾਰੇ ਵੀ ਸਾਫ਼ ਲਿਖਿਆ ਸੀ ਕਿ ਬੱਚਾ ਮਾਂ ਕੋਲ ਰਹੇਗਾ। ਇਸ ਸਮੇਂ ਗੱਡੀ ਚੱਲ ਪਈ। ਮੈਂ ਸੋਚਾਂ ਵਿੱਚ ਪਿਆ ਬੁਰੀ ਤਰ੍ਹਾਂ ਹਿੱਲ ਗਿਆ ਸੀ। ਮੈਨੂੰ ਨਹੀਂ ਸੀ ਪਤਾ ਅਨੂਪ ਨੇ ਇਹ ਫ਼ੈਸਲਾ ਕਿਉਂ ਲਿਆ ਸੀ। ਕਿਰਨਜੀਤ ਨੇ ਆਪਣੀ ਜ਼ਿੰਦਗੀ ਬਾਰੇ ਕੀ ਸੋਚ ਕੇ ਕਾਗਜ਼ਾਂ ਉਪਰ ਦਸਤਖ਼ਤ ਕੀਤੇ ਸਨ। ਉਹ ਤਾਂ ਪਹਿਲਾਂ ਹੀ ਬਹੁਤ ਦੁਖੀ ਸੀ।

ਉਨ੍ਹਾਂ ਦੇ ਵਿਆਹ ਤੋਂ ਪੰਜ ਮਹੀਨੇ ਬਾਅਦ ਕਿਰਨਜੀਤ ਦਾ ਪਿਤਾ ਇੱਕ ਬੱਸ ਹਾਦਸੇ ਵਿੱਚ ਮਾਰਿਆ ਗਿਆ ਸੀ ਤੇ ਮਾਂ ਜ਼ਖ਼ਮੀ ਹਾਲਤ ਵਿੱਚ ਦਸ ਦਿਨ ਹਸਪਤਾਲ ਰਹੀ ਤੇ ਅਖੀਰ ਉਹ ਵੀ ਚੱਲ ਵਸੀ ਸੀ। ਹੁਣ ਕਿਰਨਜੀਤ ਦਾ ਵੱਡਾ ਭਰਾ ਪਟਿਆਲੇ ਵਾਲਾ ਘਰ ਵੇਚ ਕੇ ਪੱਕੇ ਤੌਰ 'ਤੇ ਮਲੋਟ ਰਹਿਣ ਲੱਗ ਪਿਆ ਸੀ, ਜਿੱਥੇ ਉਹ ਇੱਕ ਸਰਕਾਰੀ ਸਕੂਲ ਵਿੱਚ ਪ੍ਰਿੰਸੀਪਲ ਲੱਗਾ ਹੋਇਆ ਸੀ। ਉਹਦੀ ਪਤਨੀ ਕਿਉਂਕਿ ਮਲੋਟ ਤੋਂ ਸੀ ਤੇ ਉਹ ਉੱਥੇ ਹੀ ਪ੍ਰਾਈਵੇਟ ਕਾਲਜ 'ਚ ਲੈਕਚਰਾਰ ਸੀ। ਉਨ੍ਹਾਂ ਦੇ ਦੋ ਬੱਚੇ ਸਨ।

ਕੌਮੀ ਪਤ੍ਰਿਕਾ

# ਸਰਕਾਰੀ ਸਕੂਲ ਵਿੱਚ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ




ਪ੍ਰਦਰਸ਼ਨੀ ਮੌਕੇ ਜੇਤੂਆਂ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਸੁਧੀਰ ਕੁਮਾਰ ਤੇ ਹੋਰ।

**ਦੇਵੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪ੍ਰਿੰਸੀਪਲ ਸੁਧੀਰ ਕੁਮਾਰ ਦੀ ਅਗਵਾਈ ਹੇਠ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਲਗਾਈ ਗਈ। ਪ੍ਰਦਰਸ਼ਨੀ ਵਿੱਚ ਬਲਾਕ ਵਿੱਚ ਪੈਂਦੇ 16 ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਦੌਰਾਨ ਜੱਜ ਦੀ ਭੂਮਿਕਾ ਡਾ. ਸਲਿੰਦਰ ਸਿੰਘ, ਅਮਰਦੀਪ ਸਿੰਘ, ਜੈ ਸਿੰਘ ਅਤੇ ਵਿਜੇ ਕੁਮਾਰ ਨੇ ਨਿਭਾਈ। ਸਾਇੰਸ ਪ੍ਰਦਰਸ਼ਨੀ ਵਿੱਚ ਵੰਸ਼ਿਕਾ ਸਰਕਾਰੀ ਹਾਈ ਸਕੂਲ ਦੁਧਨਸਾਧਾਂ ਨੇ ਪਹਿਲਾ ਸਥਾਨ, ਹਰਮਨ ਸਿੰਘ ਸਰਕਾਰੀ ਮਿਡਲ ਸਕੂਲ ਰੋਹੜ ਜਗੀਰ ਨੇ ਦੂਜਾ ਸਥਾਨ ਅਤੇ ਲਵਨੀਸ਼ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਸ਼ੀਂਗਣ ਨੇ ਤੀਜਾ ਸਥਾਨ ਹਾਸਲ ਕੀਤਾ। ਨੌਵੀਂ ਤੋਂ ਬਾਰ੍ਹਵੀਂ ਤੱਕ ਦੀ ਸਾਇੰਸ ਪ੍ਰਦਰਸ਼ਨੀ ਵਿੱਚ ਸਿਮਰਨਜੀਤ ਕੌਰ ਸਰਕਾਰੀ ਹਾਈ ਸਕੂਲ ਚਿੜਵਾ ਨੇ ਪਹਿਲਾ ਸਥਾਨ, ਰਾਜਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਸ਼ੀਂਗਣ ਅਤੇ ਪਰਨੀਤ ਕੌਰ ਸਰਕਾਰੀ ਹਾਈ ਸਕੂਲ ਦੁਧਨਸਾਧਾਂ ਨੇ ਦੂਜਾ ਸਥਾਨ ਅਤੇ ਚੰਦਰ ਮੋਹਨ ਸ਼ਰਮਾ ਪੀਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਇੱਕੋ ਕਲੱਬ ਅਧੀਨ ਬਲਾਕ ਪੱਧਰ 'ਤੇ ਬੈਸਟ ਆਊਟ ਆਫ ਵੇਸਟ, ਸਲੋਗਨ ਰਾਈਟਿੰਗ, ਪੋਸਟਰ ਮੇਕਿੰਗ ਅਤੇ ਲੇਖ ਮੁਕਾਬਲੇ ਵੀ ਕਰਵਾਏ ਗਏ।

ਇਸ ਮੌਕੇ ਅਧਿਆਪਕ ਅਮਰ ਸਿੰਘ, ਮਨੀਸ਼ ਰਾਜ, ਸੁਰਿੰਦਰ ਸਿੰਘ, ਲਵਪ੍ਰੀਤ ਸਿੰਘ, ਰਵਿੰਦਰ ਸਿੰਘ ਸੈਣੀ, ਭੁਪਿੰਦਰ ਕੌਰ, ਜਤਿੰਦਰ ਕੌਰ ਤੇ ਵਿਜੇ ਕੁਮਾਰ ਆਦਿ ਹਾਜ਼ਰ ਸਨ।

# ਡੱਲੇਵਾਲ ਦਾ ਮਰਨ ਵਰਤ 50 ਦਿਨ ਪਾਰ; ਹਾਲਤ ਚਿੰਤਾਜਨਕ; ਡਾਕਟਰਾਂ ਦੀ ਟੀਮ ਨੇ ਮੁੜ ਲਏ ਖ਼ੂਨ ਦੇ ਸੈਂਪਲ

**ਪਟਿਆਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮਨਵਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵੱਲੋਂ ਢਾਬੀਗੁੱਜਰਾਂ ਬਾਰਡਰ 'ਤੇ ਮਰਨ ਵਰਤ ਜਾਰੀ ਹੈ ਤੇ ਉਨ੍ਹਾਂ ਨੂੰ ਮਰਨ ਵਰਤ 'ਤੇ ਬੈਠਿਆਂ ਅੱਜ 50 ਦਿਨ ਬੀਤ ਗਏ ਹਨ। ਇਸ ਦੌਰਾਨ ਉਨ੍ਹਾਂ ਅਨਾਜ ਦਾ ਇਕ ਦਾਣਾ ਵੀ ਨਹੀਂ ਖਾਧਾ ਤੇ ਸਿਰਫ਼ ਪਾਣੀ ਹੀ ਪੀਂਦੇ ਆ ਰਹੇ ਹਨ ਪਰ ਹੁਣ ਪਾਣੀ ਵੀ ਖਪਣਾ ਬੰਦ ਹੋ ਗਿਆ ਹੈ। ਉਨ੍ਹਾਂ ਨੂੰ ਜੇਕਰ ਚਮਚ ਨਾਲ ਪਾਣੀ ਵੀ ਦਿੱਤਾ ਜਾਂਦਾ ਹੈ ਤਾਂ ਬਾਹਰ ਆ ਜਾਂਦਾ ਹੈ। ਡਾਕਟਰਾਂ ਮੁਤਾਬਕ 48 ਘੰਟਿਆਂ ਤੋਂ ਉਨ੍ਹਾਂ ਅੰਦਰ ਪਾਣੀ ਦੀ ਇਕ ਬੂੰਦ ਵੀ ਨਹੀਂ ਗਈ ਹੈ ਜਿਸ ਕਾਰਨ ਹੁਣ ਉਨ੍ਹਾਂ ਦੀ ਸਥਿਤੀ ਨਾਜ਼ੁਕ ਬਣ ਰਹੀ ਹੈ। ਉੱਧਰ, ਪਟਿਆਲਾ ਤੋਂ ਗਈ ਮਾਹਿਰ ਡਾਕਟਰਾਂ ਦੀ ਟੀਮ ਨੇ ਵੀ ਖ਼ੂਨ ਦੇ ਸੈਂਪਲ ਲੈਣ ਅਤੇ ਸਿਹਤ ਜਾਂਚ ਕਰਦਿਆਂ ਕਿਸਾਨ ਨੇਤਾ ਨੂੰ ਪੰਜਾਬ ਸਰਕਾਰ ਵੱਲੋਂ ਮੁੜ ਟਰੀਟਮੈਂਟ ਜਾਂ ਕੋਈ ਹਲਕੀ ਮੈਡੀਕਲ ਡੋਜ਼ ਲੈਣ ਦੀ ਅਪੀਲ ਕੀਤੀ ਪਰ ਸ੍ਰੀ ਡੱਲੇਵਾਲ ਨੇ ਇਨਕਾਰ ਕਰ ਦਿੱਤਾ। ਕਿਸਾਨ ਆਗੂ ਸ੍ਰੀ ਡੱਲੇਵਾਲ ਦੀ ਨਿਗਰਾਨੀ ਕਰ ਰਹੇ ਡਾਕਟਰਾਂ 'ਚ ਸ਼ਾਮਲ ਡਾ. ਅਵਤਾਰ ਸਿੰਘ ਦਾ ਕਹਿਣਾ ਹੈ ਕਿ ਲਗਾਤਾਰ ਭੁੱਖੇ ਰਹਿਣ ਕਾਰਨ ਉਨ੍ਹਾਂ ਦਾ ਮਾਸ ਖਤਮ ਹੀ ਹੁੰਦਾ ਜਾ ਰਿਹਾ ਹੈ। ਪੁੜਪੜੀਆਂ 'ਚ ਟੋਏ ਪੈ ਗਏ ਹਨ ਤੇ ਅੱਖਾਂ ਵੀ ਧਸ ਗਈਆਂ ਹਨ। ਹੁਣ ਤਾਂ ਉਹ ਉਠਾਉਣ ਮੌਕੇ ਟੀਮ ਦੇ ਹੱਥਾਂ ਦੀ ਵੀ ਤਕਲੀਫ਼ ਮੰਨਣ ਲੱਗੇ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਸਰੀਰ 'ਚ 0.02 ਤੋਂ 0.27 ਵਿਚਕਾਰ ਹੋਣ ਵਾਲੇ ਕੇਟੀਨ ਦੀ ਮਾਤਰਾ ਸਾਢੇ ਛੇ ਤੋਂ ਵੀ ਉੱਪਰ ਚੱਲ ਰਹੀ ਹੈ ਤੇ ਇਹ ਸਥਿਤੀ ਉਦੋਂ ਬਣਦੀ ਹੈ ਜਦੋਂ ਸਰੀਰ ਹੀ ਸਰੀਰ ਨੂੰ ਖਾਣ ਲੱਗੇ। ਇਸੇ ਤਰ੍ਹਾਂ ਉਨ੍ਹਾਂ ਦਾ ਯੂਰਿਕ ਐਸਿਡ ਅਤੇ ਬਿਲੀਰੂਬਿਨ ਆਮ ਹਾਲਾਤ ਦੇ ਮੁਕਾਬਲੇ ਚਾਰ ਗੁਣਾਂ ਵੱਧ, ਬੀਪੀ ਤੇ ਪ੍ਰੋਟੀਨ ਆਮ ਨਾਲੋਂ ਕਾਫ਼ੀ ਘੱਟ ਰਹਿ ਰਿਹਾ ਹੈ।

ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ-ਮਜ਼ਦੂਰ ਮੋਰਚਾ ਦੀ ਅਗਵਾਈ ਹੇਠ 111 ਕਿਸਾਨਾਂ ਦਾ ਵੱਡਾ ਜਥਾ ਅੱਜ ਮਰਨ ਵਰਤ ਸ਼ੁਰੂ ਕਰੇਗਾ। ਕਿਸਾਨਾਂ ਦਾ ਇਹ ਜਥਾ ਢਾਬੀਗੁੱਜਰਾਂ ਬਾਰਡਰ 'ਤੇ ਹੀ ਹਰਿਆਣਾ ਪੁਲੀਸ ਵੱਲੋਂ ਕੀਤੀ ਗਈ ਬੈਰੀਕੇਡਿੰਗ ਕੋਲ ਸ਼ਾਂਤਮਈ ਧਰਨਾ ਦਿੰਦਿਆਂ ਬਾਅਦ ਦੁਪਹਿਰ 2 ਵਜੇ ਆਪਣਾ ਮਰਨ ਵਰਤ ਸ਼ੁਰੂ ਕਰੇਗਾ। ਇਹ ਐਲਾਨ ਅੱਜ ਢਾਬੀਗੁੱਜਰਾਂ ਬਾਰਡਰ 'ਤੇ ਕਾਕਾ ਸਿੰਘ ਕੋਟੜਾ, ਅਭਿਮੰਨਿਊ ਕੋਹਾੜ ਨੇ ਕੀਤਾ ਜਿਸ ਦੌਰਾਨ ਸੁਖਜੀਤ ਹਰਦੋਝੰਡੇ, ਸੁਰਜੀਤ ਫੂਲ, ਇੰਦਰਜੀਤ ਕੋਟਬੁੱਢੇ, ਦਿਲਬਾਗ ਹਰੀਗੜ੍ਹ, ਜਰਨੈਲ ਚਹਿਲ, ਲਖਵਿੰਦਰ ਔਲਖ, ਮਨਜੀਤ ਨਿਆਲ, ਬਲਦੇਵ ਸਿਰਸਾ ਤੇ ਕਈ ਹੋਰ ਕਿਸਾਨ ਆਗੂ ਵੀ ਮੌਜੂਦ ਸਨ। ਸ੍ਰੀ ਕੋਟੜਾ ਨੇ ਸਪਸ਼ਟ ਕੀਤਾ ਕਿ ਇਹ ਭੁੱਖ ਹੜਤਾਲ ਨਾ ਹੋ ਕੇ ਮਰਨ ਵਰਤ ਹੈ।



ਕਿਸਾਨਾਂ ਦੇ ਸਮੂਹਿਕ ਮਰਨ ਵਰਤ ਦੀ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ।

ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਸ੍ਰੀ ਡੱਲੇਵਾਲ ਨੂੰ ਵੀ ਮਰਨ ਵਰਤ ਉਦੋਂ ਰੱਖਣਾ ਪਿਆ, ਜਦੋਂ ਸਰਕਾਰ ਨੇ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰ ਰੱਖਿਆ ਸੀ ਤੇ ਹੁਣ 111 ਕਿਸਾਨਾਂ ਨੂੰ ਵੀ ਮਰਨ ਵਰਤ 'ਤੇ ਬੈਠਣਾ ਪੈ ਰਿਹਾ ਹੈ। ਕਿਸਾਨ ਆਗੂ ਯਾਦਵਿੰਦਰ ਬੁਰੜ ਦਾ ਕਹਿਣਾ ਸੀ ਕਿ ਸ੍ਰੀ ਡੱਲੇਵਾਲ ਨੇ ਸਾਰਿਆਂ 'ਚ ਉਤਸ਼ਾਹ ਭਰਿਆ ਹੈ ਕਿ ਹਜ਼ਾਰਾਂ ਕਿਸਾਨ ਮਰਨ ਲਈ ਤਿਆਰ ਹਨ।

ਸੁਖਜੀਤ ਸਿੰਘ ਹਰਦੋਝੰਡੇ, ਕਿਸਾਨ ਆਗੂ ਜਰਨੈਲ ਚਹਿਲ, ਗੁਰਿੰਦਰ ਭੰਗੂ ਦਾ ਕਹਿਣਾ ਸੀ ਕਿ ਕਿਸਾਨਾਂ, ਖ਼ਾਸ ਕਰਕੇ ਬੀਬੀਆਂ ਵੱਲੋਂ ਸਿਮਰਨ ਕਰਦਿਆਂ ਸ੍ਰੀ ਡੱਲੇਵਾਲ ਦੀ ਸਿਹਤਯਾਬੀ ਲਈ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ। ਦਿਲਬਾਗ ਸਿੰਘ ਹਰੀਗੜ੍ਹ, ਮਨਜੀਤ ਨਿਆਲ, ਇੰਦਰਜੀਤ ਕੋਟਬੁੱਢਾ ਤੇ ਯਾਦਵਿੰਦਰ ਬੁਰੜ, ਕਾਕਾ ਸਿੰਘ ਕੋਟੜਾ ਤੇ ਅਭਿਮੰਨਿਊ ਕੋਹਾੜ ਨੇ ਕਿਹਾ ਕਿ ਕਿਸਾਨਾਂ ਵਿਚ ਰੋਸ ਵਧ ਰਿਹਾ ਹੈ। ਪਾਤੜਾਂ ਦੇ ਐੱਸਡੀਐੱਮ ਅਸ਼ੋਕ ਕੁਮਾਰ ਨੇ ਦੱਸਿਆ ਕਿ ਅੱਜ ਵੀ ਡਾਕਟਰਾਂ ਦੀ ਟੀਮ ਨੇ ਖ਼ੂਨ ਦੇ ਸੈਂਪਲ ਲਏ ਹਨ, ਜਿਨ੍ਹਾਂ ਦੀਆਂ ਰਿਪੋਰਟਾਂ 15 ਅਤੇ 16 ਜਨਵਰੀ ਨੂੰ ਆਉਣਗੀਆਂ।

# ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦਾ ਵਿਕਾਸ ਕਰਾਂਗੇ: ਧੰਜੂ

**ਦੇਵੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਪੰਚਾਇਤ ਦੇਵੀਗੜ੍ਹ ਦੀ ਨਵ-ਨਿਯੁਕਤ ਪ੍ਰਧਾਨ ਸ਼ਿਵੰਦਰ ਕੌਰ ਧੰਜੂ ਨੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਸਮੂਹ ਕੌਂਸਲਰਾਂ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਅਧੀਨ ਆਉਂਦੇ ਸਾਰੇ ਪਿੰਡਾਂ ਦਾ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਰਿਕਾਰਡ ਤੋੜ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਧਾਇਕ ਪਠਾਣਮਾਜਰਾ ਨੇ ਇਸ ਨਗਰ ਪੰਚਾਇਤ ਨੂੰ ਬਣਾਉਣ ਲਈ ਭਾਰੀ ਮਿਹਨਤ ਕੀਤੀ ਜਿਨ੍ਹਾਂ ਦੀ ਮਿਹਨਤ ਸਦਕਾ ਇਸ ਨਗਰ ਪੰਚਾਇਤ ਨੂੰ ਬਣਾਉਣ ਦੀ ਪ੍ਰਕਿਰਿਆ ਨੇਪਰੇ ਚੜ੍ਹੀ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਸਾਰੇ ਪਿੰਡਾਂ ਵਿੱਚ ਸੀਵਰੇਜ ਦਾ ਕੰਮ ਮੁਕੰਮਲ ਕੀਤਾ ਜਾਵੇਗਾ।

# ਢਾਬੀ ਗੁੱਜਰਾਂ ਬਾਰਡਰ 'ਤੇ ਡੱਲੇਵਾਲ ਦੀਆਂ ਤਿੰਨ ਪੀੜ੍ਹੀਆਂ ਡਟੀਆਂ



ਮੋਰਚੇ 'ਚ ਡੱਲੇਵਾਲ ਦੇ ਪਰਿਵਾਰਕ ਮੈਂਬਰ ਹੋਣ ?ਕਾਰਨ ਘਰ ਦੇ ਗੇਟ 'ਤੇ ਲੱਗਾ ਤਾਲਾ।

**ਪਾਤੜਾਂ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕ 'ਚ ਮਰਨ ਵਰਤ 'ਤੇ ਬੈਠਿਆਂ ਜਦੋਂ ਵੀ ਲੋਕਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ ਹੈ ਤਾਂ ਲੋਕਾਂ ਨੇ ਇਕੱਠ ਕਰਨ 'ਚ ਕੋਈ ਕਸਰ ਨਹੀਂ ਛੱਡੀ। ਡੱਲੇਵਾਲ ਨੇ ਜਿਨ੍ਹਾਂ ਦੇ ਲੇਖੇ ਸਾਰੀ ਜ਼ਿੰਦਗੀ ਲਾਈ ਹੈ, ਹੁਣ ਉਨ੍ਹਾਂ ਦੀਆਂ ਦੁਆਵਾਂ ਉਨ੍ਹਾਂ ਨੂੰ ਜੀਵਨ ਦੇਣ ਵਿੱਚ ਸਹਾਈ ਹੋ ਰਹੀਆਂ ਹਨ। ਦੂਸਰੇ ਪਾਸੇ ਪਿੰਡ ਡੱਲੇਵਾਲ ਦੀਆਂ ਗਲੀਆਂ ਵਿੱਚ ਸੁੰਨ ਪੱਸਰੀ ਹੋਈ ਹੈ। ਜਾਣਕਾਰੀ ਅਨੁਸਾਰ ਘਰ ਨੂੰ ਅਕਸਰ ਜਿੰਦਰਾ ਲੱਗਿਆ ਰਹਿੰਦਾ ਹੈ, ਕਿਉਂਕਿ ਤਿੰਨ ਪੀੜ੍ਹੀਆਂ ਜਿਨ੍ਹਾਂ 'ਚ ਡੱਲੇਵਾਲ, ਡੱਲੇਵਾਲ ਦਾ ਪੁੱਤਰ ਅਤੇ ਪੋਤਰਾ ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਡਟੀਆਂ ਹੋਈਆਂ ਹਨ।

ਇੱਥੇ ਪੁੱਜੇ ਪਿੰਡ ਡੱਲੇਵਾਲ ਦੇ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਦਾ ਵੱਡਾ ਭਰਾ ਰਣਜੀਤ ਸਿੰਘ ਇਸੇ ਜਥੇਬੰਦੀ ਦਾ ਹਿੱਸਾ ਸੀ, ਉਨ੍ਹਾਂ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ। ਇਨ੍ਹਾਂ ਦੋਵੇਂ ਭਰਾਵਾਂ ਕੋਲ 40 ਕਿੱਲੇ ਜ਼ਮੀਨ ਸੀ। ਇਹ ਪਰਿਵਾਰ ਮੁੱਢ ਤੋਂ ਹੀ ਅਣਖੀ ਹੈ, ਪਰ ਡੱਲੇਵਾਲ ਨੇ ਹਮੇਸ਼ਾ ਸ਼ਬਦਾਂ ਦੀ ਜੰਗ ਨੂੰ ਵੱਧ ਮਹੱਤਤਾ ਦਿੱਤੀ ਹੈ, ਉਹ ਹੁਣ ਵੀ ਸ਼ਬਦਾਂ ਦੀ ਜੰਗ ਲੜ ਰਹੇ ਹਨ। ਪਿੰਡ ਵਿੱਚ ਉਨ੍ਹਾਂ ਕੋਲੋਂ ਸਧਾਰਨ ਜਿਹਾ ਘਰ ਹੈ ਜਿੱਥੇ ਉਹ ਆਪ, ਉਨ੍ਹਾਂ ਦਾ ਨੂੰਹ ਪੁੱਤਰ ਅਤੇ ਪੋਤਰਾ ਸਕੂਨ ਦੀ ਜ਼ਿੰਦਗੀ ਜਿਉਂਦੇ ਹਨ, ਇਨ੍ਹਾਂ ਕੋਲ ਇੱਕ ਪੁਰਾਣੀ ਜਿਹੀ ਕਾਰ ਅਤੇ ਖੇਤੀ ਦੇ ਸੰਦ ਹਨ, ਜੋ ਇਨ੍ਹਾਂ ਨੇ ਕਿਰਤ ਕਮਾਈ 'ਚੋਂ ਲਏ ਹਨ। ਉਨ੍ਹਾਂ ਦੱਸਿਆ ਹੈ ਕਿ ਜੋ ਪਾਰਟੀ ਫੰਡ ਆਉਂਦਾ ਹੈ ਉਹ ਸਾਰਾ ਜਥੇਬੰਦੀ 'ਤੇ ਹੀ ਲਾ ਦਿੰਦੇ ਹਨ। ਉਨ੍ਹਾਂ ਵੱਲੋਂ ਜਿਸ ਵਿਅਕਤੀ ਨੂੰ ਫੰਡ ਵਰਤਣ ਦੀ ਜ਼ਿਮੇਵਾਰੀ ਦਿੱਤੀ ਜਾਂਦੀ ਹੈ, ਉਸ ਤੋਂ ਅਹੁਦੇਦਾਰਾਂ ਸਾਹਮਣੇ ਪੈਸੇ-ਪੈਸੇ ਦਾ ਹਿਸਾਬ ਲਿਆ ਜਾਂਦਾ ਹੈ।

ਉਨ੍ਹਾਂ ਫੰਡ 'ਤੇ ਕਦੇ ਟੇਕ ਨਹੀਂ ਰੱਖੀਂ, ਜਥੇਬੰਦੀ ਨੂੰ ਚਲਾਉਣ ਲਈ ਉਹ ਕਿਰਤ ਕਮਾਈ 'ਚੋਂ ਵੀ ਪੈਸਾ ਲਾ ਕੇ ਕਦੇ ਚਿਤਾਰਦੇ ਨਹੀਂ। ਪਿੰਡ ਵਾਸੀਆਂ ਨੇ ਕਿਹਾ ਕਿ ਅਜਿਹਾ ਕਿਸਾਨ ਲੀਡਰ ਸ਼ਾਇਦ ਹੀ ਕੋਈ ਹੋਵੇ, ਜੋ ਕਿਰਸਾਨੀ ਤੇ ਮਜ਼ਦੂਰੀ ਨੂੰ ਜਿੰਦਾ ਰੱਖਣ ਦੇ ਨਾਲ ਨਾਲ, ਮਾਵਾਂ ਦੇ ਪੁੱਤਰਾਂ ਤੇ ਭੈਣਾਂ ਤੇ ਭਰਾਵਾਂ ਨੂੰ ਕੁਰਬਾਨੀ ਲਈ ਝੋਕਣ ਦੀ ਥਾਂ ਆਪਾ ਕੁਰਬਾਨ ਕਰਨ ਲਈ ਮਰਨ ਵਰਤ 'ਤੇ ਬੈਠਾ ਹੈ। ਪਰਮਾਤਮਾ ਉਨ੍ਹਾਂ ਦੀ ਉਮਰ ਲੰਮੀ ਕਰੇ। ਪਿਛਲੇ ਮਹੀਨੇ ਬਾਰਡਰ 'ਤੇ ਆਇਆ ਬਚਪਨ ਦਾ ਦੋਸਤ ਸਾਬਕਾ ਫੌਜੀ ਸੁਖਦੇਵ ਸਿੰਘ ਮਿਲਕੇ ਭਾਵੁਕ ਹੋ ਗਿਆ।

ਇਸ ਦੌਰਾਨ ਉਨ੍ਹਾਂ ਦੱਸਿਆ ਕਿ ਕਾਲਜ ਦੇ ਦਿਨਾਂ ਵਿੱਚ ਡੱਲੇਵਾਲ ਨੇ ਕਾਲਜ ਦੇ ਪਿੱਛੋਂ ਦੀ ਲੰਘਦੀ ਰੇਲ ਗੱਡੀ ਜੋ ਵਿਦਿਆਰਥੀਆਂ ਨੂੰ ਨਹੀਂ ਸੀ ਉਤਾਰਦੀ। ਵਿਦਿਆਰਥੀਆਂ ਦੀ ਸਹੂਲਤ ਵਾਸਤੇ ਡੱਲੇਵਾਲ ਨੇ ਰੇਲਵੇ ਟਰੈਕ ਉੱਤੇ ਧਰਨਾ ਸ਼ੁਰੂ ਕਰ ਦਿੱਤਾ। ਇਹ ਧਰਨਾ ਉਦੋਂ ਤੱਕ ਚੱਲਿਆ ਜਦੋਂ ਤੱਕ ਰੇਲਵੇ ਵਿਭਾਗ ਨੇ ਰੇਲ ਰੋਕਣ ਦੇ ਹੁਕਮ ਜਾਰੀ ਕਰਕੇ ਸਟੇਸ਼ਨ ਨਹੀਂ ਬਣਾਇਆ। ਉਨ੍ਹਾਂ ਸਪਸ਼ਟ ਕੀਤਾ ਕਿ ਹੁਣ ਉਨ੍ਹਾਂ ਨੂੰ ਆਪਣਾ ਕੋਈ ਵੀ ਨਹੀਂ ਮੋੜ ਸਕਦਾ ਤੇ ਬਸ ਕੇਂਦਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਮੋੜ ਸਕਦੀ ਹੈ।

# ਸੂਬੇ 'ਚ ਕਾਨੂੰਨ ਵਿਵਸਥਾ ਬਾਰੇ ਰੰਧਾਵਾ ਵੱਲੋਂ ਰਾਜਪਾਲ ਨਾਲ ਮੁਲਾਕਾਤ

## ਲੋਕ ਸਭਾ ਮੈਂਬਰ ਨੇ ਥਾਣਿਆਂ ਤੇ ਚੌਕੀਆਂ ਦੇ ਬਾਹਰ ਧਮਾਕਿਆਂ 'ਤੇ ਚਿੰਤਾ ਪ੍ਰਗਟਾਈ



ਚੰਡੀਗੜ੍ਹ ਵਿੱਚ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਦੇ ਹੋਏ ਸੁਖਜਿੰਦਰ ਸਿੰਘ ਰੰਧਾਵਾ।

**ਦੇਵੀਗੜ੍ਹ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਤੇ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਅੱਜ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਇੱਥੇ ਮੁਲਾਕਾਤ ਕੀਤੀ। ਸ੍ਰੀ ਰੰਧਾਵਾ ਨੇ ਪੰਜਾਬ ਵਿੱਚ ਲਗਾਤਾਰ ਵਿਗੜ ਰਹੀ ਕਾਨੂੰਨ ਵਿਵਸਥਾ ਅਤੇ ਪੁਲੀਸ ਥਾਣੇ ਤੇ ਚੌਕੀਆਂ ਦੇ ਬਾਹਰ ਹੋ ਰਹੇ ਧਮਾਕਿਆਂ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਅਤੇ ਸੂਬਾ ਸਰਕਾਰ ਤੇ ਪੁਲੀਸ ਪ੍ਰਸ਼ਾਸਨ ਇਸ 'ਤੇ ਨੱਥ ਪਾਉਣ ਵਿੱਚ ਨਾਕਾਮ ਰਹਿ ਰਿਹਾ ਹੈ। ਇਸੇ ਕਰਕੇ ਸੂਬੇ ਦੇ ਲੋਕਾਂ ਦੇ ਮਨਾਂ ਵਿੱਚ ਭੈਅ ਦਾ ਮਾਹੌਲ ਬਣਿਆ ਹੋਇਆ ਹੈ। ਸ੍ਰੀ ਰੰਧਾਵਾ ਨੇ ਕਿਹਾ ਕਿ ਸੂਬੇ ਵਿੱਚ ਫਿਰੌਤੀ ਤੇ ਲੁੱਟ-ਖੋਹ ਦੀਆਂ ਘਟਨਾਵਾਂ ਵੀ ਲਗਾਤਾਰ ਵਧ ਰਹੀਆਂ ਹਨ, ਜਿਸ 'ਤੇ ਨੱਥ ਪਾਉਣ ਲਈ ਪੁਲੀਸ ਨੂੰ ਸਖ਼ਤੀ ਵਰਤਣੀ ਚਾਹੀਦੀ ਹੈ। ਉਨ੍ਹਾਂ ਨੇ ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਵਿੱਚ ਸੁਧਾਰ ਲਈ ਰਾਜਪਾਲ ਤੋਂ ਨਿੱਜੀ ਤੌਰ 'ਤੇ ਦਖ਼ਲ ਦੇਣ ਦੀ ਮੰਗ ਕੀਤੀ। ਰਾਜਪਾਲ ਨੇ ਸ੍ਰੀ ਰੰਧਾਵਾ ਨੂੰ ਭਰੋਸਾ ਦਿਵਾਇਆ ਕਿ ਉਹ ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਨਾਲ ਸੰਪਰਕ ਵਿੱਚ ਹਨ।

# ਪੀਟੀਆਈ ਤੇ ਆਰਟ ਕਰਾਫ਼ਟ ਅਧਿਆਪਕਾਂ ਵੱਲੋਂ ਰੋਸ ਮਾਰਚ

## ਅਮਨ ਅਰੋੜਾ ਦੀ ਕੋਠੀ ਅੱਗੇ ਧਰਨਾ; ਤਨਖ਼ਾਹ 'ਚ ਕਟੌਤੀ ਬੰਦ ਕਰਨ ਦੀ ਮੰਗ

**ਪਟਿਆਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ, ਸੰਗਰੂਰ, ਮਾਨਸਾ ਅਤੇ ਬਰਨਾਲਾ ਜ਼ਿਲ੍ਹਿਆਂ ਦੇ ਪੀਟੀਆਈ ਅਤੇ ਆਰਟ ਕਰਾਫ਼ਟ ਅਧਿਆਪਕਾਂ ਨੇ ਸਥਾਨਕ ਮਾਤਾ ਮੋਦੀ ਪਾਰਕ ਵਿੱਚ ਇਕੱਠ ਮਗਰੋਂ ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਪਟਿਆਲਾ ਦੀ ਅਗਵਾਈ ਹੇਠ ਰੋਸ ਮਾਰਚ ਕੀਤਾ। ਸੂਬਾ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਮਗਰੋਂ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਰਿਹਾਇਸ਼ ਅੱਗੇ ਧਰਨਾ ਦੇ ਕੇ ਤਨਖਾਹ ਕਟੌਤੀ ਬੰਦ ਕਰਨ ਦੀ ਮੰਗ ਨੂੰ ਲੈ ਕੇ ਯਾਦ ਪੱਤਰ ਦਿੱਤਾ। ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵਲੋਂ ਬੀਤੀ 8 ਨਵੰਬਰ ਨੂੰ ਇਕ ਪੱਤਰ ਰਾਹੀਂ ਪੀਟੀਆਈ ਅਤੇ ਆਰਟ ਕਰਾਫਟ ਅਧਿਆਪਕਾਂ ਦੀ ਤਨਖ਼ਾਹ ਰਵਿਜ਼ਨ ਅਤੇ ਰਿਕਵਰੀ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਗਿਆ ਹੈ ਜਿਸ ਨੂੰ ਲੈਕੇ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀਟੀਐਫ) ਵੱਲੋਂ ਲਗਾਤਾਰ ਸੰਘਰਸ਼ ਵਿੱਢਿਆ ਹੋਇਆ ਹੈ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ 16 ਦਸੰਬਰ ਨੂੰ ਜਥੇਬੰਦੀ ਦੇ ਆਗੂਆਂ ਦੀ ਮੀਟਿੰਗ ਉਪਰੰਤ ਸਿੱਖਿਆ ਮੰਤਰੀ ਵਲੋਂ ਇਸ ਫੈਸਲੇ 'ਤੇ ਰੋਕ ਲਗਾਉਣ ਦਾ ਭਰੋਸਾ ਦਿੱਤਾ ਸੀ। ਇਸ ਤੋਂ ਬਾਅਦ 8 ਜਨਵਰੀ ਨੂੰ ਡੀਟੀਐਫ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਬਣੀ ਕੈਬਨਿਟ ਸਬ ਕਮੇਟੀ ਨਾਲ ਹੋਈ ਮੀਟਿੰਗ ਵਿੱਚ ਵੀ ਇਹ ਮਾਮਲਾ ਵਿਚਾਰਨ ਉਪਰੰਤ ਵਿੱਤ ਮੰਤਰੀ ਚੀਮਾ ਨੇ ਮੀਟਿੰਗ ਵਿਚ ਮੌਜੂਦ ਸਕੂਲ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨੂੰ ਇਸ ਮਾਮਲੇ ਵਿਚ ਜਿੱਥੇ ਕਿਸੇ ਤਰ੍ਹਾਂ ਦੀ ਰਿਕਵਰੀ ਜਾਂ ਤਨਖ਼ਾਹ ਰਵਿਜ਼ਨ ਕਰਨ ਤੋਂ ਰੁਕਣ ਹਦਾਇਤ ਕੀਤੀ ਸੀ। ਪ੍ਰਦਰਸ਼ਨਕਾਰੀਆਂ ਨੇ ਇਸ ਮੌਕੇ ਸੂਬਾ ਸਰਕਾਰ ਨੂੰ ਸ਼ਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵੱਲ ਸਮਾਂ ਰਹਿੰਦੇਂ ਧਿਆਨ ਨਾ ਦਿੱਤਾ ਗਿਆ ਤਾਂ ਉਹ ਤਿੱਖਾ ਸੰਘਰਸ਼ ਵਿੱਢਣ ਤੋਂ ਗੁਰੇਜ਼ ਨਹੀਂ ਕਰਨਗੇ। ਇਸ ਮੌਕੇ ਮਹਿੰਦਰ ਸਿੰਘ ਕੌੜਿਆਂਵਾਲੀ, ਰਘਵੀਰ ਸਿੰਘ ਭਵਾਨੀਗੜ੍ਹ, ਸ਼ਿੰਦਰਪਾਲ ਸਿੰਘ ਬਰਨਾਲਾ, ਜਸਵਿੰਦਰ ਸਿੰਘ, ਜੁਗਰਾਜ ਸਿੰਘ, ਲਵਲੀਨ ਸਿੰਘ, ਰਜਿੰਦਰ ਸਿੰਘ, ਸੁਖਵਿੰਦਰ ਗਿਰ,ਅਮਰ ਕੌਰ, ਪਰਮਜੀਤ ਕੌਰ ਅਤੇ ਰਵਿੰਦਰ ਕੌਰ ਮੌਜੂਦ ਸਨ।




ਸੁਨਾਮ ਵਿੱਚ ਅਮਨ ਅਰੋੜਾ ਦੀ ਕੋਠੀ ਅੱਗੇ ਧਰਨਾ ਦਿੰਦੇ ਹੋਏ ਅਧਿਆਪਕ।

# ਜ਼ਿਲ੍ਹਾ ਪ੍ਰਸ਼ਾਸ਼ਨ ਨੇ ਦਾਨ ਸਿੰਘ ਵਾਲਾ ਦੇ ਪੀੜ੍ਹਤ ਪਰਿਵਾਰਾਂ ਦੀ ਕੀਤੀ ਮਾਲੀ ਮੱਦਦ

**ਬਠਿੰਡਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਵਿਖੇ ਬੀਤੇ ਦਿਨੀਂ ਕੁਝ ਘਰਾਂ ਵਿੱਚ ਅੱਗ ਲਗਾਉਣ ਅਤੇ ਭੰਨ-ਤੋੜ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ, ਦੇ ਮੱਦੇਨਜ਼ਰ ਅੱਜ ਉੱਪ ਮੰਡਲ ਮੈਜਿਸਟਰੇਟ ਬਠਿੰਡਾ ਸ. ਬਲਕਰਨ ਸਿੰਘ ਅਤੇ ਕਾਰਜਕਾਰੀ ਸਕੱਤਰ ਰੈੱਡ ਕਰਾਸ ਸ੍ਰੀ ਦਰਸਨ ਕੁਮਾਰ ਵੱਲੋਂ ਦੌਰਾ ਕਰਕੇ ਮੌਕਾ ਵੇਖਿਆ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਪੀੜ੍ਹਤ ਪਰਿਵਾਰਾਂ ਦੀ ਮਾਲੀ ਮੱਦਦ ਵੀ ਕੀਤੀ ਗਈ।

ਇਸ ਦੌਰਾਨ ਉਪ ਮੰਡਲ ਮੈਜਿਸਟ੍ਰੇਟ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੀੜ੍ਹਤ ਪਰਿਵਾਰਾਂ ਦੀ ਹੋਰ ਵੀ ਹਰ ਤਰ੍ਹਾਂ ਦੀ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਪੀੜ੍ਹਤ ਪਰਿਵਾਰਾਂ ਨੂੰ ਰਾਸ਼ਨ, ਬਿਸਤਰੇ, ਕੰਬਲ, ਭਾਂਡੇ ਅਤੇ ਬਿਜਲੀ ਵਾਲੇ ਚੁੱਲ੍ਹੇ ਆਦਿ ਮੁਹੱਈਆ ਕਰਵਾਏ ਗਏ।

ਇਸ ਮੌਕੇ ਉੱਪ ਮੰਡਲ ਮੈਜਿਸਟਰੇਟ ਬਠਿੰਡਾ ਸ. ਬਲਕਰਨ ਸਿੰਘ ਅਤੇ ਕਾਰਜਕਾਰੀ ਸਕੱਤਰ ਰੈੱਡ ਕਰਾਸ ਸ੍ਰੀ ਦਰਸਨ ਕੁਮਾਰ ਵੱਲੋਂ ਪੀ.ਐਚ.ਸੀ ਗੋਨਿਆਣਾ ਵਿਖੇ ਦਾਖਲ ਪੀੜ੍ਹਤਾਂ ਦਾ ਹਾਲ-ਚਾਲ ਵੀ ਪੁੱਛਿਆ ਗਿਆ ਅਤੇ ਇਲਾਜ ਸਬੰਧੀ ਹਰ ਸੰਭਵ ਸਹਾਇਤਾ ਦੇਣ ਦਾ ਯਕੀਨ ਵੀ ਦਿਵਾਇਆ ਗਿਆ।

# 19 ਸਾਲ ਬਾਅਦ ਵੀ ਨਾ ਤੁਰੀ ਚਾਲ਼ੀ ਮੁਕਤਿਆਂ ਦੀ ਸ਼ਹੀਦੀ ਯਾਦਗਾਰ ਦੀ ਗੱਲ

## 2 ਮਈ, 2005 ਨੂੰ ਬੀਬੀ ਜਗੀਰ ਕੌਰ ਤੇ ਪ੍ਰਕਾਸ਼ ਸਿੰਘ ਬਾਦਲ ਨੇ ਰੱਖਿਆ ਦੀ ਨੀਂਹ ਪੱਥਰ

**ਸ੍ਰੀ ਮੁਕਤਸਰ ਸਾਹਿਬ 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਉਂ ਹੀ ਸ੍ਰੀ ਮੁਕਤਸਰ ਸਾਹਿਬ ਦੇ ਮੇਲਾ ਮਾਘੀ ਦਾ ਜ਼ਿਕਰ ਹੁੰਦਾ ਹੈ ਤਾਂ 19 ਸਾਲ 8 ਮਹੀਨੇ ਪਹਿਲਾਂ 2 ਮਈ 2005 ਨੂੰ ਮਾਈ ਭਾਗੋ ਤੇ ਚਾਲ਼ੀ ਮੁਕਤਿਆਂ ਦੇ 300 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦਗਾਰ ਬਣਾਉਣ ਦੇ ਰੱਖੇ ਨੀਂਹ ਪੱਥਰ ਦੀ ਆਮ ਲੋਕ ਤਾਂ ਚਰਚਾ ਕਰਦੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਹੁਣ ਕੋਈ ਵੀ ਧਾਰਮਿਕ ਜਾਂ ਸਿਆਸੀ ਆਗੂ ਇਸ ਯਾਦਗਾਰ ਦੀ ਗੱਲ ਨਹੀਂ ਕਰਦਾ।

ਇਹ ਨੀਂਹ ਪੱਥਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸਵਰਗੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰੱਖਿਆ ਗਿਆ ਸੀ। ਯਾਦਗਾਰ ਦਾ ਨਾਂ 'ਮਾਈ ਭਾਗੋ ਤੇ ਚਾਲ਼ੀ ਮੁਕਤਿਆਂ ਦੀ ਸ਼ਹੀਦੀ ਯਾਦਗਾਰ' ਤੈਅ ਕੀਤਾ ਗਿਆ ਸੀ।ਗੁਰਦੁਆਰਾ ਟਿੱਬੀ ਸਾਹਿਬ ਕੰਪਲੈਕਸ ਵਿਖੇ ਇਹ ਯਾਦਗਾਰ ਬਣਨੀ ਸੀ।

ਕੀਤੇ ਐਲਾਨ ਅਨੁਸਾਰ ਇਸ ਜਗ੍ਹਾ ਉਪਰ ਮੁਕਤਿਆਂ ਦੀ ਯਾਦ ਵਿਚ ਇਕ ਲਾਸਾਨੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲੀ ਸਮਾਰਕ ਦੀਵਾਰ ਬਣਾਈ ਜਾਣੀ ਸੀ। ਇਸ ਦੀਵਾਰ ਉਪਰ ਚਾਲ਼ੀ ਮੁਕਤਿਆਂ ਤੇ ਮਾਈ ਭਾਗੋ ਦੇ ਜੀਵਨ ਨੂੰ ਰੂਪ ਮਾਨ ਕੀਤਾ ਜਾਣਾ ਸੀ। ਉਸ ਵੇਲੇ ਬੀਬੀ ਜਗੀਰ ਕੌਰ ਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਹ ਵੀ ਦਾਅਵਾ ਕੀਤਾ ਸੀ ਕਿ ਇਹ ਵਿਸ਼ਵ ਭਰ ਵਿਚ ਆਪਣੀ ਤਰ੍ਹਾਂ ਦੀ ਪਹਿਲੀ ਤੇ ਅਨੋਖੀ ਯਾਦਗਾਰ ਹੋਵੇਗੀ ਜਿਸ ਉਪਰ ਕਰੋੜਾਂ ਦੇ ਹਿਸਾਬ ਨਾਲ ਖਰਚ ਕੀਤਾ ਜਾਵੇਗਾ ਤੇ ਲੋਕ ਦੇਸ਼ ਵਿਦੇਸ਼ 'ਚੋਂ ਇਸ ਨੂੰ ਵੇਖਣ ਵਾਸਤੇ ਆਇਆ ਕਰਨਗੇ।

ਉਨ੍ਹਾਂ ਇਕ ਸਾਲ ਦੇ ਅੰਦਰ ਅੰਦਰ ਇਹ ਯਾਦਗਾਰ ਮੁਕੰਮਲ ਹੋਣ ਦਾ ਦਾਅਵਾ ਕੀਤਾ ਸੀ। ਪਰ ਅਫਸੋਸ! ਉਂਨੀ ਸਾਲ ਤੋਂ ਵੱਧ ਸਮਾਂ ਲੰਘ ਗਿਆ ਹੈ ਪਰ ਇਹ ਸਮਾਰਕ ਦਾ ਕੀ ਬਣਨਾ ਸੀ, ਇਸ ਦਾ ਨੀਂਹ ਪੱਥਰ ਵੀ ਗ਼ਾਇਬ ਹੋ ਗਿਆ ਹੈ। ਅੱਜ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਤੋਂ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਪਹੁੰਚੇ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਸ਼ਹੀਦਾਂ ਦੀ ਯਾਦਗਾਰ ਭਾਲਦੀਆਂ ਵੇਖੀਆਂ ਗਈਆਂ।

# ਜੰਗੀ ਨਾਇਕਾਂ ਨੂੰ ਸੱਚੀ ਸ਼ਰਧਾਂਜਲੀ ਅਰਪਣ ਕਰਨ ਲਈ ਕੱਢੀ ਜਾ ਰਹੀ 710 ਕਿਲੋਮੀਟਰ ਸਾਈਕਲ ਯਾਤਰਾ ਦਾ ਰੂਪਨਗਰ ਪਹੁੰਚਣ ਤੇ ਐਨਸੀਸੀ ਕੈਡਿਟਾਂ ਨੇ ਕੀਤਾ ਸਵਾਗਤ

## ਮੁੱਖ ਮਹਿਮਾਨ ਬ੍ਰਿਗੇਡੀਅਰ ਰਾਹੁਲ ਗੁਪਤਾ ਨੇ ਹਰੀ ਝੰਡੀ ਦੇ ਕੇ ਅਗਲੇ ਪੜਾਅ ਲਈ ਕੀਤਾ ਰਵਾਨਾ




**ਰੂਪ ਨਗਰ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਡਾਇਰੈਕਟੋਰੇਟ ਦੇ ਐਨਸੀਸੀ ਕੈਡਿਟਾਂ ਦੇ ਇੱਕ ਸਮੂਹ ਵਲੋਂ ਜੰਗੀ ਨਾਇਕਾਂ ਨੂੰ ਸੱਚੀ ਸ਼ਰਧਾਂਜਲੀ ਅਰਪਣ ਕਰਨ ਲਈ 710 ਕਿਲੋਮੀਟਰ ਸਾਈਕਲ ਯਾਤਰਾ ਕੱਢੀ ਜਾ ਰਹੀ ਹੈ, ਜਿਸ ਦਾ ਐਨਸੀਸੀ ਟ੍ਰੇਨਿੰਗ ਸਕੂਲ ਰੂਪਨਗਰ ਪਹੁੰਚਣ ਤੇ ਐਨਸੀਸੀ ਕੈਡਿਟਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਬ੍ਰਿਗੇਡੀਅਰ ਰਾਹੁਲ ਗੁਪਤਾ ਨੇ ਦੱਸਿਆ ਕਿ ਇਹ ਯਾਤਰਾ 07 ਜਨਵਰੀ 2025 ਨੂੰ ਫਿਰੋਜ਼ਪੁਰ ਦੇ ਹੁਸੈਨੀਵਾਲਾ ਸਥਿਤ ਜੰਗੀ ਯਾਦਗਾਰ ਤੋਂ ਸ਼ੁਰੂ ਹੋਈ ਅਤੇ 20 ਜਨਵਰੀ 2025 ਨੂੰ ਨਵੀਂ ਦਿੱਲੀ ਦੇ ਪ੍ਰੇਡ ਗਰਾਊਂਡ ਵਿਖੇ ਸਮਾਪਤ ਹੋਵੇਗੀ, ਵੱਲੋਂ ਇਸ ਯਾਤਰਾ ਨੂੰ ਹਰੀ ਝੰਡੀ ਦੇ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਇਹ ਕੋਸ਼ਿਸ਼ ਸਾਡੇ ਆਜ਼ਾਦੀ ਘੁਲਾਟੀਆਂ ਅਤੇ ਜੰਗੀ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਦਿਲੋਂ ਸ਼ਰਧਾਂਜਲੀ ਹੈ।

ਉਨ੍ਹਾਂ ਦੱਸਿਆ ਕਿ ਇਸ ਗਰੁੱਪ ਯਾਤਰਾ ਦੀ ਅਗਵਾਈ ਕਰਨਲ ਸੋਮਵੀਰ ਸਿੰਘ ਡਬਾਸ ਕਰ ਰਹੇ ਹਨ ਅਤੇ ਇਸ ਵਿੱਚ 12 ਐਨਸੀਸੀ ਕੈਡੇਟ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਛੇ ਲੜਕੀਆਂ ਹਨ, ਫੌਜ ਦੇ ਇੰਸਟ੍ਰਕਟਰਾਂ ਅਤੇ ਐਨਸੀਸੀ ਅਫਸਰਾਂ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਅਤਿਅੰਤ ਠੰਡ ਅਤੇ ਚੁਣੌਤੀਪੂਰਨ ਧੁੰਦ ਦੇ ਹਾਲਾਤਾਂ ਨੂੰ ਝੱਲਦਿਆਂ, ਉਹ ਪੰਜਾਬ ਦੇ ਛੇ ਅਤੇ ਹਰਿਆਣਾ ਦੇ ਚਾਰ ਜ਼ਿਲ੍ਹਿਆਂ ਨੂੰ ਕਵਰ ਕਰਨਗੇ। ਕਰਨਲ ਆਰ.ਕੇ.ਚੌਧਰੀ ਅਤੇ ਐਨ.ਸੀ.ਸੀ. ਕੈਡਿਟਾਂ ਅਤੇ ਬਟਾਲੀਅਨ ਦੇ ਇੰਸਟ੍ਰਕਟਰਾਂ ਵੱਲੋਂ ਇਸ ਯਾਤਰਾ ਦਾ ਸਵਾਗਤ ਕਰਦਿਆ ਦੱਸਿਆ ਗਿਆ ਕਿ ਇਸ ਯਾਤਰਾ ਵਿੱਚ 23 ਪੰਜਾਬ ਬਟਾਲੀਅਨ ਐਨ.ਸੀ.ਸੀ. ਰੋਪੜ ਦਾ ਬਹੁਤ ਵੱਡਾ ਯੋਗਦਾਨ ਸੀ, ਜਿਸ ਵਿੱਚ 1 ਐਨ.ਸੀ.ਸੀ. ਅਫ਼ਸਰ ਰਣਜੀਤ ਸਿੰਘ ਸਮੇਤ ਕੁੱਲ 3 ਐਨ.ਸੀ.ਸੀ. ਕੈਡਿਟਸ 2 ਲੜਕੀਆਂ ਸਮੇਤ ਭਾਗ ਲੈ ਰਹੇ ਹਨ ਜੋ ਕਿ ਬਟਾਲੀਅਨ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਇਸ ਸਾਹਸ ਪੂਰਨ ਕਾਰਜ ਦੀ ਸਰਾਹਨਾ ਕਰਦੇ ਹੋਏ ਸ਼ੁਭਕਾਮਨਾਵਾਂ ਦਿੱਤੀਆਂ।

# ਲੋਕਾਂ ਵੱਲੋਂ ਚੁਣੇ ਨੁਮਾਇੰਦਿਆਂ ਨਾਲ ਪਟਿਆਲਾ ਜਿਲੇਂ ਦੀ ਬਦਲੇਗੀ ਨੁਹਾਰ : ਰਣਜੋਧ ਹਡਾਣਾ

## ਪਟਿਆਲਾ ਸਮੇਤ ਸਨੌਰ, ਦੇਵੀਗੜ੍ਹ, ਘੱਗਾ ਅਤੇ ਹੋਰਨਾਂ ਕੌਂਸਲ ਤੇ ਪੰਚਾਇਤਾ ਦੇ ਪਹੁੰਚੇ ਅਹੁਦੇਦਾਰ

**ਪਟਿਆਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ ਆਰ ਟੀ ਸੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਪਟਿਆਲਾ ਦੇ ਨਵ- ਨਿਯੁਕਤ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਜੱਗਾ, ਸਨੌਰ ਨਗਰ ਕੌਂਸਲ ਪ੍ਰਧਾਨ ਪ੍ਰਦੀਪ ਜੋਸਨ, ਦੇਵੀਗੜ੍ਹ ਨਗਰ ਪੰਚਾਇਤ ਦੀ ਪ੍ਰਧਾਨ ਸ਼ਵਿੰਦਰ ਕੌਰ ਧੰਜੂ, ਮੀਤ ਪ੍ਰਧਾਨ ਬੀਬੀ ਅਮਰਜੀਤ ਕੌਰ, ਘੱਗਾ ਨਗਰ ਪੰਚਾਇਤ ਦੇ ਪ੍ਰਧਾਨ ਮਿੱਠੂ ਸਿੰਘ, ਘਨੌਰ ਨਗਰ ਪੰਚਾਇਤ ਦੀ ਪ੍ਰਧਾਨ ਮਨਦੀਪ ਕੌਰ ਸਿੱਧੂ ਅਤੇ ਕਈ ਅਹੁਦੇਦਾਰਾ ਦਾ ਸਿਰਪਾਉ ਪਾ ਕੇ ਅਤੇ ਸ਼ਾਲ ਭੇਟ ਕਰਕੇ ਸਨਮਾਨ ਕੀਤਾ। ਪੀ.ਆਰ.ਟੀ.ਸੀ ਦੇ ਮੁੱਖ ਦਫ਼ਤਰ ਵਿਖੇ ਰੱਖੇ ਅੱਜ ਦੇ ਸਨਮਾਨ ਸਮਾਗਮ ਗੱਲਬਾਤ ਦੌਰਾਨ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਲੋਕ ਸੇਵਾ ਲਈ ਸਦਾ ਤੱਤਪਰ ਰਹਿਣਗੇ। ਕਿਉਂਕਿ ਲੋਕਾਂ ਨੇ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਸਾਬਤ ਕਰ ਦਿੱਤਾ ਸੀ ਕਿ ਹੁਣ ਲੋਕ ਤਾਨਾਸ਼ਾਹੀ ਨਹੀ ਵਿਕਾਸ ਚਾਹੁੰਦੇ ਹਨ। ਉਨ੍ਹਾਂ ਪੰਜਾਬ ਦੇ ਕਰੋੜਾ ਲੋਕਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਆਮ ਆਦਮੀ ਪਾਰਟੀ ਨੇ ਵੀ 2022 ਵਿੱਚ ਵਾਅਦਾ ਕੀਤਾ ਸੀ ਕਿ ਤੁਹਾਡੇ ਇਲਾਕੇ ਦੇ ਮੇਅਰ, ਨਗਰ ਕੌਂਸਲਾਂ, ਨਗਰ ਪੰਚਾਇਤਾ ਆਦਿ ਦੇ ਪ੍ਰਧਾਨ ਆਮ ਘਰਾਂ ਦੇ ਲੜਕੇ.:. ਲੜਕੀਆਂ ਅਤੇ ਖਾਸ ਤੌਰ ਤੇ ਤੁਹਾਡੇ ਵਿੱਚੋਂ ਹੀ ਬਨਣਗੇ। ਇਸ ਵਾਅਦੇ ਤੇ ਖਰੇ ਉਤਰਦਿਆਂ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਕਈ ਥਾਵਾਂ ਤੇ ਹੋਈਆਂ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਮਗਰੋਂ ਲਗਾਏ ਪ੍ਰਧਾਨ ਤੇ ਅਹੁਦੇਦਾਰ ਆਮ ਘਰਾਂ ਦੇ ਨੌਜਵਾਨ ਅਤੇ ਪਾਰਟੀ ਦੇ ਪੁਰਾਣੇ ਇਮਾਨਦਾਰ ਵਰਕਰਾਂ ਵਿੱਚੋਂ ਥਾਪੇ ਹਨ।

ਹੋਰ ਬੋਲਦਿਆ ਚੇਅਰਮੈਨ ਹਡਾਣਾ ਨੇ ਪਿਛਲੀਆਂ ਸਰਕਾਰਾਂ ਬਾਰੇ ਤੰਜ ਕਸਦਿਆ ਕਿਹਾ ਕਿ ਪਹਿਲਾ ਨਗਰ ਨਿਗਮ ਦੇ ਮੇਅਰ ਅਤੇ ਪੰਚਾਇਤਾ ਦੇ ਪ੍ਰਧਾਨ ਜੇਬ ਦੇਖ ਕੇ ਲਗਾਏ ਜਾਂਦੇ ਸਨ। ਜਿਨ੍ਹਾਂ ਦੀ ਸੋਚ ਸ਼ਹਿਰ ਤੇ ਪਿੰਡਾ ਦਾ ਵਿਕਾਸ ਕਰਨ ਦੀ ਬਜਾਏ ਆਪਣੀਆਂ ਅਤੇ ਆਪਣੇ ਆਕਾ ਦੀ ਜੇਬ ਗਰਮ ਕਰਨਾ ਹੁੰਦਾ ਸੀ। ਜਿਸ ਕਾਰਨ ਪੰਜਾਬ ਦੇ ਕਈ ਹਿੱਸਿਆ ਵਿੱਚ ਵਿਕਾਸ ਨਾਂਹ ਦੇ ਬਰਾਬਰ ਸੀ।

ਇੱਥੋ ਤੱਕ ਕਿ ਲੋਕਾਂ ਨੂੰ ਚੰਗੇ ਵਿਕਾਸ ਦੀ ਬਜਾਏ ਸਿਰਫ ਗੱਲੀਆਂ ਤੇ ਨਾਲੀਆਂ ਦੇ ਮਸਲੇ ਵਿੱਚ ਹੀ ਉਲਝਾ ਰੱਖਿਆ ਸੀ। ਹੁਣ ਆਮ ਆਦਮੀ ਪਾਰਟੀ ਦੇ ਨਵੇ ਬਣੇ ਅਹੁਦੇਦਾਰ ਪੰਜਾਬ ਦੀ ਅਤੇ ਖਾਸ ਕਰ ਆਪਣੇ ਆਪਣੇ ਇਲਾਕੇ ਦੀ ਨੁਹਾਰ ਬਦਲਣ ਵਿੱਚ ਮੋਹਰੀ ਰਹਿਣਗੇ। ਕਿਉਂਕਿ ਇਹ ਸਾਰੇ ਆਗੂ ਆਮ ਘਰਾਂ ਵਿੱਚੋਂ ਹਨ ਅਤੇ ਇਲਾਕਿਆਂ ਵਿਚਲੀਆਂ ਆਉਣ ਵਾਲੀਆਂ ਮੁਸ਼ਕਲਾਂ ਤੋ ਵੀ ਭਲੀ.:.ਭਾਂਤ ਜਾਣੂ ਹਨ। ਉਹਨਾਂ ਕਿਹਾ ਕਿ ਜਿੱਤ ਕੇ ਆਏ ਨਵੇ ਅਹੁਦੇਦਾਰਾ ਦੇ ਸਿਰ ਤੇ ਜਿੱਤ ਦਾ ਸਿਹਰਾ ਪੰਜਾਬ ਦੇ ਹਰ ਇੱਕ ਵਾਸੀ ਵੱਲੋਂ ਪਾਈ ਇਮਾਨਦਾਰੀ ਨਾਲ ਵੋਟ ਕਰਕੇ ਹੀ ਬੰਨਿਆ ਗਿਆ ਹੈ।

ਇਸ ਮੌਕੇ ਮੇਘ ਚੰਦ ਸ਼ੇਰ ਮਾਜਰਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਤੇਜਿੰਦਰ ਮਹਿਤਾ ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਬਲਦੇਵ ਸਿੰਘ ਦੇਵੀਗੜ੍ਹ, ਡਾ ਹਰਨੇਕ ਸਿੰਘ ਢੋਟ ਰਿਟਾ8 ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਲਾਲੀ ਰਹਿਲ ਪੀ ਏ ਟੂ ਚੇਅਰਮੈਨ ਰਣਜੋਧ ਹਡਾਣਾ, ਵਿਕਰਮਜੀਤ ਸਿੰਘ ਪੀ ਏ ਟੂ ਚੇਅਰਮੈਨ ਪੀਆਰਟੀਸੀ, ਰਮਨਜੋਤ ਸਿੰਘ ਪੀ ਏ ਟੂ ਚੇਅਰਮੈਨ ਪੀਆਰਟੀਸੀ, ਗੁਰਵਿੰਦਰ ਸਿੰਘ ਹੈਪੀ ਜਿਲ੍ਹਾ ਪ੍ਰਧਾਨ ਕਿਸਾਨ ਵਿੰਗ, ਰਾਜਾ ਧੰਜੂ ਸਰਪੰਚ, ਗੁਲਜ਼ਾਰ ਵਿਰਕ, ਜਤਿੰਦਰ ਝੰਡ, ਹਨੀ ਮਾਹਲਾ, ਨੰਦ ਲਾਲ ਸ਼ਰਮਾ, ਹਰਪਿੰਦਰ ਸਿੰਘ ਚੀਮਾ ਆਪ ਆਗੂ 'ਤੇ ਉੱਘੇ ਸਮਾਜ ਸੇਵੀ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਅਰਵਿੰਦਰ ਸਿੰਘ ਅਤੇ ਹੋਰ ਪਾਰਟੀ ਆਗੂਆਂ ਸਮੇਤ ਕਈ ਪਾਰਟੀ ਵਰਕਰ ਵੀ ਮੌਜੂਦ ਰਹੇ।



# ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਮੇਅਰ ਕੁੰਦਨ ਗੋਗੀਆ ਸਨਮਾਨਤ



**ਪਟਿਆਲਾ, 18 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਸਮਾਜ ਦੀ ਭਲਾਈ 24 ਸਾਲਾਂ ਤੋਂ ਕੰਮ ਕਰ ਰਹੀ ਹੈ। ਸ੍ਰੀ ਕੁੰਦਨ ਗੋਗੀਆ ਮੇਅਰ ਨਗਰ ਨਿਗਮ ਬਹੁਤ ਹੀ ਵਧੀਆ ਵਿਅਕਤੀਤਵ ਦੇ ਮਾਲਕ ਹਨ ਉਹਨਾਂ ਦਾ ਪਟਿਆਲ ਨਗਰ ਨਿਗਮ ਦਾ ਮੇਅਰ ਬਨਣ ਤੇ ਸੋਸਾਇਟੀ ਵਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ ਅਤੇ ਜੀ ਆਇਆ ਕਿਹਾ ਗਿਆ। ਇਸ ਅਵਸਰ ਤੇ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਅਤੇ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਵਲੋਂ ਬਣਾਏ ਗਏ ਕੱਪੜੇ ਦੇ ਥੈਲੇ ਲੋਕਾਂ ਲਈ ਜਾਰੀ ਕੀਤੇ ਉਹਨਾਂ ਕਿਹਾ ਸੋਸਾਇਟੀ ਹਮੇਸ਼ਾ ਹੀ ਚੰਗੇ ਕੰਮਾਂ ਨੂੰ ਤਰਜੀਹ ਦੇ ਰਹੀ ਹੈ ਅਤੇ ਪਲਾਸਟਿਕ ਦੀ ਵਰਤੋ ਨੂੰ ਰੋਕਣ ਲਈ ਕੰਮ ਕਰ ਰਹੀ ਹੈ। ਆਉ ਅਸੀਂ ਸਾਰੇ ਇਸ ਲਈ ਕੰਮ ਕਰੀਏ ਪ੍ਰਦੂਸ਼ਨ ਨੂੰ ਦੂਰ ਕਰਨ ਵਿੱਚ ਸਹਾਇਕ ਬਣੀਏ। ਪਲਾਸਟਿਕ ਦੇ ਲਿਫਾਫੇ ਵਿੱਚ ਲਿਆਉਦਾ ਸਮਾਨ ਖਰਾਬ ਹੋਣ ਦੇ ਨਾਲ ਨਾਲ ਸਿਹਤ ਲਈ ਵੀ ਹਾਨੀਕਾਰਕ ਹੈ। ਸ੍ਰੀ ਕੁੰਦਨ ਗੋਗੀਆ ਮੇਅਰ ਨੇ ਕਿਹਾ ਕਿ ਉਹ ਪਟਿਆਲਾ ਵਾਸੀਆਂ ਦੇ ਕੰਮ ਲਈ ਹਮੇਸ਼ਾ ਹੀ ਤਿਆਰ ਰਹਿਣਗੇ ਅਤੇ ਪਟਿਆਲਾ ਦੇ ਲੋਕਾਂ ਲਈ ਕੰਮ ਕਰਨਗੇ। ਪਟਿਆਲਾ ਦਾ ਵਿਕਾਸ ਪਹਿਲ ਦੇ ਆਧਾਰ ਤੇ ਹੋਵੇਗਾ। ਇਸ ਅਵਸਰ ਤੇ ਸ੍ਰੀ ਦਲੀਪ ਕੁਮਾਰ ਐਮ.ਸੀ. ਬਾਗਬਾਨੀ ਵਿਭਾਗ, ਵਿਜੇ ਕੁਮਾਰ ਗੋਇਲ ਪ੍ਰਧਾਨ, ਰਾਜਿੰਦਰ ਅਗਰਵਾਲ ਅਤੇ ਰਵਿੰਦਰ ਸ਼ਕਰਵਾਲ ਹਾਜਰ ਸਨ।

# ਕਹਾਣੀ

## ਟੈਲੀਫ਼ੋਨ

-ਭੋਲਾ ਸਿੰਘ 'ਪ੍ਰੀਤ'

ਇਕ ਦਿਨ ਅਸ਼ੋਕ ਤੇ ਰਾਜੀਵ ਵਿਚ ਕਿਸੇ ਗੱਲ ਨੂੰ ਲੈ ਕੇ ਸਕੂਲ ਵਿਚ ਅਣਬਣ ਹੋ ਗਈ ਸੀ। ਦੋਵਾਂ ਵਿਚ ਕਈ ਦਿਨ ਤੋਂ ਰੋਸਾ ਚਲ ਰਿਹਾ ਸੀ। ਇਕ ਦਿਨ ਅਸ਼ੋਕ ਨੇ ਆਪਣੇ ਇਕ ਸਹਿਪਾਠੀ ਕੋਲੋਂ ਰਾਜੀਵ ਦੇ ਘਰ ਦਾ ਫ਼ੋਨ ਨੰਬਰ ਲੈ ਲਿਆ। ਜਦੋਂ ਉਹ ਘਰ ਇਕੱਲਾ ਸੀ ਤਾਂ ਉਹ ਰਾਜੀਵ ਦੇ ਘਰ ਦਾ ਨੰਬਰ ਮਿਲਾਉਣ ਲੱਗਾ। ਕੁੱਝ ਚਿਰ ਬਾਅਦ ਉਸ ਨੂੰ ਘੰਟੀ ਦੀ ਆਵਾਜ਼ ਸੁਣਾਈ ਦੇਣ ਲੱਗੀ। ਫਿਰ ਜਲਦ ਹੀ ਉਧਰੋਂ ਕਿਸੇ ਦੀ ਆਵਾਜ਼ ਆਈ 'ਹੈਲੋ ਕੌਣ ਬੋਲ ਰਹੇ ਹੋ?' ਅਸ਼ੋਕ ਨੇ ਸ਼ਰਾਰਤਪੂਰਨ ਆਵਾਜ਼ ਵਿਚ ਕਿਹਾ, "ਮੈਂ ਸੋਹਣ ਬੋਲ ਰਿਹਾ ਹਾਂ।" ਤੁਹਾਡੇ ਲੜਕੇ ਦਾ ਐਕਸੀਡੈਂਟ ਹੋ ਗਿਐ। ਉਹ ਸਿਵਲ ਹਸਪਤਾਲ ਵਿਚ ਦਾਖ਼ਲ ਹੈ।" ਏਨਾ ਕਹਿ ਕੇ ਅਸ਼ੋਕ ਨੇ ਰਸੀਵਰ ਰੱਖ ਦਿਤਾ। ਐਕਸੀਡੈਂਟ ਦਾ ਨਾਂ ਸੁਣਦੇ ਹੀ ਉਹ ਸੱਜਣ, ਜੋ ਕਿ ਰਾਜੀਵ ਦੇ ਪਿਤਾ ਜੀ ਸਨ, ਤੁਰੰਤ ਸਿਵਲ ਹਸਪਤਾਲ ਰਵਾਨਾ ਹੋ ਗਏ। ਪ੍ਰੰਤੂ ਉਥੇ ਪਹੁੰਚ ਕੇ ਉਨ੍ਹਾਂ ਨੂੰ ਬੇਹੱਦ ਸ਼ਰਮਿੰਦਾ ਹੋਣਾ ਪਿਆ ਕਿਉਂਕਿ ਉਥੇ ਕੋਈ ਰਾਜੀਵ ਨਾਂ ਦਾ ਲੜਕਾ ਦਾਖ਼ਲ ਨਹੀਂ ਸੀ ਤੇ ਨਾ ਹੀ ਰਾਜੀਵ ਦਾ ਐਕਸੀਡੈਂਟ ਹੋਇਆ ਸੀ। ਉਹ ਉਥੋਂ ਵੀ ਸਕੂਟਰ 'ਤੇ ਰਾਜੀਵ ਦੇ ਸਕੂਲ ਵੱਲ ਚੱਲ ਪਏ। ਪਰ ਰਾਜੀਵ ਉਨ੍ਹਾਂ ਨੂੰ ਰਸਤੇ ਵਿਚ ਹੀ ਮਿਲ ਗਿਆ। ਉਹ ਉਸ ਨੂੰ ਦੇਖਦੇ ਹੀ ਹੈਰਾਨ ਹੋ ਗਏ ਤੇ ਕਹਿਣ ਲੱਗੇ, ਬੇਟੇ ਤੂੰ ਠੀਕ ਤਾਂ ਹੈ ਨਾ? "ਪਿਤਾ ਜੀ ਤੁਸੀਂ ਇਸ ਤਰ੍ਹਾਂ ਕਿਉਂ ਪੁੱਛ ਰਹੇ ਹੋ?" ਰਾਜੀਵ ਨੇ ਕਿਹਾ।

"ਦਰਅਸਲ ਕਿਸੇ ਨੇ ਟੈਲੀਫ਼ੋਨ ਉੱਤੇ ਦੱਸਿਆ ਸੀ ਕਿ ਤੇਰਾ ਐਕਸੀਡੈਂਟ ਹੋ ਗਿਆ ਹੈ ਤੇ ਤੂੰ ਸਿਵਲ ਹਸਪਤਾਲ ਵਿਚ ਦਾਖ਼ਲ ਹੈਂ।"

"ਕਿਸੇ ਨੇ ਗ਼ਲਤ ਨੰਬਰ ਮਿਲਾ ਦਿੱਤਾ ਹੋਵੇਗਾ।" ਰਾਜੀਵ ਨੇ ਸਕੂਟਰ 'ਤੇ ਬੈਠਦਿਆਂ ਕਿਹਾ। ਫਿਰ ਦੋਵੇਂ ਘਰ ਚਲੇ ਗਏ।

ਅਗਲੇ ਦਿਨ ਰਾਜੀਵ ਦੀ ਭੈਣ ਵਨੀਤਾ ਨੇ ਅਸ਼ੋਕ ਦੀ ਵੱਡੀ ਭੈਣ ਅਨੀਤਾ ਨੂੰ ਦੱਸਿਆ, "ਤੈਨੂੰ ਪਤਾ ਹੈ ਕਿ ਅਨੀਤਾ ਕਲ ਕਿਸੇ ਨੇ ਟੈਲੀਫ਼ੋਨ ਉਤੇ ਬਹੁਤ ਗ਼ਲਤ ਹਰਕਤ ਕੀਤੀ? ਉਸ ਨੇ ਕਿਹਾ ਕਿ ਰਾਜੀਵ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਉਹ ਸਿਵਲ ਹਸਪਤਾਲ ਵਿਚ ਦਾਖ਼ਲ ਹੈ। ਏਨੀ ਗੱਲ ਸੁਣਦੇ ਹੀ ਪਿਤਾ ਜੀ ਘਬਰਾ ਗਏ ਤੇ ਤੁਰਤ ਹਸਪਤਾਲ ਰਵਾਨਾ ਹੋ ਗਏ। ਪ੍ਰੰਤੂ ਉਥੇ ਪਹੁੰਚਦੇ ਹੀ ਸਭ ਕੁੱਝ ਝੂਠ ਨਿਕਲਿਆ। ਵਿਨੀਤਾ ਇਹ ਜ਼ਰੂਰ ਕਿਸੇ ਬਦਮਾਸ਼ ਆਦਮੀ ਦਾ ਕੰਮ ਹੋਵੇਗਾ। ਤੂੰ ਜ਼ਰਾ ਸੋਚ ਭਲਾ ਰਾਜੀਵ ਵਰਗੇ ਸ਼ਰੀਫ਼ ਲੜਕੇ ਨਾਲ ਕਿਸ ਦੀ ਦੁਸ਼ਮਣੀ ਹੋ ਸਕਦੀ ਹੈ?" ਫਿਰ ਪ੍ਰਾਰਥਨਾ ਦੀ ਘੰਟੀ ਵਜ ਗਈ। ਸਾਰੇ ਪ੍ਰਾਰਥਨਾ ਕਰਨ ਲਈ ਚਲੇ ਗਏ। ਸਕੂਲ ਤੋਂ ਛੁੱਟੀ ਹੋਣ ਬਾਅਦ ਜਦੋਂ ਅਨੀਤਾ ਘਰ ਪਹੁੰਚੀ ਤੇ ਉਸ ਨੇ ਟੈਲੀਫ਼ੋਨ ਵਾਲੀ ਗੱਲ ਮਾਂ ਨੂੰ ਦੱਸੀ। ਇਹ ਸੁਣ ਕੇ ਮਾਂ ਨੇ ਵੀ ਅਫ਼ਸੋਸ ਕੀਤਾ ਤੇ ਬਾਅਦ ਵਿਚੋਂ ਮਾਂ ਵੀ ਉਸ ਆਦਮੀ ਨੂੰ ਕੋਸਣ ਲੱਗ ਪਈ। ਇਕ ਦਿਨ ਅਸ਼ੋਕ ਨੇ ਇਕ ਹੋਰ ਸ਼ਰਾਰਤ ਨੂੰ ਅੰਜਾਮ ਦਿਤਾ। ਉਹ ਰਸੀਵਰ ਚੁੱਕ ਕੇ ਪਹਿਲਾਂ ਵਾਲੇ ਅੰਦਾਜ਼ ਵਿਚ ਆਪਣੇ ਕੋਲੋਂ ਹੀ ਕੋਈ ਨੰਬਰ ਮਿਲਾਉਣ ਲੱਗ ਗਿਆ। ਕੁੱਝ ਦੇਰ ਬਾਅਦ ਫ਼ੋਨ ਲੱਗ ਗਿਆ। ਉਧਰੋਂ ਕਿਸੇ ਲੜਕੀ ਦੀ ਸੁਰੀਲੀ ਆਵਾਜ਼ ਸੁਣਾਈ ਦਿਤੀ। ਅਸ਼ੋਕ ਨੇ ਹੈਲੋ ਸੁਣਦੇ ਹੀ ਕਿਹਾ, 'ਹਾਏ ਆਪ ਕੌਣ ਸੇ ਲੋਕ ਸੇ ਬੋਲ ਰਹੀਂ ਹੈਂ? ਆਵਾਜ਼ ਸੇ ਤੋ ਲਗਤਾ ਹੈ ਕਿ ਕੋਈ ਅਪਸਰਾ ਬੋਲ ਰਹੀ ਹੈ।"

ਏਨਾ ਸੁਣਦੇ ਹੀ ਉਸ ਲੜਕੀ ਨੇ ਰਸੀਵਰ ਰੱਖ ਦਿਤਾ। ਉਸ ਲੜਕੀ ਦੇ ਖੱਬੇ ਪਾਸੇ 3-4 ਸਹੇਲੀਆਂ ਬੈਠੀਆਂ ਸਨ। ਉਸ ਵਿਚੋਂ ਇਕ ਅਸ਼ੋਕ ਦੀ ਭੈਣ ਅਨੀਤਾ ਵੀ ਸੀ। ਅਨੀਤਾ ਨੇ ਰੂਪਾ ਨੂੰ ਗੁੱਸੇ ਨਾਲ ਰਸੀਵਰ ਰੱਖਦਿਆਂ ਪੁਛਿਆ, "ਕਿਸ ਦਾ ਫ਼ੋਨ ਸੀ ਰੂਪਾ?"

"ਕਿਸੇ ਬਦ-ਚਲਨ ਅਵਾਰਾ ਦਾ।" ਰੂਪਾ ਨੇ ਬੈਠਦੇ ਹੋਏ ਕਿਹਾ। ਆਖ਼ਿਰ ਕੌਣ ਇਸ ਤਰ੍ਹਾਂ ਦੀਆਂ ਹਰਕਤਾਂ ਕਰਦਾ ਹੈ? ਜੇ ਪਤਾ ਲੱਗ ਗਿਆ ਤਾਂ ਚੰਗੀ ਤਰ੍ਹਾਂ ਉਸ ਨੂੰ ਮਜ਼ਾ ਚਖਾਵਾਂਗੀਆਂ। ਅਨੀਤਾ ਤੇ ਵਨੀਤਾ ਇਕੱਠੀਆਂ ਹੀ ਬੋਲੀਆਂ। ਫਿਰ ਅਨੀਤਾ ਨੇ ਇਕ ਤਰਕੀਬ ਦੱਸੀ। ਰੂਪ ਹੁਣ ਜੇ ਦੁਬਾਰਾ ਇਸ ਤਰ੍ਹਾਂ ਦੀ ਕੋਈ ਗੱਲ ਕਰੇ ਤਾਂ ਉਸ ਨੂੰ ਟੇਪ ਵਿਚ ਰਿਕਾਰਡ ਕਰ ਲਈਂ। ਫਿਰ ਉਹ ਮੈਨੂੰ ਦੇ ਦੇਵੀਂ, ਮੈਂ ਉਸ ਨੂੰ ਆਪਣੇ ਭਰਾ ਅਸ਼ੋਕ ਨੂੰ ਦੇ ਦੇਵਾਂਗੀ। ਅਸ਼ੋਕ ਆਵਾਜ਼ ਸੁਣ ਕੇ ਉਸ ਬਦ-ਚਲਨ ਨੂੰ ਜ਼ਰੂਰ ਲੱਭ ਲਵੇਗਾ। ਹਾਂ ਇਹ ਬਹੁਤ ਸਰਲ ਉਪਾਅ ਹੈ। ਮੈਂ ਰਾਜੀਵ ਨੂੰ ਇਸ ਗੱਲ ਬਾਰੇ ਪ੍ਰੇਰਿਤ ਕਰਾਂਗੀ, ਵਨੀਤਾ ਨੇ ਕਿਹਾ। ਕੁੱਝ ਦੇਰ ਬਾਅਦ ਸਾਰੀਆਂ ਸਹੇਲੀਆਂ ਆਪਣੇ-ਆਪਣੇ ਘਰ ਚਲੀਆਂ ਗਈਆਂ। ਅਨੀਤਾ ਜਦੋਂ ਘਰ ਪਹੁੰਚੀ ਤਾਂ ਅਸ਼ੋਕ ਕਿਤਾਬ ਪੜ੍ਹ ਰਿਹਾ ਸੀ। ਅਨੀਤਾ ਅਸ਼ੋਕ ਦੇ ਕੋਲ ਆ ਕੇ ਬੈਠ ਗਈ ਤੇ ਕਹਿਣ ਲੱਗੀ, "ਅੱਜ ਕੱਲ੍ਹ ਪਤਾ ਨਹੀਂ ਕੌਣ ਟੈਲੀਫ਼ੋਨ 'ਤੇ ਪੁਠੀਆਂ-ਸਿਧੀਆਂ ਗੱਲਾਂ ਕਰਦਾ ਰਹਿੰਦਾ ਹੈ? ਜੇ ਪਤਾ ਲੱਗ ਜਾਵੇ ਤਾਂ ਮਜ਼ਾ ਆ ਜਾਵੇਗਾ।" ਇਹ ਗੱਲ ਸੁਣਦਿਆਂ ਹੀ ਅਸ਼ੋਕ ਕ੍ਰੋਧਿਤ ਹੋ ਗਿਆ ਤੇ ਕਹਿਣ ਲੱਗਾ, "ਤੂੰ ਇਨ੍ਹਾਂ ਗੱਲਾਂ ਤੋਂ ਕੀ ਲੈਣਾ ਹੈ? ਆਖ਼ਰ ਟੈਲੀਫ਼ੋਨ ਰਹਿੰਦਾ ਤਾਂ ਲੋਕ ਦਿਲ ਪਰਚਾਉਣ ਲਈ ਕੁੱਝ ਨਾ ਕੁੱਝ ਗੱਲਾਂ



ਕਰਨਗੇ ਹੀ।" "ਇਹ ਤੂੰ ਕੀ ਕਹਿ ਰਿਹਾ ਏਂ ਅਸ਼ੋਕ? ਟੈਲੀਫ਼ੋਨ ਦਿਲ ਪਰਚਾਉਣ ਦਾ ਸਾਧਨ ਨਹੀਂ ਹੈ। ਇਹ ਤਾਂ ਦੁੱਖ ਸੁੱਖ ਵਿਚ ਘਟਣ ਵਾਲੀਆਂ ਘਟਨਾਵਾਂ ਨੂੰ ਇਕ-ਦੂਸਰੇ ਤੱਕ ਪਹੁੰਚਾਉਣ ਦਾ ਸਾਧਨ ਹੈ।" ਅਨੀਤਾ ਨੇ ਕਿਹਾ। ਉਸ ਵੇਲੇ ਮਾਂ ਵੀ ਉਥੇ ਆ ਗਈ ਤੇ ਦੋਵਾਂ ਨੂੰ ਉੱਚੀ ਆਵਾਜ਼ ਵਿਚ ਗੱਲਾਂ ਕਰਦੇ ਦੇਖ ਕੇ ਕਹਿਣ ਲੱਗੀ, "ਇਹ ਕੀ ਤੁਸੀਂ ਦੋਵਾਂ ਨੇ ਤੂੰ ਤੂੰ-ਮੈਂ-ਮੈਂ ਲਗਾਈ ਹੋਈ ਐ।"

"ਮਾਂ ਹੁਣ ਤੂੰ ਹੀ ਇਸ ਨੂੰ ਸਮਝਾ, ਕੀ ਟੈਲੀਫ਼ੋਨ ਨਾਲ ਕਦੀ ਸ਼ਰਾਰਤ ਕਰਨੀ ਚਾਹੀਦੀ ਹੈ ਕਿ ਨਹੀਂ?" ਅਨੀਤਾ ਨੇ ਦਸਿਆ ਕਿ ਅੱਜ ਫਿਰ ਕਿਸੇ ਨੇ ਸ਼ਰਾਰਤ ਕੀਤੀ ਏ। ਮਾਂ ਸੋਫ਼ੇ ਉਤੇ ਬੈਠਦੀ ਹੋਈ ਬੋਲੀ, ਪਰ ਝਗੜਨ ਵਾਲੀ ਕਿਹੜੀ ਗੱਲ ਐ। "ਮਾਂ ਅਸ਼ੋਕ ਹੀ ਝਗੜ ਰਿਹਾ ਹੈ।" ਅਨੀਤਾ ਦੁਬਾਰਾ ਬੋਲੀ। "ਇਹ ਸ਼ਰਾਰਤ ਅਸ਼ੋਕ ਤੂੰ ਕੀਤੀ ਐ?" ਮਾਂ ਮਜ਼ਾਕ ਦੇ ਲਹਿਜੇ ਨਾਲ ਕਹਿਣ ਲੱਗੀ। "ਮਾਂ ਤੈਨੂੰ ਅੱਜ ਕੀ ਹੋ ਗਿਐ? ਮੈਂ ਭਲਾ ਇਸ ਤਰ੍ਹਾਂ ਕਰ ਸਕਦਾ ਹਾਂ?" ਏਨਾ ਕਹਿ ਕੇ ਅਸ਼ੋਕ ਚੁੱਪ ਹੋ ਗਿਆ।

"ਮੈਂ ਤਾਂ ਐਵੇਂ ਮਜ਼ਾਕ ਕਰ ਰਹੀ ਸੀ। ਬੇਟਾ ਤੂੰ ਇਸ ਦਾ ਤਰ੍ਹਾਂ ਕੰਮ ਨਹੀਂ ਕਰ ਸਕਦਾ, ਇਹ ਮੈਨੂੰ ਪੱਕਾ ਯਕੀਨ ਹੈ।" ਮਾਂ ਰਸੋਈ ਵੱਲ ਜਾਂਦੀ ਹੋਈ ਬੋਲੀ। ਕੁੱਝ ਦਿਨਾਂ ਬਾਅਦ ਅੱਜ ਫਿਰ ਅਸ਼ੋਕ ਘਰ ਵਿਚ ਇਕੱਲਾ ਸੀ। ਉਸ ਨੇ ਅੱਜ ਫਿਰ ਉਹੀ ਨੰਬਰ ਮਿਲਾਇਆ ਜੋ ਉਸ ਨੇ ਉਸ ਦਿਨ ਮਿਲਾਇਆ ਸੀ। ਘੰਟੀ ਦੀ ਆਵਾਜ਼ ਸੁਣਦੇ ਹੀ ਰੂਪਾ ਨੇ ਰਸੀਵਰ ਚੁਕਿਆ ਤੇ ਕਹਿਣ ਲੱਗੀ, "ਹੈਲੋ ਕੌਣ ਬੋਲ ਰਹੇ ਹੋ?" "ਡੀਅਰ ਮੈ ਤੁਮਹਾਰਾ ਚਾਹਨੇ ਵਾਲਾ ਆਸ਼ਕ ਬੋਲ ਰਹਾ ਹੂੰ। ਕਿਆ ਤੁਮ ਅਪਨਾ ਨਾਮ ਨਹੀਂ ਬਤਾਉਗੀ।" ਰੂਪਾ ਨੇ ਏਨਾ ਸੁਣਦੇ ਹੀ ਟੇਪ ਚਲਾ ਦਿੱਤੀ ਤੇ ਰਸੀਵਰ ਦੇ ਕੋਲ ਰੱਖ ਦਿਤੀ। ਕੁੱਝ ਦੇਰ ਬਾਅਦ ਜਦੋਂ ਉਸ ਨੇ ਰਸੀਵਰ ਚੁਕਿਆ ਤਾਂ ਲਾਈਨ ਕੱਟੀ ਜਾ ਚੁੱਕੀ ਸੀ। ਇਹ ਸੋਚ ਕੇ ਰੂਪਾ ਨੇ ਟੇਪ ਚਾਲੂ ਕਰ ਦਿਤੀ ਤੇ ਪੂਰੀਆਂ ਗੱਲਾਂ ਉਸ ਦੀ ਸਮਝ ਵਿਚ ਆ ਗਈਆਂ। ਰੂਪਾ ਨੇ ਟੇਪ ਵਿਚੋਂ ਕੈਸੇਟ ਕੱਢੀ ਤੇ ਅਨੀਤਾ ਦੇ ਘਰ ਵੱਲ ਚਲ ਪਈ। ਰਸਤੇ ਵਿਚ ਉਸ ਨੂੰ ਅਨੀਤਾ ਮਿਲ ਗਈ। ਅਨੀਤਾ ਨੂੰ ਦੇਖਦੇ ਹੀ ਰੂਪਾ ਕਹਿਣ ਲੱਗੀ, "ਅਨੀਤਾ ਮੈਂ ਟੇਪ ਰਿਕਾਰਡ ਵਿਚ ਉਸ ਲੜਕੇ ਦੀਆਂ ਗੱਲਾਂ ਰਿਕਾਰਡਰ ਕਰ ਲਈਆਂ ਹਨ। ਇਹ ਆਵਾਜ਼ ਕਿਸੇ ਆਸ਼ਕ ਮਿਜ਼ਾਜ ਲੜਕੇ ਦੀ ਹੈ, ਜੋ ਗੱਲਾਂ ਤੋਂ ਤਾਂ ਕਿਸੇ ਚੰਗੇ ਘਰਾਣੇ ਦਾ ਲੱਗਦਾ ਹੈ ਪ੍ਰੰਤੂ ਕਿਸੇ ਦੁਸ਼ਟ ਸੰਗਤ ਵਿਚ ਪੈ ਗਿਆ ਲਗਦਾ ਹੈ।" ਅਨੀਤਾ ਨੇ ਰੂਪਾ ਨੂੰ ਕਿਹਾ, "ਅੱਜ ਤੂੰ ਮੇਰੇ ਘਰ ਚੱਲ। ਅੱਜ ਤੂੰ ਉਸ ਦਾ ਘਰ ਵੀ ਦੇਖ ਲਵੇਂਗੀ ਤੇ ਉਸ ਦੁਸ਼ਟ ਨੂੰ ਪਛਾਣਨ ਵਿਚ ਮੇਰਾ ਛੋਟਾ ਭਰਾ ਅਸ਼ੋਕ ਵੀ ਕੁੱਝ ਮਦਦ ਕਰੇਗਾ।" ਅਨੀਤਾ ਨੇ ਕੈਸੇਟ ਨੂੰ ਆਪਣੇ ਹੱਥਾਂ ਵਿਚ ਲੈ ਲਿਆ। "ਅਨੀਤਾ ਤੂੰ ਇਹ ਕੈਸੇਟ ਅਸ਼ੋਕ ਨੂੰ ਨਾ ਸੁਣਾਈਂ ਕਿਉਂਕਿ ਉਸ ਦੁਸ਼ਟ ਵਿਅਕਤੀ ਨੇ ਬੇਹੱਦ ਗੰਦੀਆਂ ਗੱਲਾਂ ਕਹੀਆਂ ਹਨ।" ਰੂਪਾ ਅੱਗੇ ਵੱਧਦੀ ਹੋਈ ਬੋਲੀ। "ਠੀਕ ਹੈ ਤੂੰ ਬੇਫ਼ਿਕਰ ਰਹਿ, ਅਸੀ ਦੋਵੇਂ ਇਸ ਨੂੰ ਅਲੱਗ ਕਮਰੇ ਵਿਚ ਸੁਣਾਂਗੀਆਂ।" ਅਨੀਤਾ ਬੋਲੀ। ਜਦੋਂ ਦੋਵਾਂ ਨੇ ਬੰਦ ਕਮਰੇ ਵਿਚ ਟੇਪ ਲਗਾ ਕੇ ਆਵਾਜ਼ ਸੁਣੀ ਤਾਂ ਅਨੀਤਾ ਦੰਗ ਰਹਿ ਗਈ। ਉਸ ਦੇ ਮੂੰਹ ਵਿਚੋਂ ਅਚਾਨਕ ਨਿਕਲ ਗਿਆ, 'ਉਫ਼ ਏਨੀ ਗੰਦੀ ਹਰਕਤ ਕੀਤੀ ਹੈ" ਏਨਾ ਕਹਿ ਕੇ ਅਨੀਤਾ ਨੇ ਫਿਰ 2-3 ਵਾਰ ਆਵਾਜ਼ ਸੁਣੀ। ਫਿਰ ਮਾਂ ਨੂੰ ਬੁਲਾ ਕੇ ਵੀ ਸੁਣਾਈ। ਮਾਂ ਵੀ ਸੁਣ ਕੇ ਦੰਗ ਰਹਿ ਗਈ। ਅਸ਼ੋਕ ਜਦੋਂ ਕ੍ਰਿਕਟ ਖੇਡ ਕੇ ਘਰ ਆਇਆ ਤਾਂ ਮਾਂ ਉਸ ਕੋਲੋਂ ਬੈਟ ਖੋਹ ਕੇ ਉਸ ਨੂੰ ਬੈਟ ਨਾਲ ਕੁੱਟਣ ਲੱਗ ਪਈ। ਅਸ਼ੋਕ ਨੇ ਕਿਹਾ, "ਆਖ਼ਰ ਮੇਰਾ ਕਸੂਰ ਕੀ ਐ? ਤੁਸੀਂ ਮੈਨੂੰ ਇਸ ਤਰ੍ਹਾਂ ਕਿਉਂ ਕੁੱਟ ਰਹੇ ਹੋ?"

ਰੂਪਾ ਤੇ ਅਨੀਤਾ ਵੀ ਉਥੇ ਹੀ ਬੈਠੀਆਂ ਹੋਈਆਂ ਸਨ। ਅਨੀਤਾ ਨੇ ਟੇਪ ਚਾਲੂ ਕਰ ਦਿੱਤੀ। ਅਸ਼ੋਕ ਨੇ ਟੇਪ ਸੁਣਦੇ ਹੀ ਸਿਰ ਝੁਕਾ ਲਿਆ ਤੇ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ। ਉਹ ਮਾਂ ਦੇ ਸਾਹਮਣੇ ਰੂਪ ਦੇ ਪੈਰਾਂ ਤੇ ਡਿੱਗ ਪਿਆ ਤੇ ਕਹਿਣ ਲੱਗਾ, "ਦੀਦੀ ਮੈਨੂੰ ਮੁਆਫ਼ ਕਰ ਦਿਉ, ਮੇਰੇ ਕੋਲੋਂ ਬਹੁਤ ਵੱਡੀ ਗ਼ਲਤੀ ਹੋ ਗਈ ਐ, ਮੈਂ ਤਾਂ ਐਵੇਂ ਹੀ ਮਜ਼ਾ ਲੁੱਟਣ ਲਈ ਟੈਲੀਫ਼ੋਨ ਕਰਦਾ ਸੀ।" ਅਸ਼ੋਕ ਗਿੜਗਿੜਾ ਰਿਹਾ ਸੀ। ਰੂਪਾ ਨੇ ਅਨੀਤਾ ਤੇ ਉਸ ਦੀ ਮਾਂ ਵਲ ਵੇਖਿਆ। ਫਿਰ ਉਹ ਉਥੋਂ ਉਠ ਕੇ ਆਪਣੇ ਘਰ ਚਲੀ ਗਈ। ਅਨੀਤਾ ਦੀ ਮਾਂ ਉਸ ਨੂੰ ਰੋਕ ਨਾ ਸਕੀ। ਅਨੀਤਾ ਵੀ ਸ਼ਰਮ ਨਾਲ ਸਿਰ ਝੁਕਾ ਕੇ ਇਕ ਪਾਸੇ ਬੈਠੀ ਸੀ। ਅਸ਼ੋਕ ਦੀ ਸਮਝ ਵਿਚ ਹੁਣ ਸਭ ਕੁੱਝ ਆ ਗਿਆ ਸੀ। ਉਸ ਤੋਂ ਬਾਅਦ ਅਸ਼ੋਕ ਨੇ ਕਦੇ ਵੀ ਟੈਲੀਫ਼ੋਨ ਦਾ ਗ਼ਲਤ ਪ੍ਰਯੋਗ ਨਾ ਕੀਤਾ।

-ਗੁਰਪ੍ਰੀਤ ਸਿੰਘ ਬੱਬਲ

# ਵਿਅੰਗ

## ਮੂਰਖਾਂ ਦੇ ਸਿਰ ਸਿੰਗ

ਇਕ ਤਾਂ ਕਲਯੁਗ ਆਪਣੇ ਪੂਰੇ ਜਾਹੋ-ਜਲਾਲ 'ਤੇ ਸੀ ਤੇ ਉਤੋਂ ਪੈ ਗਿਆ ਕਾਂਸ਼ੀ ਤੋਂ ਵਿਦਿਆ ਹਾਸਲ ਕਰ ਕੇ ਆਏ ਪੰਡਤ ਸ਼ਰਧਾ ਰਾਮ ਦਾ ਪਿੰਡ ਦੇ ਅਨਪੜ੍ਹ ਤੇ ਗਵਾਰ ਬੇਵਕੂਫ਼ ਲੋਕਾਂ ਨਾਲ। ਪੰਡਤ ਸ਼ਰਧਾ ਰਾਮ ਨੂੰ ਗਰਮੀ ਬਹੁਤ ਹੀ ਜ਼ਿਆਦਾ ਹੋਣ ਕਾਰਨ ਖ਼ੂਹ 'ਤੇ ਪਾਣੀ ਭਰ ਰਹੀਆਂ ਮੁਟਿਆਰਾਂ ਨੂੰ ਵੇਖ ਕੇ ਤ੍ਰੇਹ ਕੁੱਝ ਹੋਰ ਹੀ ਜ਼ਿਆਦਾ ਲੱਗ ਗਈ। ਖ਼ੂਹ ਕੋਲ ਪਹੁੰਚ ਕੇ ਉਹ ਬੋਲਿਆ, "ਧੀਏ ਦੋ ਘੁੱਟ ਪਾਣੀ ਹੀ ਪਿਲਾ, ਬਹੁਤ ਹੀ ਤ੍ਰਿਹਾਇਆ ਹਾਂ। ਬਹੁਤ ਹੀ ਲੰਮਾ ਪੰਧ ਕੱਟ ਕੇ ਆ ਰਿਹਾ ਹਾਂ। ਇਕ ਤੇ ਆਹ ਗਰਮੀ, ਦੂਜੀ ਥਕਾਵਟ ਤੇ ਤੀਜਾ ਤ੍ਰੇਹ ਨਾਲ ਬੁਰਾ ਹਾਲ ਹੈ ਮੇਰਾ।" "ਲਉ ਪੰਡਤ ਜੀ ਪੀਉ ਪਾਣੀ।" ਇਕ ਮੁਟਿਆਰ ਆਪਣੇ ਸਿਰ 'ਤੇ ਦੁਪੱਟੇ ਨੂੰ ਠੀਕ ਕਰਦੀ ਹੋਈ ਬੋਲੀ। ਪੰਡਤ ਸ਼ਰਧਾ ਰਾਮ ਨੇ ਬੁੱਕ ਨਾਲ ਪਾਣੀ ਪੀਤਾ ਤੇ ਉਸ ਨੂੰ ਅਸੀਸਾਂ ਦਿੰਦਾ ਹੋਇਆ ਜਿਉਂ ਹੀ ਆਪਣੇ ਪਿੰਡ ਵੱਲ ਨੂੰ ਤੁਰਨ ਲੱਗਾ ਤਾਂ ਲਾਗੇ ਪਿੱਪਲ ਥੱਲੇ ਬੈਠੀ ਮੁਸ਼ਟੰਡਿਆਂ ਦੀ ਢਾਣੀ 'ਚੋਂ ਇਕ ਪੰਡਤ ਜੀ ਕੋਲ ਆਇਆ ਤੇ ਪੁੱਛਣ ਲੱਗਾ, "ਪੰਡਤ ਜੀ, ਕਿਵੇਂ ਆਉਣੇ ਹੋ ਰਹੇ ਹਨ?" "ਕਾਸ਼ੀ ਜੀ ਤੋਂ ਵਿੱਦਿਆ ਹਾਸਲ ਕਰ ਕੇ ਆਇਆ ਹਾਂ ਜਜਮਾਨਾ ਤੇ ਹੁਣ ਮੈਂ ਆਪਣੇ ਪਿੰਡ ਵਾਪਸ ਜਾ ਰਿਹਾ ਹਾਂ।" "ਕੀ ਕਿਹਾ, ਕਾਸ਼ੀ ਜੀ ਤੋਂ ਪੜ੍ਹ ਕੇ ਆਏ ਹੋ?" ਉਹ ਹੈਰਾਨੀ ਨਾਲ ਬੋਲਿਆ। "ਹਾਂ ਹਾਂ, ਮੈਂ ਅੱਜ ਹੀ ਕਾਸ਼ੀ ਜੀ ਪਾਸ ਕਰ ਕੇ ਆਇਆ ਹਾਂ।" ਪੰਡਤ ਜੀ ਬੜੇ ਹੌਂਸਲੇ ਤੇ ਖ਼ੁਸ਼ੀ ਨਾਲ ਬੋਲੇ। "ਪਰ ਪੰਡਿਤ ਜੀ ਇਕ ਗੱਲ ਤਾਂ ਮੈਂ ਕਹਿਣੋਂ ਨਹੀਂ ਰਹਿ ਸਕਦਾ ਕਿ ਭਾਵੇਂ ਤੁਸੀਂ ਕਾਸ਼ੀ ਜੀ ਪਾਸ ਕਰ ਕੇ ਆਏ ਹੋਵੋ, ਭਾਵੇਂ ਕੁੱਝ ਹੋਰ, ਪਰ ਇਕ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਤੁਸੀਂ ਸਾਡੇ ਹੀ ਪਿੰਡ ਦੇ ਪੰਡਤ ਦੀਨ ਦਿਆਲ ਤੋਂ ਜ਼ਿਆਦਾ ਗਿਆਨਵਾਨ ਨਹੀਂ ਹੋ ਸਕਦੇ। ਪੰਡਤ ਜੀ ਤਾਂ ਬਹੁਤ ਹੀ ਬੁੱਧੀਮਾਨ ਹਨ।" "ਅੱਛਾ ਜਜਮਾਨਾ ਇਹ ਤਾਂ ਬੜੀ ਖ਼ੁਸ਼ੀ ਦੀ ਗੱਲ ਹੈ। ਵਾਕਿਆ ਹੀ ਉਹ ਗਿਆਨਵਾਨ ਹੋਣਗੇ ਅਤੇ ਮੈਂ ਹਰੇਕ ਗਿਆਨਵਾਨ ਬੁੱਧੀਜੀਵੀ 'ਚ ਰੱਬ ਦਾ ਰੂਪ ਵੇਖਦਾ ਹਾਂ।" "ਨਹੀਂ ਪੰਡਤ ਜੀ ਨਹੀਂ ਖ਼ਾਲੀ ਏਦਾਂ ਕਹਿ ਕੇ ਹੀ ਨਹੀਂ ਸਰਨਾ, ਅਸੀ ਤਾਂ ਤੁਹਾਨੂੰ ਤਾਂ ਹੀ ਕਾਸ਼ੀ ਜੀ ਪਾਸ ਸਮਝਾਂਗੇ ਜੇਕਰ ਤੁਸੀ ਸਾਡੇ ਪਿੰਡ ਦੇ ਪੰਡਤ ਨਾਲ ਗਿਆਨ ਗੋਸ਼ਟੀ ਕਰੋ। ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਵੋ। ਜੇਕਰ ਤੁਸੀਂ ਸਾਡੇ ਪਿੰਡ ਦੇ ਪੰਡਤ ਨੂੰ ਹਰਾ ਦਿਤਾ ਤਾਂ ਅਸੀਂ ਤੁਹਾਨੂੰ ਕਾਸ਼ੀ ਪਾਸ ਪੰਡਤ ਮੰਨਾਂਗੇ। ਜੇਕਰ ਹਾਰ ਗਏ ਤਾਂ ਤੁਸੀ ਏਹੀ ਸਮਝਣਾ ਕਿ ਤੁਸੀ ਆਪਣੀ ਵਿੱਦਿਆ ਵਿਚ ਪਰਪੱਕ ਨਹੀਂ ਹੋ ਸਕੇ।" "ਪਰ ਜਜਮਾਨਾ ਮੈਂ ਕਦੋਂ ਇਹ ਕਹਿ ਰਿਹਾ ਹਾਂ ਕਿ ਤੁਹਾਡੇ ਪਿੰਡ ਦਾ ਪੰਡਿਤ ਸੂਝਵਾਨ ਜਾਂ ਗਿਆਨਵਾਨ ਨਹੀਂ?" "ਪੰਡਤ ਜੀ ਤੁਸੀਂ ਭਾਵੇਂ ਕਹੋ ਜਾਂ ਨਾ ਪਰ ਤੁਹਾਨੂੰ ਸਾਡੇ ਪਿੰਡ ਦੇ ਪੰਡਤ ਨਾਲ ਮੁਕਾਬਲਾ ਕਰਨਾ ਹੀ ਪਊਗਾ।" ਆਖ਼ਰ ਪੰਡਤ ਜੀ ਨੂੰ ਇਹ ਸਮਝ ਵਿਚ ਆ ਗਈ ਬਈ ਬਿਨਾ ਮੁਕਾਬਲਾ ਕੀਤਿਆਂ ਇਨ੍ਹਾਂ ਮੂਰਖਾਂ 'ਤੇ ਅਕਲ ਦਿਆਂ ਅੰਨ੍ਹਿਆਂ ਤੋਂ ਖਹਿੜਾ ਨਹੀਂ ਛੁਟਣਾ।

ਸੋ ਉਨ੍ਹਾਂ ਨੇ ਮੁਕਾਬਲੇ ਲਈ ਅਪਣੀ ਹਾਮੀ ਭਰ ਦਿੱਤੀ। ਬਸ ਫਿਰ ਕੀ ਸੀ, ਵੇਂਹਦਿਆਂ ਹੀ ਵੇਂਹਦਿਆਂ ਪਿੰਡ ਦੇ ਕਈ ਬਜ਼ੁਰਗ ਤੇ ਕਈ ਜਵਾਨ ਯਾਨੀ ਹਰੇਕ ਬੰਦਾ ਪਿੰਡ ਦੇ ਚੌਪਾਲ 'ਤੇ ਇਕੱਠੇ ਹੋ ਗਏ। ਚੌਪਾਲ ਦੇ ਐਨ ਵਿਚਕਾਰ ਦੋ ਮੰਜੀਆਂ ਡਾਹੀਆਂ ਗਈਆਂ ਤੇ ਉਨ੍ਹਾਂ ਉਪਰ ਬਹੁਤ ਹੀ ਸਾਫ਼-ਸੁਥਰੀਆਂ ਚਾਦਰਾਂ ਵੀ ਵਿਛਾ ਦਿਤੀਆਂ ਗਈਆਂ। ਇਕ ਮੰਜੇ 'ਤੇ ਪੰਡਤ ਸ਼ਰਧਾ ਰਾਮ ਨੂੰ ਬਿਠਾ ਦਿਤਾ ਗਿਆ ਤੇ ਦੂਸਰੇ 'ਤੇ ਪੰਡਤ ਦੀਨ ਦਿਆਲ ਨੂੰ। ਹਰ ਪਾਸੇ ਘੁਸਰ ਮੁਸਰ ਹੋ ਰਹੀ ਸੀ। ਆਖ਼ਰ ਪਿੰਡ ਦਾ ਹੀ ਇਕ ਬੇਵਕੂਫ਼ ਤੇ ਅਨਪੜ੍ਹ ਜਿਹਾ ਆਦਮੀ ਖੜਾ ਹੋਇਆ ਤੇ ਲੱਗ ਪਿਆ ਭਾਸ਼ਣ ਦੇਣ, "ਪਿੰਡ ਵਾਲਿਉ, ਅੱਜ ਅਪਣੇ ਪਿੰਡ ਕਾਂਸ਼ੀ ਜੀ ਤੋਂ ਉਚ ਵਿਦਿਆ ਪ੍ਰਾਪਤ ਕਰ ਕੇ ਪੰਡਤ ਸ਼ਰਧਾ ਰਾਮ ਜੀ ਲੰਘ ਰਹੇ ਸਨ ਤੇ ਅਸੀ ਇਹ ਫ਼ੈਸਲਾ ਕੀਤਾ ਕਿ ਕਿਉਂ ਨਾ ਅਸੀ ਇਨ੍ਹਾਂ ਦਾ ਮੁਕਾਬਲਾ ਅਪਣੇ ਹੀ ਪਿੰਡ ਦੇ ਪੰਡਤ ਦੀਨ ਦਿਆਲ ਜੀ ਨਾਲ ਕਰਵਾ ਕੇ ਵੇਖੀਏ। ਇਸ ਨਾਲ ਸਾਨੂੰ ਇਹ ਮੁਕਾਬਲਾ ਵੇਖਣ ਦਾ ਮੌਕਾ ਮਿਲੇਗਾ, ਨਾਲੇ ਅਸੀ ਵੀ ਵੇਖਾਂਗੇ ਕਿ ਕਾਸ਼ੀ ਜੀ ਪਾਸ ਪੰਡਤ ਕਿੰਨੇ ਕੁ ਗਿਆਨਵਾਨ ਹੋ ਕੇ ਕਾਸ਼ੀ ਜੀ ਤੋਂ ਵਾਪਸ ਆਏ ਹਨ। ਹਾਂ ਇਕ ਗੱਲ ਜੋ ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਮੁਕਾਬਲੇ ਵਿਚ ਕਾਸ਼ੀ ਜੀ ਪਾਸ ਪੰਡਤ ਸਾਡੇ ਪਿੰਡ ਦੇ ਪੰਡਤ, ਦੀਨ ਦਿਆਲ ਨੂੰ ਕਿਸੇ ਵੀ ਹਾਲਤ ਵਿਚ ਹਰਾ ਨਹੀਂ ਸਕਣਗੇ।" "ਹਾਂ ਹਾਂ ਇਹ ਸੱਚ ਹੈ।" ਪਿੰਡ ਦੇ ਲੋਕ ਆਪਸ ਵਿਚ ਇਸੇ ਤਰ੍ਹਾਂ ਦੀਆਂ ਕਿਆਸਅਰਾਈਆਂ ਕਰਨ ਲੱਗ ਪਏ। ਆਖ਼ਰ ਪਿੰਡ ਦੇ ਸਾਰੇ ਲੋਕ ਦੋਹਾਂ ਪੰਡਤਾਂ ਵਲ ਚੁੱਪ-ਚਾਪ ਬਿਟਰ-ਬਿਟਰ ਵੇਖਣ ਲੱਗ ਪਏ। ਪੰਡਤ ਸ਼ਰਧਾ ਰਾਮ ਨੇ ਪਹਿਲਾਂ ਤਾਂ ਇਹੀ ਸੋਚਿਆ ਸੀ ਕਿ ਪਹਿਲਾ ਸਵਾਲ ਪੰਡਤ ਦੀਨ ਦਿਆਲ ਹੀ ਕਰੇਗਾ ਪਰ ਪੰਡਤ ਦੀਨ ਦਿਆਲ ਸੀ ਕਿ ਕੁੱਝ ਵੀ ਪੁੱਛਗਿੱਛ ਨਹੀਂ ਸੀ ਕਰ ਰਿਹਾ। ਪੰਡਤ ਸ਼ਰਧਾ ਰਾਮ ਨੂੰ ਇਹ ਚੁੱਪੀ ਬਹੁਤ ਹੀ ਅਖਰੀ ਤੇ ਆਖ਼ਰ ਆਪ ਮੁਹਾਰੇ ਹੀ ਬੋਲ ਉਠੇ, "ਪੰਡਤ ਦੀਨ ਦਿਆਲ ਜੀ ਕੁੱਝ ਉਚਰੋ।" ਯਾਨੀ ਕੁੱਝ ਉਚਾਰੋ, ਪੁੱਛੋ ਫ਼ਰਮਾਉ। ਇਤਨਾ ਕਹਿਣ ਦੀ ਦੇਰ ਸੀ ਕਿ ਪੰਡਤ ਦੀਨ ਦਿਆਲ ਬਗ਼ੈਰ ਕੁੱਝ ਸੋਚੇ ਸਮਝੇ ਹੀ ਆਪ ਮੁਹਾਰੇ ਬੋਲ ਉਠਿਆ, "ਉਚਰੋ, ਮੁਚਰੋ, ਢੁਚਰੋ।" ਏਨਾ ਕਹਿ ਕੇ ਉਸ ਨੇ ਬੜੇ ਗਰੂਰ ਅਤੇ ਆਕੜ ਨਾਲ ਮੁਸਕਰਾਉਂਦੇ ਹੋਏ ਪਿੰਡ ਵਾਸੀਆਂ ਵਲ ਵੇਖਿਆ ਅਤੇ ਪਿੰਡ ਵਾਸੀ ਤਾਂ ਜਿਵੇਂ ਖ਼ੁਸ਼ੀ ਨਾਲ ਬਾਗ਼ੋਬਾਗ਼ ਹੋ ਗਏ। ਅਖੇ ਪੰਡਤ ਸ਼ਰਧਾ ਰਾਮ ਨੇ ਇਕ ਪ੍ਰਸ਼ਨ ਪੁਛਿਆ 'ਤੇ ਉਨ੍ਹਾਂ ਦੇ ਪਿੰਡ ਦੇ ਪੰਡਤ ਦੀਨ ਦਿਆਲ ਨੇ ਤਿੰਨ ਜੁਆਬ ਦੇ ਦਿਤੇ। ਸਾਰੇ ਹੀ ਪਿੰਡ ਵਾਸੀ ਇਸ ਗੱਲਬਾਤ ਤੋਂ ਬਹੁਤ ਹੀ ਖ਼ੁਸ਼ ਨਜ਼ਰ ਆ ਰਹੇ ਸਨ ਤੇ ਪੰਡਤ ਦੀਨ ਦਿਆਲ ਨੂੰ ਬੜੀਆਂ ਹੀ ਸ਼ਰਧਾ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਪਰ ਉਧਰ ਪੰਡਤ ਸ਼ਰਧਾ ਰਾਮ ਉਸ ਦੀ ਗੱਲਬਾਤ ਸੁਣ ਕੇ ਹੈਰਾਨ ਹੋ ਰਹੇ ਸਨ ਅਤੇ ਸੋਚ ਰਹੇ ਸਨ ਕਿ ਕਿਥੇ ਇਨ੍ਹਾਂ ਗਵਾਰ ਤੇ ਮੂਰਖ ਲੋਕਾਂ ਵਿਚ ਫਸ ਗਏ। ਆਖ਼ਰ ਹੈਰਾਨਗੀ ਨਾਲ ਉਹ ਅਪਣੇ ਮਨ ਨਾਲ ਹੀ ਗੱਲਾਂ ਕਰਦੇ ਆਪ ਮੁਹਾਰੇ ਹੀ ਪੁੱਛ ਬੈਠੇ, "ਇਹ ਕੀ?" ਪੰਡਤ ਸ਼ਰਧਾ ਰਾਮ ਦੇ ਮੂੰਹੋਂ ਇਤਨਾ ਹੀ ਨਿਕਲਿਆ ਕਿ ਸ਼ੁਰੂ ਹੋ ਗਿਆ ਪੰਡਤ ਦੀਨ ਦਿਆਲ, "ਏਹ ਕੀ ਬੇਹਕੀ, ਟੇਹਕੀ।" ਪਿੰਡ ਵਾਲਿਆਂ ਨੇ ਜ਼ੋਰਦਾਰ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਹਰ ਪਾਸੇ ਹੋ ਹੱਲਾ ਸ਼ੁਰੂ ਹੋ ਗਿਆ ਤੇ ਪੰਡਤ ਸ਼ਰਧਾ ਰਾਮ ਨੇ ਇਹ ਸੋਚ ਲਿਆ ਕਿ ਇਨ੍ਹਾਂ ਮੂਰਖ ਤੇ ਬੇਵਕੂਫ਼ਾਂ ਅਤੇ ਪੰਡਤ ਤੋਂ ਖਹਿੜਾ ਛੁਡਵਾਉਣ ਲਈ ਇਕ ਹੀ ਗੱਲ ਕਾਰਗਰ ਹੋ ਸਕਦੀ ਹੈ, "ਇਕ ਚੁੱਪ ਸੋ ਸੁੱਖ।" ਉਹ ਬਗ਼ੈਰ ਕੁੱਝ ਬੋਲੇ ਨੀਵੀਂ ਪਾ ਕੇ ਬੈਠ ਗਏ ਕਿ ਜਿਵੇਂ ਉਹ ਪਿੰਡ ਦੇ ਪੰਡਤ ਤੋਂ ਸੁਆਲਾਂ ਜੁਆਬਾਂ ਵਿਚ ਹਾਰ ਗਏ ਹੋਣ। ਪਿੰਡ ਵਾਲਿਆਂ ਦੇ ਹੌਂਸਲੇ ਹੋਰ ਵੀ ਦੁਗਣੇ ਹੋ ਗਏ ਸਨ। ਉਹ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਕਿਵੇਂ ਕਾਸ਼ੀ ਪਾਸ ਪੰਡਤ ਦੇ ਇਕ ਇਕ ਸਵਾਲ ਦਾ ਜਵਾਬ ਉਨ੍ਹਾਂ ਦੇ ਪਿੰਡ ਦੇ ਸੂਝਵਾਨ ਤੇ ਗਿਆਨਵਾਨ ਪੰਡਤ ਨੇ ਤਿੰਨ-ਤਿੰਨ ਉੱਤਰ ਦੇ ਕੇ ਕਾਸ਼ੀ ਪਾਸ ਪੰਡਤ ਨੂੰ ਹਰਾ ਦਿਤਾ ਅਤੇ ਇਸੇ ਹੀ ਹੱਲੇ ਵਿਚ ਪਿੰਡ ਵਾਲਿਆਂ ਨੂੰ ਇਹ ਪਤਾ ਵੀ ਨਾ ਲੱਗਾ ਕਿ ਕਿਹੜੇ ਵੇਲੇ ਪੰਡਤ ਸ਼ਰਧਾ ਰਾਮ ਜੀ ਉਨ੍ਹਾਂ 'ਚੋਂ ਦੂਰ ਨਿਕਲ ਕੇ ਅਪਣੇ ਪਿੰਡ ਵਲ ਨੂੰ ਜਾਂਦੇ ਹੋਏ ਮੂਰਖ ਪੰਡਤ ਦੀਨ ਦਿਆਲ ਦੀਆਂ ਗੱਲਾਂ ਬਾਰੇ ਸੋਚ-ਸੋਚ ਕੇ ਮੁਸਕਰਾ ਰਹੇ ਸਨ ਕਿ "ਮੂਰਖਾਂ ਦੇ ਸਿਰ ਕਿਹੜਾ ਸਿੰਗ ਹੁੰਦੇ ਹਨ।"

-ਸ਼ਾਮ ਸਿੰਘ ਸੰਧੂ

# ਹਾਸ- ਅਨਪੜ੍ਹਤਾ ਜ਼ਿੰਦਾਬਾਦ

ਕੁੱਝ ਨੌਜਵਾਨ 'ਕਾਲਜ ਬੰਦ ਕਰੋ, ਜਾਂ ਨੌਕਰੀਆਂ ਕੱਢੋ' ਦੇ ਨਾਅਰੇ ਬੁਲੰਦ ਕਰ ਰਹੇ ਸਨ। ਉਨ੍ਹਾਂ ਦਾ ਨੇਤਾ ਉੱਚੀ ਆਵਾਜ਼ ਵਿਚ 'ਅਨਪੜ੍ਹਤਾ ਜ਼ਿੰਦਾਬਾਦ, ਅਨਪੜ੍ਹਤਾ ਜ਼ਿੰਦਾਬਾਦ' ਦਾ ਰਾਗ ਅਲਾਪ ਰਿਹਾ ਸੀ ਅਤੇ ਬਾਕੀ ਉਸ ਦੀ ਰੀਸੋ-ਰੀਸ ਇਹੀ ਵਾਕ ਦੁਹਰਾ ਰਹੇ ਸਨ। ਖ਼ੂਬ ਰੌਲਾ ਗੌਲਾ ਮਚਿਆ ਹੋਇਆ ਸੀ। ਤੀਆਂ ਵਰਗੀ ਰੌਣਕ ਸੀ। ਮੈਂ ਵੀ ਇਸ ਰੋਸ ਮਾਰਚ ਵਿਚ ਜਾ ਵੜਿਆ ਅਤੇ ਜਾ ਕੇ ਇਸ ਰੈਲੀ ਦੇ ਪ੍ਰਧਾਨ ਦੇ ਹੱਥੋਂ ਉਹ ਪਰਚਾ ਪਿਛੋਂ ਦੀ ਚੋਰੀ ਖਿੱਚ ਲਿਆ, ਜਿਸ ਤੋਂ ਪੜ੍ਹ ਕੇ ਉਸ ਨੇ ਭਾਸ਼ਨ ਦੇਣਾ ਸੀ। ਉਹ ਅਤੇ ਉਸ ਦੇ ਸਾਥੀ ਪਿੱਛੇ-ਪਿੱਛੇ ਅਤੇ ਜਨਾਬ ਕਲਮ ਘਸੀਟ ਤੁਹਾਡੇ ਦਾਸ ਲੇਖਕ ਸਾਹਿਬ ਜੀ ਅੱਗੇ ਅੱਗੇ। ਅਨਪੜ੍ਹ ਹੋਣ ਕਰ ਕੇ ਮੈਂ ਤਾਂ ਉਨ੍ਹਾਂ ਨੂੰ ਚਕਮਾ ਦੇਣ ਵਿਚ ਸਫ਼ਲ ਰਿਹਾ ਪਰ ਉਹ ਵਿਚਾਰੇ ਲੱਗ ਗਏ ਬਹਿਸ ਕਰਨ ਤੇ ਇਕ ਦੂਜੇ 'ਤੇ ਇਲਜ਼ਾਮ ਲਗਾਉਣ, ਤੂੰ ਉਸ ਨੂੰ ਨਹੀਂ ਫੜਿਆ, ਤੂੰ ਪਰਚਾ ਹੱਥੋਂ ਖੁਹਾਇਆ ਹੀ ਕਿਉਂ? ਤੇ ਇਹੀ ਪਰਚਾ ਹੁਣ ਤੁਹਾਡੀ ਸੇਵਾ ਵਿਚ ਹਾਜ਼ਰ ਕਰ ਰਿਹਾ ਹਾਂ। ਮੇਰੇ ਵਿਅੰਗਾਂ ਵਿਚ ਤਾਂ ਵਿਅੰਗਾਂ ਵਾਲੀ ਕੋਈ ਗੱਲ ਨਹੀਂ ਹੁੰਦੀ ਪਰ ਇਹ ਪੜ੍ਹੇ ਲਿਖੇ ਬੇਰੁਜ਼ਗਾਰ ਦੁਖੀਆਂ ਦਾ ਐਲਾਨਨਾਮਾ ਸ਼ਾਇਦ ਤੁਹਾਡੇ ਕੰਨ ਕੁੱਝ ਖੋਲ੍ਹ ਸਕੇ, ਖ਼ਾਸ ਕਰ ਕੇ ਸਰਕਾਰ ਦੇ ਅਤੇ ਸਰਕਾਰੀ ਬੰਦਿਆਂ ਦੇ। ਬਾਕੀ "ਮੁਦਈ ਲਾਖ ਬੁਰਾ (ਜਾਂ ਚੰਗਾ) ਚਾਹੇ, ਕਿਯਾ ਹੋਤਾ ਹੈ, ਹੋਤਾ ਵਹੀ ਹੈ, ਜੋ ਮਨਜ਼ੂਰ-ਏ-ਖ਼ੁਦਾ ਹੋਤਾ ਹੈ।"

ਪੜ੍ਹ ਕੇ ਇਹੀ ਜਵਾਨ ਨੌਕਰੀਆਂ ਮੰਗਣਗੇ ਅਤੇ ਨੌਕਰੀਆਂ ਤਾਂ ਅੱਗੇ ਹੀ ਹੈ ਨਹੀਂ ਤੇ ਇਹ ਬੇਰੁਜ਼ਗਾਰ ਦੀ ਤਖ਼ਤੀ ਗਲ ਵਿਚ ਲਟਕਾ ਕੇ ਕਦੀ ਇਧਰ ਤੇ ਕਦੇ ਓਧਰ ਫਿਰਨਗੇ। ਫਿਰ ਹੱਥੀਂ ਕੱਖ ਭੰਨ ਕੇ ਦੂਹਰਾ ਕਰਨਾ ਵੀ ਅਪਣੀ ਬੇਇਜ਼ਤੀ ਸਮਝਣ ਲੱਗਣਗੇ, ਜਿਵੇਂ ਕਿ ਅੱਜਕੱਲ੍ਹ ਦੇ ਡਿਗਰੀ ਜਾਂ ਡਿਪਲੋਮਾ ਹੋਲਡਰ ਕਰਦੇ ਹਨ। ਇਹ ਪੜ੍ਹੇ ਲਿਖੇ ਅਨਪੜ੍ਹ ਹਨ, ਕਿਉਂਕਿ ਸਕੂਲਾਂ ਕਾਲਜਾਂ ਵਿਚ ਗੇੜੇ ਕੱਢ ਕੇ ਆਉਣ ਵਾਲੇ ਜ਼ਿਆਦਾਤਰ ਵਿੱਦਿਅਕ ਸੰਥਾਵਾਂ ਵਿਚ ਸੈਰ ਕਰਨ, ਸਮਾਂ ਲੰਘਾਉਣ ਜਾਂ ਅ[illegible] ਹਨ ਜਾਂਦੇ ਹਨ ਅਤੇ ਪੇਪਰਾਂ ਦੇ [illegible] ਵਿਚ ਉਂਗਲ ਟੇਢੀ ਕਰ ਕੇ ਘਿਉ ਕੱਢ ਲੈਂਦੇ ਹਨ। ਨਕਲ ਮਾਰ ਕੇ ਉਸਤਾਦੀ ਕਰਦੇ ਹਨ। ਅਜਿਹੇ ਪੜ੍ਹੇ-ਲਿਖੇ ਅਨਪੜ੍ਹਾਂ ਨਾਲੋਂ ਤਾਂ ਅਨਪੜ੍ਹ ਹੀ ਸੌ, ਹਜ਼ਾਰ ਗੁਣਾਂ ਬਿਹਤਰ ਹਨ। ਘੱਟੋ-ਘੱਟ ਕੰਮ ਕਰਨ ਤੋਂ ਸ਼ਰਮਾਉਂਦੇ ਤਾਂ ਨਹੀਂ। ਸਭ ਕੁੱਝ ਆਉਂਦੇ ਹੋਣ ਦਾ ਫੋਕਾ ਤੇ ਝੂਠਾ ਦਾਅਵਾ ਤਾਂ ਨਹੀਂ ਕਰਦੇ। ਖ਼ੈਰ ਕਿਉਂ ਸਰਕਾਰ ਨੂੰ ਅਨਪੜ੍ਹਤਾ ਨੂੰ ਲਗਾਮ ਲਾਉਣ ਦਾ



ਚਾਅ ਚੜ੍ਹਿਆ ਹੋਇਆ ਹੈ? ਭਲਾ ਸਰਕਾਰ ਨੂੰ ਕੀ ਲੋੜ ਏ ਲੋਕਾਂ ਦੀਆਂ ਸਮੱਸਿਆਵਾਂ 'ਚ ਵਾਧਾ ਕਰਨ ਦੀ? ਅੱਗੇ ਮੁਸੀਬਤਾਂ ਘੱਟ ਨੇ ਜੋ ਹਰਾਂ ਨੂੰ ਸੱਦਾ ਦੇ ਰਹੇ ਹਨ, ਜੀ ਆਇਆ ਨੂੰ, ਵੈਲਕਮ, ਖ਼ੁਸ਼ਾਮਦੀਦ ਆਖ ਰਹੇ ਹਨ? ਭਲਾ ਜੇ ਲੋਕ ਪੜ੍ਹ ਲਿਖ ਗਏ ਤਾਂ ਲੋਹੜਾ ਆ ਜਾਣਾ ਏ। ਹਾਂ, ਜੇ ਕਿਸੇ ਨੂੰ ਪੜ੍ਹ ਲਿਖ ਕੇ ਨੌਕਰੀ ਮਿਲ ਗਈ ਤਾਂ ਫਿਰ ਛੋਕਰੀ ਵੀ ਮਿਲੇਗੀ ਤੇ ਫਿਰ ਘਰ ਵਿਚ ਮੁੰਡਾ ਜੰਮਣ 'ਤੇ ਲੋਹੜੀ ਸ਼ਾਇਦ ਆ ਜਾਵੇ ਪਰ ਅਜਿਹੇ ਚਾਂਸ ਬਹੁਤ ਘੱਟ ਹਨ।

ਐਵੇਂ ਸਾਰੀ ਦੁਨੀਆਂ ਪੜ੍ਹਾਈ ਦੇ ਮਗਰ ਪਈ ਹੋਈ ਹੈ। ਕੀ ਪਿਆ ਏ ਪੜ੍ਹਨ ਪੜ੍ਹਾਉਣ ਵਿਚ? ਮੈਨੂੰ ਤਾਂ ਸਰਕਾਰ ਹੀ ਬਾਵਰੀ ਹੋਈ ਜਾਪਦੀ ਏ, ਅਖੇ ਪੜ੍ਹਾਈ ਦਾ ਪਸਾਰ ਕਰਨਾ ਹੈ। ਕੀ ਰਖਿਆ ਏ ਇਨ੍ਹਾਂ ਪੜ੍ਹਾਈਆਂ ਵਿਚ? ਸਮਝ ਨਹੀਂ ਆਉਂਦੀ। ਐਵੇਂ ਉੱਚ ਸਿਖਿਆ, ਪ੍ਰਾਇਮਰੀ ਸਿਖਿਆ ਅਤੇ ਮੈਡੀਕਲ ਸਿਖਿਆ ਦੇ ਪਿਛੇ ਹੱਥ-ਮੂੰਹ ਧੋ ਕੇ ਪਏ ਹੋਏ ਨੇ। ਮੈਨੂੰ ਬਣਾਉ ਨਾ ਪ੍ਰਧਾਨ ਮੰਤਰੀ ਜਾਂ ਸਿਖਿਆ ਮੰਤਰੀ, ਤੇ ਮੈਂ ਲਾਵਾਂਗਾ ਪਾਬੰਦੀ ਪੜ੍ਹਾਈਆਂ 'ਤੇ। ਐਵੇਂ ਪੜ੍ਹਨ ਪੜ੍ਹਨ ਲਾਈ ਏ। ਸਰਕਾਰ ਵੀ ਕਮਲੀ ਏ। ਬਈ ਜੇ ਨੌਕਰੀਆਂ ਨਹੀਂ ਤਾਂ ਪੜ੍ਹਾਉਣ ਦਾ ਕੀ ਫ਼ਾਇਦਾ? ਅਪਣੇ ਕਾਲਜ ਕਿਹੜਾ ਅਮਰੀਕੀ ਸਕੂਲਾਂ ਵਰਗੇ ਹਨ, ਜਿਥੇ ਕਾਲਜ ਵਿਚ ਕੋਈ ਵਿਰਲਾ ਹੀ ਜਾਂਦਾ ਹੈ ਅਤੇ ਜੋ ਜਾਂਦਾ ਹੈ, ਉਹ ਐਨ ਸਿਰੇ ਦਾ ਬਣ ਕੇ ਹੀ ਨਿਕਲਦਾ ਹੈ। ਅਸੀਂ ਹਜ਼ਾਰਾਂ ਦੀ ਗਿਣਤੀ ਵਿਚ ਬੱਚਿਆਂ ਨੂੰ ਕਾਲਜਾਂ ਦੀ ਸੈਰ ਦਾ ਮੌਕਾ ਦਿੰਦੇ ਹਾਂ ਪਰ ਕੀ ਉਨ੍ਹਾਂ ਨੂੰ ਐਨੀ ਸਿਖਿਆ ਜਾਂ ਸਿਖਲਾਈ ਦਿੰਦੇ ਹਾਂ, ਜਿਸ ਨਾਲ ਉਹ ਅਪਣੇ ਪੈਰਾਂ ਤੇ ਖੜ ਸਕਣ, ਕੁੱਝ ਕਰ ਸਕਣ। ਨਹੀਂ? ਫਿਰ ਪੜ੍ਹਾਉਣ ਦਾ ਕੀ ਫ਼ਾਇਦਾ? ਕਾਗ਼ਜ਼ੀ ਸ਼ੇਰ ਕਿਸ ਦਾ ਸ਼ਿਕਾਰ ਕਰਨਗੇ? ਕਿੰਨਾ ਚੰਗਾ ਹੋਵੇ ਜੇ ਦੇਸ਼ ਦਾ ਹਰ ਸਖ਼ਸ਼ ਅਨਪੜ੍ਹ ਹੋਵੇ। ਨਾ ਕੋਈ ਰੌਲਾ, ਨਾ ਕੋਈ ਗੌਲਾ, ਨਾ ਨੌਕਰੀ ਦੀ ਮੰਗ ਅਤੇ ਨਾ ਬੰਦ ਅਤੇ ਨਾ ਹੜਤਾਲਾਂ...। ਇਸ ਨਾਲ ਅਮਨ ਸ਼ਾਂਤੀ ਬਰਕਰਾਰ ਰਹੇਗੀ ਅਤੇ ਕਾਨੂੰਨ ਜਾਂ ਅਨੁਸ਼ਾਸ਼ਨ ਦੀ ਕੋਈ ਸਮੱਸਿਆ ਵੀ ਪੈਦਾ ਨਹੀਂ ਹੋਵੇਗੀ। ਪੜ੍ਹੇ ਲਿਖੇ ਲੋਕ ਅਪਣੇ ਹੱਕਾਂ ਲਈ ਲੜਨਗੇ, ਹੱਕ ਮੰਗਣਗੇ ਅਤੇ ਜਦੋ-ਜਹਿਦ ਕਰਨਗੇ। ਆਖ਼ਰ ਚੇਤੰਨ ਇਨਸਾਨ ਹੀ ਹੱਕਾਂ ਲਈ ਦੁਹਾਈ ਦਿੰਦਾ ਹੈ। ਸੋ, ਸਾਡੀ ਇਹ ਸਿਫ਼ਾਰਸ਼ ਹੈ ਕਿ ਕਾਲਜ ਅਤੇ ਸਕੂਲ ਬੰਦ ਕੀਤੇ ਜਾਣ ਅਤੇ ਇਨ੍ਹਾਂ ਦੀ ਥਾਂ ਕੁੱਝ ਹੋਰ ਖੋਲ੍ਹੋ।

ਨੇਤਾਵਾਂ ਦੀ ਵੀ ਲੋਕਾਂ ਨੂੰ ਅਨਪੜ੍ਹ ਰੱਖਣ ਵਿਚ ਹੀ ਭਲਾਈ ਹੈ। ਅਨਪੜ੍ਹਾਂ ਨੂੰ ਸੌਖਾ ਭਰਮਾਇਆ ਜਾ ਸਕਦਾ ਹੈ ਅਤੇ ਪਿੱਛੇ ਲਾਇਆ ਜਾ ਸਕਦਾ ਹੈ। ਪੜ੍ਹੇ-ਲਿਖੇ ਲੋਕ ਸੋਚ ਵਿਚਾਰ ਕੇ ਵੋਟਾਂ ਪਾਉਣਗੇ। ਉਹ ਖ਼ੁਦ ਵੀ ਵੋਟਾਂ ਵਿਚ ਖੜ੍ਹਨ ਦਾ ਜੇਰਾ ਕਰ ਸਕਦੇ ਹਨ ਅਤੇ ਇਸ ਨਾਲ ਨੇਤਾਵਾਂ ਨੂੰ ਅਪਣੀ ਕੁਰਸੀ ਦਾ ਫ਼ਿਕਰ ਵੱਢ ਵੱਢ ਕੇ ਸਤਾਉਣ ਲੱਗੇਗਾ। ਪੜ੍ਹੇ ਲਿਖੇ ਚੇਤੰਨ ਲੋਕ ਦਾਜ ਦੀ ਵਿਰੋਧਤਾ ਕਰਨਗੇ ਅਤੇ ਇਸ ਦੇ ਨਾਲ ਵਿਆਹ ਦੇ ਮਾਮਲਿਆਂ ਵਿਚ ਵੀ ਸਮੱਸਿਆ ਆਵੇਗੀ। ਕਈ ਬਾਰਾਤਾਂ ਨੂੰ ਸਬਕ ਸਿਖਾਉਣ ਲਈ ਵਾਪਸ ਮੋੜ ਦਿਤਾ ਜਾਵੇਗਾ ਅਤੇ ਇਸ ਤਰ੍ਹਾਂ ਕੁੜੀਆਂ ਦੇ ਵਿਆਹਾਂ ਵਿਚ ਹੋਰ ਸਮੱਸਿਆ ਆਵੇਗੀ। ਮੁੰਡੇ ਵਾਲੇ ਵੀ ਪਹਿਲਾਂ ਸ਼ਰਤਾਂ ਰਖਿਆ ਕਰਨਗੇ, "ਵੇਖ ਲਉ, ਜੇ ਬਾਰਾਤ ਵਾਪਸ ਮੋੜੀ ਤਾਂ। ਅੱਗੇ ਸਾਡਾ ਮੁੰਡਾ ਬਾਰ੍ਹਾਂ ਵਾਰ ਖ਼ਾਲੀ ਹੱਥ ਆਇਆ ਹੈ। ਤੇਰਾਂ ਅਸ਼ੁਭ ਹੁੰਦਾ ਹੈ। ਹੁਣ ਤਾਂ ਸਾਡੀ ਡੋਰੀ ਤੁਹਾਡੇ 'ਤੇ ਹੀ ਹੈ।" ਅੰਗਰੇਜ਼ੀ ਸ਼ਾਇਰ ਅਲੈਗਜ਼ੈਂਡਰ ਪੋਪ ਨੇ ਕਿਹਾ ਸੀ ਕਿ ਅਗਿਆਨਤਾ ਇਕ ਵਰ ਹੈ, ਵਰਦਾਨ ਹੈ। ਸੱਚ ਤਾਂ ਇਹ ਹੈ ਕਿ ਇਸ ਅਗਿਆਨਤਾ ਦਾ ਫ਼ਾਇਦਾ ਅਗਿਆਨੀਆਂ ਭਾਵ ਅਨਪੜ੍ਹਾਂ ਨੂੰ ਘੱਟ ਅਤੇ ਦੂਜਿਆਂ ਨੂੰ ਵੱਧ ਹੋਇਆ ਹੈ। ਅਨਪੜ੍ਹਾਂ ਨੂੰ ਲੁਟਣਾ ਸੌਖਾ ਹੈ ਅਤੇ ਅਨਪੜ੍ਹ ਨੂੰ ਲੁੱਟੇ ਜਾਣ ਦਾ ਅਹਿਸਾਸ ਵੀ ਨਹੀਂ ਹੁੰਦਾ। ਜੇ ਕਿਤੇ ਸਾਰੇ ਲੋਕ ਪੜ੍ਹ-ਲਿਖ ਗਏ ਤਾਂ ਅਦਾਲਤਾਂ ਅੱਗੇ ਕਤਾਰਾਂ ਹੋਰ ਲੰਮੀਆਂ ਹੋ ਜਾਣਗੀਆਂ। ਵਕੀਲਾਂ ਨੂੰ ਤਾਂ ਪਹਿਲਾਂ ਹੀ ਸਾਹ ਨਹੀਂ ਆਉਂਦਾ। ਫਿਰ ਤਾਂ ਵਕੀਲਾਂ ਦਾ ਸਾਹ ਘੁੱਟਣ ਲਗੇਗਾ। ਫਿਰ ਕਿਸੇ ਸੁਰਜੀਤ ਪਾਤਰ ਵਰਗੇ ਗ਼ਜ਼ਲਗੋ ਨੂੰ ਵੀ ਅਪਣੀ ਗ਼ਜ਼ਲ ਨੂੰ ਬਦਲਣਾ ਪਵੇਗਾ ਅਤੇ 'ਇਸ ਅਦਾਲਤ ਵਿਚ ਬੰਦੇ ਬਿਰਖ ਹੋ ਗਏ, ਫ਼ੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ' ਵਿਚ 'ਸੁੱਕ' ਦੀ ਥਾਂ ਤੇ 'ਮਰ' ਸ਼ਬਦ ਹੀ ਵਰਤਣਾ ਪਵੇਗਾ ਕਿਉਂਕਿ ਦਹਾਕਿਆਂ ਦੀ ਥਾਂ ਫ਼ੈਸਲਿਆਂ ਦਾ ਕ੍ਰਮ ਸਦੀਆਂ ਵਿਚ ਲਟਕ ਜਾਵੇਗਾ। ਇਹ ਹਿੰਦੁਸਤਾਨ ਹੈ ਜਿਸ ਦੀ ਨੀਂਹ ਹੈ ਭ੍ਰਿਸ਼ਟਾਚਾਰ, ਤੇ ਜਦ ਬੁਨਿਆਦ ਵਿਚ ਹੀ ਬੇਈਮਾਨ ਸੀਮਿੰਟ ਪਿਆ ਹੋਵੇ ਤਾਂ ਰੱਬ ਵੀ ਸ਼ਾਇਦ ਰਾਖਾ ਨਹੀਂ ਬਣੇਗਾ। ਤਰੱਕੀ ਦਾ ਸਸਤਾ ਤੇ ਸੌਖਾ ਰਸਤਾ ਹੈ ਬੇਈਮਾਨੀ ਅਤੇ ਕੰਮ ਕਰਾਉਣ ਲਈ 'ਚਾਂਦੀ ਦੀ ਜੁੱਤੀ ਦੀ ਖੋਜ ਕਰ ਲਈ ਹੈ ਅਸਾਂ ਨੇ।' ਕਤਲ ਹੁੰਦੇ ਨੇ ਰੋਜ਼ਾਨਾ, ਘੁਟਾਲੇ ਹੁੰਦੇ ਨੇ, ਹਾਦਸੇ ਹੁੰਦੇ ਨੇ। ਮੁੱਖ ਦੋਸ਼ੀ ਤਾਂ ਸਰਕਾਰੇ ਦਰਬਾਰੇ ਪੈਸੇ ਚੜ੍ਹਾ ਕੇ ਸਾਫ਼ ਬਰੀ ਹੋ ਜਾਂਦੇ ਹਨ ਅਤੇ ਗ਼ਰੀਬ 'ਤੇ ਗ਼ਰੀਬ ਮਾਰ ਹੁੰਦੀ ਹੈ। ਜੇ ਗ਼ਰੀਬ ਪੜ੍ਹ ਗਿਆ ਤਾਂ ਚੀਕੇਗਾ, ਇਨਸਾਫ਼ ਮੰਗੇਗਾ। ਨਾ ਪੜ੍ਹੇ ਤਾਂ, ਨਾ ਰਹੇਗਾ ਬਾਂਸ, ਨਾ ਵੱਜੇਗੀ ਬਾਂਸਰੀ।

- ਪ੍ਰੋ. ਐਚ.ਐਸ. ਡਿੰਪਲ

ਨੇਤਾਵਾਂ ਦੀ ਵੀ ਲੋਕਾਂ ਨੂੰ ਅਨਪੜ੍ਹ ਰੱਖਣ ਵਿਚ ਹੀ ਭਲਾਈ ਹੈ। ਅਨਪੜ੍ਹਾਂ ਨੂੰ ਸੌਖਾ ਭਰਮਾਇਆ ਜਾ ਸਕਦਾ ਹੈ ਅਤੇ ਪਿਛੇ ਲਾਇਆ ਜਾ ਸਕਦਾ ਹੈ। ਪੜ੍ਹੇ ਲਿਖੇ ਲੋਕ ਸੋਚ ਵਿਚਾਰ ਕੇ ਵੋਟਾਂ ਪਾਉਣਗੇ। ਉਹ ਖ਼ੁਦ ਵੀ ਵੋਟਾਂ ਵਿਚ ਖੜਨ ਦਾ ਜੇਰਾ ਕਰ ਸਕਦੇ ਹਨ ਅਤੇ ਇਸ ਨਾਲ ਨੇਤਾਵਾਂ ਨੂੰ ਆਪਣੀ ਕੁਰਸੀ ਦਾ ਫ਼ਿਕਰ ਵੱਢ ਵੱਢ ਕੇ ਸਤਾਉਣ ਲੱਗੇਗਾ।

# ਮਿੰਨੀ ਕਹਾਣੀਆਂ

## ਤਾਸ਼

ਮੇਰਾ ਦੋਸਤ ਮੈਨੂੰ ਆਪਣੇ ਭਰਾ ਦਾ ਵਿਆਹ ਵਿਖਾਉਣ ਲਈ ਪਿੰਡ ਲੈ ਗਿਆ। ਅਸੀਂ ਸੱਤ ਘੰਟੇ ਬਾਅਦ ਉਸ ਦੇ ਪਿੰਡ ਪਹੁੰਚੇ। ਉਸ ਨੂੰ ਦੇਖ ਕੇ ਪਿੰਡ ਵਾਲੇ ਅਤੇ ਸਾਰੇ ਰਿਸ਼ਤੇਦਾਰ ਬਹੁਤ ਖ਼ੁਸ਼ ਹੋਏ। ਮੈਨੂੰ ਪਿੰਡ ਦਾ ਮਾਹੌਲ ਤੇ ਉਸ ਦੇ ਰਿਸ਼ਤੇਦਾਰ ਬਹੁਤ ਚੰਗੇ ਲੱਗੇ। ਪਿੰਡ ਕਾਫੀ ਪਛੜੇ ਇਲਾਕੇ ਵਿਚ ਸੀ ਤੇ ਅਸੀਂ ਸਫਰ ਤੋਂ ਬਹੁਤ ਥੱਕੇ ਹੋਏ ਸੀ। ਜਲਦੀ ਹੀ ਸੌਂ ਗਿਆ। ਸਵੇਰੇ ਆਪਣੇ ਸ਼ਹਿਰੀ ਟਾਈਮ 'ਤੇ ਸਾਢੇ ਨੌਂ ਵਜੇ ਉਠਿਆ। ਦਿਨ ਕਾਫੀ ਚੜ੍ਹ ਚੁੱਕਾ ਸੀ ਮੇਰੀ ਸਵੇਰ ਦੀ ਸੈਰ ਅਜੇ ਬਾਕੀ ਸੀ। ਸੈਰ ਕਰਨ ਲਈ ਨਹਿਰ 'ਤੇ ਚਲਾ ਗਿਆ। ਖੁੱਲ੍ਹਾ ਡੁੱਲ੍ਹਾ ਮਾਹੌਲ ਕਾਫੀ ਵਧੀਆ ਲੱਗ ਰਿਹਾ ਸੀ। ਨਹਿਰ ਦੇ ਕੰਢੇ ਕੰਢੇ ਸੈਰ ਕਰਨ ਤੋਂ ਬਾਅਦ ਜਦ ਵਾਪਸ ਮੁੜਿਆ ਤਾਂ ਦੇਖਿਆ ਕਿ ਬੋਹੜ ਥੱਲੇ ਕਈ ਬਜ਼ੁਰਗ ਉਚੀ ਉਚੀ ਆਵਾਜ਼ ਵਿਚ ਗੱਲਾਂ ਕਰਦੇ ਕਰਦੇ ਤਾਸ਼ ਦਾ ਆਨੰਦ ਮਾਣ ਰਹੇ ਸਨ। ਮੈਂ ਵੀ ਉਨ੍ਹਾਂ ਕੋਲ ਜਾ ਖੜ੍ਹਾ। ਮੈਂ ਜਦੋਂ ਹੌਲੀ ਜਿਹੀ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾ ਅੱਗੋਂ ਸਾਰਿਆਂ ਨੇ ਉਚੀ ਆਵਾਜ਼ ਵਿਚ ਹੁੰਗਾਰਾ ਭਰਿਆ। ਫੇਰ ਮੈਂ ਉਨ੍ਹਾਂ ਕੋਲੋਂ ਇਕ ਹੋਰ ਸਵਾਲ ਪੁੱਛ ਬੈਠਾ, ਜਿਸ ਦਾ ਜੁਆਬ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ। ਮੈਂ ਕਿਹਾ ਬਾਬਾ ਜੀ, ਤਾਸ਼ ਕਿਉਂ ਖੇਡੀ ਜਾਂਦੇ ਹੋ, ਤਾਸ਼ ਖੇਡਣਾ ਤਾਂ ਬੁਰੀ ਆਦਤ ਹੈ। ਉਨ੍ਹਾਂ ਵਿਚੋਂ ਇਕ ਬਜ਼ੁਰਗ ਬੋਲਿਆ ਆਪਣੀਆਂ ਗੱਲਾਂ ਜਾ ਕੇ ਆਪਣੇ ਸ਼ਹਿਰੀਆਂ ਨੂੰ ਸੁਣਾਈਂ, ਜਾਹ ਜਾ ਕੇ ਵਿਆਹ ਦਾ ਆਨੰਦ ਮਾਣ। ਅਸੀਂ ਜੋ ਕਰ ਰਹੇ ਹਾਂ ਸਾਨੂੰ ਕਰਨ ਦੇ। ਪਰ ਮੈਂ ਉਨ੍ਹਾਂ ਦੇ ਤਾਸ਼ ਖੇਡਣ ਦਾ ਮਕਸਦ ਜਾਣਨਾ ਚਾਹੁੰਦਾ ਸੀ। ਆਖਰ ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਹੀ ਗਿਆ ਪਰ ਉਨ੍ਹਾਂ ਵਿਚੋਂ ਇਕ ਬਾਬੇ ਨੇ ਕੰਬਦੀ ਆਵਾਜ਼ ਵਿਚ ਦੱਸਿਆ, "ਦੇਖ ਪੁੱਤਰ ਹੁਣ ਨਾ ਤਾਂ ਸਾਡੇ ਹੱਡਾਂ ਵਿਚ ਐਨੀ ਤਾਕਤ ਹੈ ਕਿ ਅਸੀਂ ਕੋਈ ਭਾਰਾ ਕੰਮ ਕਰ ਸਕੀਏ, ਨਾ ਹੀ ਅਸੀਂ ਏਨੇ ਪੜ੍ਹੇ ਲਿਖੇ ਹਾਂ ਕਿ ਕਿਸੇ ਦਫਤਰ ਵਿਚ ਕੰਮ ਕਰ ਸਕੀਏ", ਪੁੱਤਰ ਦੇਖ ਇਹ ਜੋ ਨੀਲੇ ਪਰਨੇ ਵਾਲਾ ਬਿੱਕਰ ਹੈ ਨਾ ਇਸ ਦਾ ਮੁੰਡਾ ਬਾਹਰ ਗਿਆ ਹੋਇਆ ਹੈ। ਘਰ ਵਿਚ ਹੋਰ ਕੋਈ ਨਹੀਂ। ਪੁੱਤਰ ਕਦੇ ਕਦੇ ਪੈਸੇ ਭੇਜ ਦਿੰਦਾ ਹੈ। ਹੁਣ ਦੱਸ ਏਨੇ ਵੱਡੇ ਘਰ ਵਿਚ ਬਿੱਕਰ ਕੀ ਕਰੇ। ਸਾਹਮਣੇ ਬੈਠੇ ਭੋਲਾ ਸਿੰਘ ਨੇ ਬੜੀ ਮਿਹਨਤ ਨਾਲ ਆਪਣੀ ਜ਼ਮੀਨ ਬਣਾਈ ਸੀ, ਜਿਹੜੀ ਇਸ ਦੇ ਪੁੱਤਰਾਂ ਨੇ ਆਪਸ ਵਿਚ ਵੰਡ ਲਈ ਹੈ ਤੇ ਘਰ ਵੰਡਣ ਪਿੱਛੋਂ ਰੋਜ਼ ਕਲੇਸ਼ ਕਰਦੇ ਨੇ। ਉਨ੍ਹਾਂ ਤੋਂ ਦੁਖੀ ਹੋਇਆ ਵਿਚਾਰਾ ਸਾਡੇ ਕੋਲ ਆ ਬੈਠਦਾ ਹੈ। ਵਿਚਾਲੇ ਬੈਠੇ ਪੀਲੀ ਪੱਗ ਵਾਲੇ ਜਰਨੈਲੇ ਦੀ ਨੂੰਹ ਨੇ ਆਉਂਦਿਆਂ ਹੀ ਇਸ ਦਾ ਮੰਜਾ ਘਰ ਤੋਂ ਬਾਹਰ ਕੱਢ ਦਿੱਤਾ ਸੀ। ਵਿਚਾਰੇ ਨੂੰ ਰੋਟੀ ਵੀ ਗੁਰਦੁਆਰੇ ਵਿਚੋਂ ਖਾਣੀ ਪੈਂਦੀ ਹੈ।

ਇਸੇ ਤਰ੍ਹਾਂ ਸਾਡੇ ਨਾਲ ਬੈਠੇ ਸਾਰੇ ਬਜ਼ੁਰਗ ਦੁੱਖਾਂ ਨਾਲ ਭਰੇ ਹੋਏ ਹਨ ਤੇ ਅਸੀਂ ਆਪਣੇ ਸਾਰੇ ਦੁਖ ਦਰਦ ਇਨ੍ਹਾਂ ਤਾਸ਼ ਦੇ ਪੱਤਿਆਂ ਨੂੰ ਦਿੱਤੇ ਹੋਏ ਹਨ। ਤਾਸ਼ ਖੇਡਣੇ ਖੇਡਦੇ ਸਾਡਾ ਸਾਰਾ ਦਿਨ ਵਧੀਆ ਹੱਸ ਖੇਡ ਕੇ ਲੰਘ ਜਾਂਦਾ ਹੈ। ਇਸ ਲਈ ਅਸੀਂ ਸੂਰਜ ਚੜ੍ਹਨ ਤੋਂ ਲੈ ਕੇ ਛਿਪਣ ਤੱਕ ਤਾਸ਼ ਦੇ ਪੱਤੇ ਤੋੜੀ ਜਾਨੇ ਆ। ਜੇਕਰ ਇਹ ਤਾਸ਼ ਦੇ ਪੱਤੇ ਨਾ ਹੁੰਦੇ ਤਾਂ ਤੈਨੂੰ ਅਸੀਂ ਪਿੰਡ ਦੀ ਕਿਸੇ ਨੁੱਕਰ ਵਿਚ ਰੋਂਦੇ ਵਿਖਾਈ ਦੇਣਾ ਸੀ।

-ਸਵਿੰਦਰ ਭੱਟੀ

=============

# ਕਾਵਿ ਰਚਨਾ

## ਟੱਪੇ

ਵਿਹੜੇ ਵਿਚ ਨਾ ਤ੍ਰਿੰਝਣ ਰਹੇ, ਕਾਹਦੀਆਂ ਮੈਂ ਵੱਟਾਂ ਪੂਣੀਆਂ
ਰੂੰਗ ਪੇਂਜੇ ਨਾ ਪਿੰਜਣ ਰਹੇ, ਕਿਵੇਂ ਜਾਂਦਿਆਂ ਦੇ ਲੜ ਫੜੀਏ ਕੋਈ
ਨਾ ਹੁਣ ਸੂਤਰ ਕੱਤਦੀ, ਦਸ ਚਰਖੇ ਦਾ ਕੀ ਕਰੀਏ
ਸਾਗ ਡੱਬੇ ਵਿਚ ਬੰਦ ਹੋਇਆ, ਚਾਟੀ ਦਾ ਨਾਂ ਮੱਖ ਦਿਸੇ
ਉਹ ਵੀ ਚੌਧਵੀਂ ਦਾ ਚੰਦ ਹੋਇਆ। ਪਿੜ ਗਿੱਧੇ ਦੇ ਵਿਚ ਕੀ ਵੜਨਾ,
ਟੀ. ਵੀ. ਵਿਚ ਭਰਨ ਤੀਆਂ, ਬੋਹੜਾਂ ਹੇਠ ਜਾ ਕੇ ਹੀ ਖੜ੍ਹਨਾ।
ਪੀਂਘਾਂ ਤੇ ਫੱਟੀਆਂ ਨੇ, ਤੀਆਂ ਵਾਲਾ ਬੋਹੜ ਛੱਡਿਆ
ਹੁਣ ਪਿੰਡ ਦੀਆਂ ਜੱਟੀਆਂ ਨੇ। ਕੀ ਜ਼ੋਰ ਪੰਜੇਬਾਂ ਉਤੇ,
ਪਿੰਡ ਵਾਲਾ ਗਿੱਧਾ ਛੱਡ ਕੇ, ਛਣਕਦੀਆਂ ਸਟੇਜਾਂ 'ਤੇ।
ਨੱਥ ਮੱਛਲੀ ਨਾ ਦੌਣੀ ਏਂ, ਵਾਲਾਂ ਦਾ ਅਸਾਂ ਜੂੜ ਵੱਢਿਆ
ਸੱਗੀ ਕਿਸ ਗੁੰਦਵਾਉਣੀ ਏਂ, ਕੀ ਬਣੂ ਢੰਗ ਟੇਢੇ ਦਾ,
ਘੁੰਮਦਾ ਸਟੇਜਾਂ 'ਤੇ, ਰੌਂਦੇ ਘੱਗਰਾ ਬੇਬੇ ਦਾ।
ਵੱਟ ਸੁੱਕ ਗਈ ਬਾਬੂ ਦੀ, ਅੱਧ ਨੰਗੀ ਧੀ ਨੱਚਦੀ।
ਪੈਲੇਸ ਵਿਚ ਬਾਪੂ ਦੀ, ਡਰ ਲਾਹ ਛੱਡੇ ਵੀਰਾਂ ਦੇ,
ਹੱਥ ਵਿਚ ਮਾਈਕ ਫੜੇ, ਛੱਡ ਵੇਲਣੇ ਕਰੀਰਾਂ ਦੇ।
ਜ਼ਰਾਂ ਸੰਭਲ ਕੇ ਨੱਚ ਕੁੜੀਏ, ਚੱਜ ਦੇ ਪਹਿਨ ਕੱਪੜੇ
ਮਾੜੀ ਨਜ਼ਰ ਤੋਂ ਬਚ ਕੁੜੀਏ। ਕਦੇ ਚਰਖਾ ਕੱਤ ਝੱਲੀਏ,
ਛੱਡ ਬਿਊਟੀ ਪਾਰਲਰ ਨੂੰ, ਮਲ ਦਮੜੀ ਦਾ ਸੱਕ ਝੱਲੀਏ।
ਐਵੇਂ ਨਾ ਪਛਾ ਬੈਠੀਂ, ਚਕਾਚੌਂਧ ਵਿਚ ਫਿਰਦੀ ਨਾ
ਤੂੰ ਠੋਕਰ ਖਾ ਬੈਠੀਂ, ਨਾ ਸ਼ਰਮ ਨਾ ਲਾਹ ਕੰਗਣਾ,
ਰੱਬ ਕੋਲੋਂ ਸੰਗ ਅੜੀਏ, ਜੇ ਤੂੰ ਜੱਗ ਕੋਲੋਂ ਨਹੀਂ ਸੰਗਣਾ

## ਗ਼ਜ਼ਲ

ਦਿੰਦੇ ਨੇ ਲੋਕ ਬਹੁਤ ਹੀ ਸਤਿਕਾਰ ਪੱਥਰਾਂ ਨੂੰ।
ਬੰਦੇ ਨੂੰ ਕਰਦੇ ਨਫਰਤਾਂ ਤੇ ਪਿਆਰ ਪੱਥਰਾਂ ਨੂੰ।

ਇਨ੍ਹਾਂ ਵਿੱਚ ਧੱੜ ਕੇ ਜ਼ਿੰਦਗੀ ਫੁੱਟਣ ਕਰੂੰਬਲਾਂ,
ਪੱਥਰਾਂ ਜਿਹੇ ਪਰ ਨਿੰਦਦੇ ਕੁਝ ਯਾਰ ਪੱਥਰਾਂ ਨੂੰ।

ਪੀਨੀ 'ਚ ਖੁਰ ਹੋ ਗਿਆ ਪਾਣੀ ਜਿਹਾ ਕੁਝ ਤਾਂ
ਮਿਹਣਾ ਨਾ ਪੱਥਰ ਹੋਣ ਦਾ ਤੂੰ ਮਾਰ ਪੱਥਰਾਂ ਨੂੰ।

ਪੱਥਰਾਂ ਵਿਚ ਮਾਰੀਂ ਬੋਲ ਤੂੰ ਪਰਤੇਂਗਾ ਕੁਝ ਜ਼ਰੂਰ
ਸਮਝਣੀ ਸੰਵੇਦਨਸ਼ੀਲ ਕੁਝ ਦੁੱਖਿਆਰ ਪੱਥਰਾਂ ਨੂੰ।

-ਰੁਪਿੰਦਰ ਮਾਨ

# ਕਾਵਿ ਕਿਆਰੀ

-ਜਗਜੀਤ ਸਿੰਘ ਜੱਗਾ

## ਰਿਮਝਿਮ ਸਾਵਣ

ਮੌਨਸੂਨ ਦੀਆਂ
ਠੰਢੀਆਂ
ਹਵਾਵਾਂ ਕਿ
ਸੀਨਿਆਂ 'ਚ ਠੰਢ
ਪਾਉਂਦੀਆਂ ਹੁਣ ਮੌਸਮ ਵੀ
ਬਦਲੂ ਅਦਾਵਾਂ
ਕਿ ਸੀਨਿਆਂ 'ਚ ਠੰਢ
ਪਾਉਂਦੀਆਂ
ਧੁੱਪ ਨਾਲ ਵੇਖੋ ਕਿੱਦਾਂ
ਕਮਲਾਏ ਨੇ ਵੀਹਾਂ
ਸਾਲਾਂ ਪਿੱਛੋਂ
ਐਨੇ ਤੱਤੇ ਬੁੱਲ੍ਹੇ ਆਏ ਨੇ
ਛੱਪੜਾਂ ਦੇ ਪਾਣੀਆਂ
ਨੂੰ ਲੋਆਂ
ਨੇ ਸੁਕਾਉਂਦੀਆਂ...।
ਫਸਲਾਂ ਦਾ ਰੰਗ ਰੂਪ ਧੁੱਪਾਂ
ਗੁਆਇਆ ਹੈ।
ਰੱਬ ਕਹਿੰਦੇ
ਜੱਟ ਨੂੰ ਸੋਕਾ
ਕਾਹਤੋਂ ਪਇਆ ਹੈ
ਸੁੱਟ ਕਣੀਆਂ
ਜੋ ਫਸਲਾਂ ਬਚਾਉਂਦੀਆਂ...।
ਵਰਖਾ ਦੇ
ਪਾਣੀ ਵਿਚ ਬੱਚੇ
ਸਾਰੇ ਨਾਉਣਗੇ
ਕਾਲੇ ਕਾਲੇ ਬੱਦਲ
ਜਾਂ ਪਾਣੀ
ਬਰਸਾਉਣਗੇ
ਤਾਂ ਹੀ ਕੋਇਲਾਂ ਨੇ ਬਾਗਾਂ
ਵਿਚ ਗਾਉਂਦੀਆਂ...।
ਹਾੜ ਪਿੱਛੋਂ ਆਉਂਦਾ ਹੈ
ਮਹੀਨਾਂ ਸਾਉਣ ਦਾ
ਕੁੜੀਆਂ ਨੂੰ
ਮਿਲਦਾ
ਬਹਾਨਾ ਪੇਕੀਂ ਆਉਣ ਦਾ
'ਜੱਗੇ' ਵੀਰਾ
ਨੂੰ ਉਹ ਸਹੁਰੀਂ
ਨੇ ਬੁਲਾਉਂਦੀਆਂ
ਕਿ ਸੀਨਿਆਂ 'ਚ ਠੰਢ ਪਾਉਂਦੀਆਂ।

# ਵ੍ਹੀਲਚੇਅਰ 'ਤੇ ਬੈਠੇ ਜਵਾਨ ਨੇ ਕੀਤਾ ਕੁਝ ਅਜਿਹਾ ਕਿ ਵੇਖਣ ਵਾਲਾ ਰਹਿ ਗਿਆ ਹੱਕਾ-ਬੱਕਾ

**ਏਜੰਸੀਆਂ**

ਪੁਣੇ 18 ਜਨਵਰੀ। ਕਹਿੰਦੇ ਨੇ ਮੁਸ਼ਕਲਾਂ ਚਾਹੇ ਕਿੰਨੀਆਂ ਵੀ ਵੱਡੀਆਂ ਕਿਉਂ ਨਾ ਹੋਣ, ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ। ਭਾਰਤ ਦੇ ਇਕ ਜਵਾਨ ਨੇ ਇਹ ਜਜਬਾ ਵਿਖਾਇਆ। ਡਿਊਟੀ ਦੌਰਾਨ ਹਾਦਸੇ 'ਚ ਅਧਰੰਗ ਦਾ ਸ਼ਿਕਾਰ ਹੋਏ 37 ਸਾਲਾ ਸੇਵਾਮੁਕਤ



ਫੌਜੀ ਨੇ ਮੂੰਹ 'ਚ ਬੁਰਸ ਰੱਖ ਕੇ ਤਸਵੀਰ ਬਣਾ ਕੇ ਹਿੰਮਤ, ਮਿਹਨਤ ਅਤੇ ਲਗਨ ਨਾਲ ਕੁਝ ਵੀ ਕਰਨ ਦੀ ਮਿਸਾਲ ਕਾਇਮ ਕੀਤੀ ਹੈ। ਮ੍ਰਿਦੁਲ ਘੋਸ ਨੇ ਮੰਗਲਵਾਰ ਨੂੰ ਮਹਾਰਾਸਟਰ ਦੇ ਪੁਣੇ 'ਚ 'ਪੈਰਾਪਲਜਿਕ ਰਿਹੈਬਲੀਟੇਸਨ ਸੈਂਟਰ' (ਪੀ. ਆਰ. ਸੀ) 'ਚ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੂੰ ਆਪਣੇ ਮੂੰਹ 'ਚ ਬੁਰਸ ਰੱਖ ਕੇ ਬਣਾਈ ਉਨ੍ਹਾਂ ਦੀ ਤਸਵੀਰ ਭੇਟ ਕੀਤੀ। ਵ੍ਹੀਲਚੇਅਰ 'ਤੇ ਬੈਠੇ ਘੋਸ ਨੇ ਕਿਹਾ ਕਿ ਮੈਨੂੰ ਆਪਣੇ ਫੌਜ ਮੁਖੀ ਦੀ ਤਸਵੀਰ ਬਣਾਉਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਹਾਲਾਂਕਿ ਮੈਂ ਸੇਵਾਮੁਕਤ ਹੋ ਗਿਆ ਹਾਂ ਪਰ ਹਥਿਆਰਬੰਦ ਬਲਾਂ ਨਾਲ ਮੇਰਾ ਰਿਸ਼ਤਾ ਅਤੇ ਲਗਾਅ ਕਦੇ ਵੀ ਘੱਟ ਨਹੀਂ ਹੋਵੇਗਾ। ਘੋਸ ਨੇ ਕਿਹਾ ਕਿ ਉਹ 2010 'ਚ ਡਿਊਟੀ ਦੌਰਾਨ ਇਕ ਹਾਦਸੇ 'ਚ ਅਧਰੰਗ ਦਾ ਸ਼ਿਕਾਰ ਹੋ ਗਿਆ ਸੀ, ਜਿਸ ਕਾਰਨ ਉਹ ਹਵਾਈ ਫੌਜ ਤੋਂ ਸੇਵਾਮੁਕਤ ਹੋ ਗਿਆ ਸੀ। ਉਹ 2015 ਵਿਚ ਪੀ. ਆਰ. ਸੀ ਵਿਚ ਆਇਆ ਅਤੇ ਪੇਂਟਿੰਗ ਪ੍ਰਤੀ ਆਪਣੇ ਜਜਬੇ ਦਾ ਪਤਾ ਲੱਗਿਆ, ਜਦਕਿ ਇਸ ਕਲਾ 'ਚ ਉਸ ਦਾ ਕੋਈ ਪੁਰਾਣਾ ਇਤਿਹਾਸ ਨਹੀਂ ਸੀ। ਘੋਸ ਨੇ ਕਿਹਾ ਕਿ ਇੱਥੇ ਆਉਣ ਤੋਂ ਬਾਅਦ ਮੈਂ ਮੂੰਹ ਨਾਲ ਤਸਵੀਰ ਬਣਾਉਣ ਦਾ ਅਭਿਆਸ ਕਰਨਾ ਸੂਰੂ ਕਰ ਦਿੱਤਾ ਅਤੇ ਫਿਰ ਇਸ ਨੂੰ ਕੇਂਦਰ ਵਿਚ 6 ਹੋਰ ਸਾਥੀ ਸਿਪਾਹੀਆਂ ਨੂੰ ਸਿਖਾਉਣਾ ਸੂਰੂ ਕਰ ਦਿੱਤਾ। ਫੌਜ ਮੁਖੀ ਅਤੇ ਉਨ੍ਹਾਂ ਦੀ ਪਤਨੀ ਸੁਨੀਤਾ ਦਿ੍ਵੇਦੀ ਨੇ ਮੰਗਲਵਾਰ ਨੂੰ ਪੁਣੇ ਦੇ ਕਿਰਕੀ ਰੇਂਜ ਹਿੱਲਜ ਸਥਿਤ ਪੀ. ਆਰ. ਸੀ. ਦਾ ਦੌਰਾ ਕੀਤਾ। ਘੋਸ਼ ਨੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਦੀ ਗੱਲ ਹੈ ਕਿ ਉਨ੍ਹਾਂ ਨੂੰ ਫੌਜ ਮੁਖੀ ਨੂੰ ਮਿਲਣ ਅਤੇ ਉਨ੍ਹਾਂ ਦੀ ਤਸਵੀਰ ਭੇਂਟ ਕਰਨ ਦਾ ਮੌਕਾ ਮਿਲਿਆ। ਘੋਸ਼ ਨੇ ਕਿਹਾ ਕਿ ਮੈਂ ਸਾਡੇ ਕੈਂਪਸ 'ਚ ਉਨ੍ਹਾਂ ਦੀ ਮੌਜੂਦਗੀ ਦੀ ਖੁਸ਼ੀ 'ਚ ਇਹ ਕਲਾਕ੍ਰਿਤੀ ਬਣਾਈ ਹੈ। ਇਸ ਤਸਵੀਰ ਨੂੰ ਪੂਰਾ ਕਰਨ ਵਿਚ ਮੈਨੂੰ 7 ਤੋਂ 8 ਦਿਨ ਲੱਗੇ। ਇਹ ਕੇਂਦਰ ਉਨ੍ਹਾਂ ਰੱਖਿਆ ਕਰਮੀਆਂ ਦੇ ਮੁੜਵਸੇਬੇ ਲਈ ਜਾਣਿਆ ਜਾਂਦਾ ਹੈ, ਜਿਨ੍ਹਾਂ ਨੂੰ ਦੇਸ਼ ਦੀ ਸੇਵਾ ਕਰਦੇ ਸਮੇਂ ਰੀੜ੍ਹ ਦੀ ਹੱਡੀ ਵਿਚ ਸੱਟ ਲੱਗ ਚੁੱਕੀ ਹੈ। ਇੱਥੇ ਉਨ੍ਹਾਂ ਦੀ ਉੱਚਿਤ ਦੇਖਭਾਲ ਕੀਤੀ ਜਾਂਦੀ ਹੈ ਅਤੇ ਜ਼ਿੰਦਗੀ ਜਿਊਣ ਦੇ ਉਦੇਸ਼ ਨਾਲ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

# ਪੰਜਾਬ 'ਚ ਪਹਿਲੀ ਵਾਰ ਸੀ-ਪਾਈਟ ਕੈਂਪਾਂ ਰਾਹੀਂ 265 ਲੜਕੀਆਂ ਨੂੰ ਫੌਜ ਤੇ ਪੁਲਸ 'ਚ ਭਰਤੀ ਲਈ ਦਿੱਤੀ ਸਿਖਲਾਈ

**ਸਰਦੂਲ ਸਿੰਘ**

ਚੰਡੀਗੜ੍ਹ 18 ਜਨਵਰੀ। ਸੂਬੇ ਦੀਆਂ ਲੜਕੀਆਂ ਨੂੰ ਹੋਰ ਸਸਕਤ ਬਣਾਉਣ ਦੀ ਦਿਸ਼ਾ ਵਿੱਚ ਮਿਸਾਲੀ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਸੂਬੇ ਭਰ ਦੇ ਸੈਂਟਰ ਫਾਰ ਟ੍ਰੇਨਿੰਗ ਐਂਡ ਇੰਪਲਾਇਮੈਂਟ ਆਫ ਪੰਜਾਬ ਯੂਥ (ਸੀ-ਪਾਈਟ) ਕੈਂਪਾਂ ਰਾਹੀਂ ਪਹਿਲੀ ਵਾਰ 265 ਲੜਕੀਆਂ ਨੂੰ ਫੌਜ, ਸੀ.ਏ.ਪੀ.ਐਫ. ਅਤੇ ਪੰਜਾਬ ਪੁਲਿਸ ਵਿੱਚ ਭਰਤੀ ਲਈ ਸਿਖਲਾਈ ਦਿੱਤੀ ਹੈ। ਇਹ ਜਾਣਕਾਰੀ ਪੰਜਾਬ ਦੇ ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਆਪਣੇ ਦਫਤਰ ਵਿਖੇ ਸੀ-ਪਾਈਟ ਦੀ 5ਵੀਂ ਗਵਰਨਿੰਗ ਕੌਂਸਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਇੱਕ ਹੋਰ ਅਹਿਮ ਫ਼ੈਸਲੇ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਲਦੀ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਥੇਹ ਕਾਂਜਲਾ ਵਿਖੇ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਦੀਆਂ ਚਾਹਵਾਨ ਲੜਕੀਆਂ ਲਈ ਇੱਕ ਵਿਸੇਸ ਸੀ-ਪਾਈਟ ਕੈਂਪ ਖੋਲ੍ਹਿਆ ਜਾਵੇਗਾ ਅਤੇ ਇਹ ਕੈਂਪ ਪੂਰੀ ਤਰ੍ਹਾਂ ਮਹਿਲਾ ਸਟਾਫ਼ ਦੀ ਦੇਖ-ਰੇਖ ਹੇਠ ਹੀ ਚਲਾਇਆ ਜਾਵੇਗਾ। ਇਸੇ ਤਰ੍ਹਾਂ ਪਠਾਨਕੋਟ ਜ਼ਿਲ੍ਹੇ ਵਿੱਚ ਇੱਕ ਹੋਰ ਸੀ-ਪਾਈਟ ਕੈਂਪ ਵੀ ਸਥਾਪਤ ਕੀਤਾ ਜਾਵੇਗਾ ਤਾਂ ਜੋ ਸੂਬੇ ਦੇ ਨੌਜਵਾਨਾਂ ਨੂੰ ਪੁਲਿਸ, ਹਥਿਆਰਬੰਦ ਸੈਨਾਵਾਂ ਅਤੇ ਸੀ.ਏ.ਪੀ.ਐਫ. ਵਿੱਚ ਰੋਜਗਾਰ ਦੇ ਯੋਗ ਬਣਾਇਆ ਜਾ ਸਕੇ। ਦੱਸਣਯੋਗ ਹੈ ਕਿ ਪੰਜਾਬ ਵਿੱਚ ਇਸ ਵੇਲੇ 14 ਸੀ-ਪਾਈਟ ਕੈਂਪ ਕਾਰਜਸ਼ੀਲ ਹਨ। ਸ੍ਰੀ ਅਮਨ ਅਰੋੜਾ ਨੇ ਸਬੰਧਤ ਅਧਿਕਾਰੀਆਂ ਨੂੰ ਪਿੰਡ ਆਸਲ ਉਤਾੜ (ਤਰਨ ਤਾਰਨ), ਪਿੰਡ ਖੇੜੀ (ਸੰਗਰੂਰ) ਅਤੇ ਬੋਰੇਵਾਲ (ਮਾਨਸਾ) ਵਿਖੇ ਨਿਰਮਾਣ ਅਧੀਨ ਤਿੰਨ ਨਵੇਂ ਕੈਂਪਾਂ ਦੇ ਕੰਮ ਨੂੰ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ ਵੀ



ਦਿੱਤੇ। ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀਮਤੀ ਜਸਪ੍ਰੀਤ ਤਲਵਾੜ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਇਨ੍ਹਾਂ ਸੀ-ਪਾਈਟ ਕੈਂਪਾਂ ਰਾਹੀਂ 2,58,760 ਨੌਜਵਾਨਾਂ ਨੂੰ ਮੁਫਤ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 1,15,649 ਨੂੰ ਰੋਜਗਾਰ ਮਿਲ ਗਿਆ ਹੈ। ਨੌਜਵਾਨਾਂ ਨੂੰ ਵੱਖ-ਵੱਖ ਰੱਖਿਆ ਬਲਾਂ ਲਈ ਸਿਖਲਾਈ ਦੇਣ ਤੋਂ ਇਲਾਵਾ, ਉਨ੍ਹਾਂ ਨੂੰ ਹੋਰ ਖੇਤਰਾਂ ਵਿੱਚ ਰੋਜਗਾਰ ਦੇ ਸਮਰੱਥ ਬਣਾਉਣ ਲਈ ਵੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਘੱਟੋ-ਘੱਟ 150 ਨੌਜਵਾਨਾਂ ਨੂੰ ਡਰੋਨ ਪਾਇਲਟ, 300 ਨੌਜਵਾਨਾਂ ਨੂੰ ਸੁਰੱਖਿਆ ਗਾਰਡ ਅਤੇ 150 ਨੂੰ ਜੇ.ਸੀ.ਬੀ./ਕਰੇਨ ਆਪਰੇਟਰ ਵਜੋਂ ਸਿਖਲਾਈ ਦਿੱਤੀ ਜਾਵੇਗੀ। ਸੀ-ਪਾਈਟ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਰਾਮਬੀਰ ਸਿੰਘ ਮਾਨ ਨੇ ਦੱਸਿਆ ਕਿ ਸੀ-ਪਾਈਟ ਕੈਂਪਾਂ ਦਾ ਸਟਾਫ ਨੌਜਵਾਨਾਂ ਵਿੱਚ ਕੌਮੀ ਏਕਤਾ, ਅਨੁਸਾਸਨ, ਸਮਾਜਿਕ ਸਰੋਕਾਰ ਸਮੇਤ ਨੈਤਿਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਪੂਰੀ ਮਿਹਨਤ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਬਿਹਤਰੀਨ ਨਾਗਰਿਕ ਬਣਾਇਆ ਜਾ ਸਕੇ। ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ, ਪੁਲਿਸ, ਅਰਧ-ਸੈਨਿਕ ਬਲਾਂ ਵਿੱਚ ਰੋਜਗਾਰ ਲਈ ਤਿਆਰ ਕਰਨ ਤੋਂ ਇਲਾਵਾ ਹੋਰ ਉਦਯੋਗਾਂ ਵਿੱਚ ਨੌਕਰੀ ਦੇ ਸਮਰੱਥ ਬਣਾਉਣ ਲਈ ਵੀ ਸਿਖਲਾਈ ਅਤੇ ਸੇਧ ਦਿੱਤੀ ਜਾ ਰਹੀ ਹੈ। ਇਸ ਮੀਟਿੰਗ ਵਿੱਚ ਉਦਯੋਗ ਵਿਭਾਗ ਦੇ ਸਕੱਤਰ ਸ੍ਰੀ ਡੀ.ਪੀ.ਐਸ. ਖਰਬੰਦਾ, ਆਈ.ਜੀ.ਪੀ. (ਹੈੱਡਕੁਆਟਰ) ਸ੍ਰੀ ਸੁਖਚੈਨ ਸਿੰਘ ਗਿੱਲ, ਵਿਸੇਸ ਸਕੱਤਰ ਪ੍ਰਸੋਨਲ ਗੌਰੀ ਪਰਾਸਰ ਜੋਸੀ, ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤਾਂ ਸ੍ਰੀ ਪਰਮਜੀਤ ਸਿੰਘ, ਐਮ.ਡੀ. ਪੈਸਕੋ ਮੇਜਰ ਜਨਰਲ ਹਰਮਨਦੀਪ ਸਿੰਘ, ਵਧੀਕ ਡਾਇਰੈਕਟਰ (ਐਡਮਿਨ) ਸੂਚਨਾ ਤੇ ਲੋਕ ਸੰਪਰਕ ਸ੍ਰੀ ਸੰਦੀਪ ਗਾੜ੍ਹਾ, ਮੁੱਖ ਮੰਤਰੀ ਦੇ ਉਪ ਪ੍ਰਮੁੱਖ ਸਕੱਤਰ ਸ੍ਰੀ ਯਸਪਾਲ ਸਰਮਾ ਅਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## ਭਾਰਤੀ ਕੰਪਨੀਆਂ ਦਾ ਵਿਦੇਸ਼ੀ ਨਿਵੇਸ਼ ਵਧਿਆ, 2800 ਅਰਬ ਤੱਕ ਪੁੱਜਾ ਅੰਕੜਾ

ਨਵੀਂ ਦਿੱਲੀ 18 ਜਨਵਰੀ। ਭਾਰਤੀ ਕੰਪਨੀਆਂ ਵਲੋਂ 2024 ਵਿਚ ਵਿਦੇਸ਼ਾਂ ਵਿਚ ਨਿਵੇਸ਼ 'ਚ ਲੱਗਭਗ 50 ਫੀਸਦੀ ਦਾ ਵਾਧਾ ਹੋਇਆ ਹੈ। ਮਨੀ ਕੰਟਰੋਲ ਦੀ ਰਿਪੋਰਟ ਮੁਤਾਬਕ ਭਾਰਤੀ ਕੰਪਨੀਆਂ ਨੇ ਪਿਛਲੇ ਸਾਲ 32.5 ਅਰਬ ਡਾਲਰ (ਲੱਗਭਗ 2800 ਅਰਬ ਰੁਪਏ) ਵਿਦੇਸ਼ ਭੇਜੇ ਹਨ, ਜਦਕਿ 2023 ਵਿਚ ਇਹ ਅੰਕੜਾ 21.9 ਅਰਬ ਡਾਲਰ (ਲੱਗਭਗ 1900 ਅਰਬ ਰੁਪਏ) ਸੀ। ਇਨ੍ਹਾਂ ਨਿਵੇਸ਼ਾਂ ਨੂੰ ਓਵਰਸੀਜ ਡਾਇਰੈਕਟ ਇਨਵੈਸਟਮੈਂਟ () ਰੂਟ ਜਰੀਏ ਭੇਜਿਆ ਗਿਆ ਹੈ, ਜੋ ਕੰਪਨੀਆਂ ਨੂੰ ਵਿਦੇਸ਼ਾਂ ਵਿਚ 1 ਅਰਬ ਡਾਲਰ (ਲੱਗਭਗ 85 ਅਰਬ ਰੁਪਏ) ਤੱਕ ਭੇਜਣ ਦੀ ਇਜਾਜਤ ਦਿੰਦਾ ਹੈ। ਇਸ ਸਾਲ ਦਾ ਸਭ ਤੋਂ ਵੱਡਾ ਲੈਣ-ਦੇਣ ਫਰਵਰੀ ਵਿਚ ਹੋਇਆ, ਜਦੋਂ ਲਾਰਸਨ ਅਤੇ ਟੂਬਰੋ (×) ਨੇ ਆਪਣੀ ਸਾਊਦੀ ਅਰਬ ਦੀ ਸਹਾਇਕ ਕੰਪਨੀ ਵਿਚ ਲੱਗਭਗ 200 ਅਰਬ ਰੁਪਏ ਦਾ ਨਿਵੇਸ਼ ਕੀਤਾ। ਇਸ ਤੋਂ ਇਲਾਵਾ ਭਾਰਤ ਪੈਟਰੋ ਰਿਸੋਰਸੇਜ ਨੇ ਅਗਸਤ ਵਿਚ ਨੀਦਰਲੈਂਡ 'ਚ ਲੱਗਭਗ 5700 ਕਰੋੜ ਰੁਪਏ ਡਾਲਰ



ਦਾ ਨਿਵੇਸ਼ ਕੀਤਾ। × ਨੇ ਸਾਊਦੀ ਵਿਚ ਗੈਸ ਪ੍ਰਾਜੈਕਟ ਅਤੇ ਟਰਾਂਸਮਿਸ਼ਨ ਅਤੇ ਵੰਡ ਨਾਲ ਸਬੰਧਤ ਵੱਡੇ ਆਰਡਰ ਵੀ ਪ੍ਰਾਪਤ ਕੀਤੇ ਹਨ। ਇਨ੍ਹਾਂ ਨਿਵੇਸ਼ਾਂ ਨੇ ਵਿਦੇਸ਼ੀ ਬਾਜਾਰ ਵਿਚ ਭਾਰਤੀ ਕੰਪਨੀਆਂ ਦੇ ਵਿਸਥਾਰ ਨੂੰ ਹੋਰ ਉਤਸ਼ਾਹਿਤ ਕੀਤਾ ਹੈ। ਇਸ ਤੋਂ ਇਲਾਵਾ ਟਾਟਾ ਸਟੀਲ ਨੇ ਸਿੰਗਾਪੁਰ ਸਥਿਤ ਟੀ ਸਟੀਲ ਹੋਲਡਿੰਗਜ ਨੂੰ ਲਗਭਗ 3,400 ਕਰੋੜ ਰੁਪਏ ਦਾ ਕਰਜਾ ਦਿੱਤਾ ਅਤੇ ਕੰਪਨੀ ਦੇ 178 ਕਰੋੜ ਸੇਅਰ ਖਰੀਦੇ। ਇਸ ਸਾਲ ਦੇ ਨਿਵੇਸ਼ ਵਿਚ ਸਿੰਗਾਪੁਰ ਸਭ ਤੋਂ ਅੱਗੇ ਰਿਹਾ, ਜਿੱਥੇ ਕੁੱਲ ਨਿਵੇਸ਼ ਦਾ 20 ਫੀਸਦੀ ਭੇਜਿਆ ਗਿਆ।

## ਸੁਖਜਿੰਦਰ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖਿਆ ਪੱਤਰ

ਗੁਰਦਾਸਪੁਰ 18 ਜਨਵਰੀ। ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਬਿਨ੍ਹਾਂ ਹੋਰ ਦੇਰੀ ਤੋਂ ਫੌਰੀ ਕੋਟਕਪੂਰਾ ਅਤੇ ਬਹਿਬਲ ਕਲਾਂ ਬੇਅਦਬੀਆਂ ਅਤੇ ਗੋਲੀਕਾਂਡ ਦੇ



ਮਸਲਿਆਂ 'ਤੇ ਕਾਨੂੰਨੀ ਕਾਰਵਾਈ ਕਰਵਾ ਕੇ ਸਿੱਖ ਸਮੁਦਾਇ ਦੀਆਂ ਭਾਵਨਾਵਾਂ ਨਾਲ ਨਿਆਂ ਕਰਨ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਵਾਪਰੀਆਂ ਇਨ੍ਹਾਂ ਦੁਖਦਾਇਕ ਘਟਨਾਵਾਂ ਬਾਰੇ ਜਦੋਂ ਉਸ ਸਮੇਂ ਦੇ ਅਕਾਲੀ ਉੱਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦੋਸ ਕਬੂਲ ਕਰ ਲਏ ਗਏ ਹਨ ਤਾਂ ਫਿਰ ਦੋ ਮਹੀਨੇ ਬਾਅਦ ਵੀ ਇਸ ਕੇਸ ਵਿੱਚ ਕੋਈ ਕਾਨੂੰਨੀ ਕਾਰਵਾਈ ਨਾ ਕੀਤੇ ਜਾਣਾ ਮੰਦਭਾਗਾ ਹੈ। ਇਹ ਸਿੱਖ ਕੌਮ ਦਾ ਹੀ ਨਹੀਂ ਬਲਕਿ ਸਮੂਹ ਪੰਜਾਬੀਆਂ ਲਈ ਇੱਕ ਬਹੁਤ ਹੀ ਸੰਜੀਦਾ ਅਤੇ ਭਾਵੁਕ ਮੁੱਦਾ ਹੈ, ਜਿਸ ਦੀ ਸੰਜੀਦਗੀ ਨੂੰ ਧਿਆਨ ਵਿੱਚ ਰੱਖਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਕੇਸ ਸਬੰਧੀ ਅਗਲੀ ਯੋਗ ਕਾਨੂੰਨੀ ਕਾਰਵਾਈ ਲਈ ਮਦਦ ਕਰਕੇ ਅਸਲ ਦੋਸੀਆਂ ਖਿਲਾਫ ਕਾਰਵਾਈ ਕਰਦਿਆਂ ਸਮੂਹ ਪੰਜਾਬੀਆਂ ਨਾਲ ਇਨਸਾਫ ਕਰਨਾ ਚਾਹੀਦਾ ਹੈ।

# ਮੁਲਾਜਮਾਂ ਲਈ ਵੱਡੀ ਖੁਸ਼ਖਬਰੀ ! ਗ੍ਰੈਚੁਟੀ ਰਾਸ਼ੀ 'ਚ ਹੋਇਆ 25 ਫੀਸਦੀ ਦਾ ਵਾਧਾ

**ਕਿਸ਼ਨ ਪਾਲ**

ਨਵੀਂ ਦਿੱਲੀ 18 ਜਨਵਰੀ। ਕੇਂਦਰੀ ਕਰਮਚਾਰੀਆਂ ਲਈ ਖੁਸ਼ਖਬਰੀ ਹੈ ਕਿ ਮਹਿੰਗਾਈ ਭੱਤੇ 'ਚ ਵਾਧੇ ਤੋਂ ਬਾਅਦ ਉਨ੍ਹਾਂ ਨੂੰ ਰਿਟਾਇਰਮੈਂਟ 'ਤੇ ਮਿਲਣ ਵਾਲੀ ਗ੍ਰੈਚੁਟੀ ਦੀ ਸੀਮਾ ਹੁਣ 25 ਲੱਖ ਰੁਪਏ ਹੋ ਗਈ ਹੈ। 1 ਜਨਵਰੀ, 2024 ਤੋਂ ਲਾਗੂ ਇਸ ਬਦਲਾਅ ਦੇ ਤਹਿਤ ਸੇਵਾਮੁਕਤੀ ਜਾਂ ਮੌਤ ਤੋਂ ਬਾਅਦ ਕੇਂਦਰੀ ਕਰਮਚਾਰੀਆਂ ਨੂੰ ਮਿਲਣ ਵਾਲੀ ਗ੍ਰੈਚੁਟੀ ਦੀ ਰਕਮ 20 ਲੱਖ ਰੁਪਏ ਤੋਂ ਵਧ ਕੇ 25 ਲੱਖ ਰੁਪਏ ਹੋ ਗਈ ਹੈ। ਇਹ ਰਕਮ ਪੂਰੀ ਤਰ੍ਹਾਂ ਟੈਕਸ ਮੁਕਤ ਹੈ, ਯਾਨੀ ਇਨ੍ਹਾਂ ਕਰਮਚਾਰੀਆਂ ਨੂੰ ਇਸ ਰਕਮ 'ਤੇ ਕੋਈ ਟੈਕਸ ਨਹੀਂ ਦੇਣਾ ਪਵੇਗਾ। ਇਸ ਦੇ ਨਾਲ ਹੀ, ਪ੍ਰਾਈਵੇਟ ਸੈਕਟਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਟੈਕਸ ਮੁਕਤ ਗ੍ਰੈਚੁਟੀ ਦੀ ਸੀਮਾ ਅਜੇ ਵੀ ਸਿਰਫ 20 ਲੱਖ ਰੁਪਏ ਹੈ। ਇਸ ਨਵੀਂ ਵਿਵਸਥਾ ਦਾ ਡਿਪਾਰਟਮੈਂਟ ਆਫ ਪਰਸੋਨਲ( ), ਦੇ ਤਹਿਤ ਮੰਤਰਾਲੇ ਦੇ ਅਧੀਨ ×' ਦੁਆਰਾ ਇੱਕ ਦਫਤਰੀ ਮੈਮੋਰੰਡਮ ਰਾਹੀਂ ਕੀਤਾ ਗਿਆ ਸੀ। ਦੱਸਿਆ ਗਿਆ ਕਿ ਇਹ ਬਦਲਾਅ ਸੱਤਵੇਂ ਤਨਖਾਹ ਕਮਿਸਨ ਦੀਆਂ ਸਿਫਾਰਸਾਂ ਦੇ ਆਧਾਰ 'ਤੇ ਲਾਗੂ ਕੀਤਾ ਗਿਆ ਹੈ, ਜਿਸ



ਕਾਰਨ ਸੇਵਾਮੁਕਤੀ ਅਤੇ ਮੌਤ 'ਤੇ ਗ੍ਰੈਚੁਟੀ ਦੀ ਵੱਧ ਤੋਂ ਵੱਧ ਸੀਮਾ 25 ਫੀਸਦੀ ਵਧਾ ਦਿੱਤੀ ਗਈ ਹੈ। ਗਰੈਚੁਟੀ ਨੂੰ ਇੱਕ ਕਿਸਮ ਦਾ ਮਾਣ ਭੱਤਾ ਮੰਨਿਆ ਜਾਂਦਾ ਹੈ, ਜੋ ਕਿਸੇ ਕਰਮਚਾਰੀ ਨੂੰ ਸੇਵਾਮੁਕਤੀ ਜਾਂ ਉਸ ਦੀਆਂ ਸੇਵਾਵਾਂ ਦੇ ਬਦਲੇ ਕੰਪਨੀ ਛੱਡਣ 'ਤੇ ਦਿੱਤਾ ਜਾਂਦਾ ਹੈ। ਇਹ ਰਕਮ ਕਰਮਚਾਰੀ ਦੀ ਮਾਸਿਕ ਤਨਖਾਹ ਦਾ ਹਿੱਸਾ ਹੈ, ਪਰ ਇਹ ਨਿਯਮਤ ਤੌਰ 'ਤੇ ਅਦਾ ਨਹੀਂ ਕੀਤੀ ਜਾਂਦੀ। ਕਰਮਚਾਰੀ ਇਸ ਰਾਸ਼ੀ ਨੂੰ ਕੰਪਨੀ ਛੱਡਣ 'ਤੇ ਜਾਂ ਹੋਰ ਹਾਲਤਾਂ ਵਿੱਚ ਇੱਕਮੁਸਤ ਪ੍ਰਾਪਤ ਕਰਦੇ ਹਨ। ਗ੍ਰੈਚੁਟੀ ਦੀ ਗਣਨਾ ਕਰਮਚਾਰੀ ਦੀ ਤਨਖਾਹ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਸ ਦੇ ਲਈ ਕਰਮਚਾਰੀ ਨੂੰ ਘੱਟੋ-ਘੱਟ 5 ਸਾਲ ਲਗਾਤਾਰ ਸੇਵਾ ਪ੍ਰਦਾਨ ਕਰਨੀ ਹੋਵੇਗੀ। ਹਾਲਾਂਕਿ, ਇਹ ਨਿਯਮ ਲਾਗੂ ਨਹੀਂ ਹੁੰਦਾ ਜੇਕਰ ਕਰਮਚਾਰੀ ਦੀ ਮੌਤ ਹੋ ਜਾਂਦੀ ਹੈ ਜਾਂ ਅਪਾਹਜ ਹੋ ਜਾਂਦਾ ਹੈ। ਇਸ ਤੋਂ ਇਲਾਵਾ ਹਾਲ ਹੀ ਵਿੱਚ ਟਰੇਡ ਯੂਨੀਅਨਾਂ ਨੇ ਵਿੱਤ ਮੰਤਰੀ ਤੋਂ ਗਰੈਚੁਟੀ ਦੀ ਗਣਨਾ ਦੇ ਨਿਯਮਾਂ ਵਿੱਚ ਤਬਦੀਲੀ ਕਰਨ ਦੀ ਮੰਗ ਕੀਤੀ ਹੈ, ਤਾਂ ਜੋ ਮੁਲਾਜਮਾਂ ਨੂੰ ਸੇਵਾਮੁਕਤੀ 'ਤੇ ਹੋਰ ਗਰੈਚੁਟੀ ਮਿਲ ਸਕੇ। ਉਨ੍ਹਾਂ ਨੇ ਵਿੱਤ ਮੰਤਰੀ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਇੱਕ ਮਹੀਨੇ ਦੀ ਤਨਖਾਹ ਨੂੰ ਗਰੈਚੁਟੀ ਦੀ ਗਣਨਾ ਦਾ ਆਧਾਰ ਬਣਾਇਆ ਜਾਵੇ ਨਾ ਕਿ 15 ਦਿਨਾਂ ਦੀ ਤਨਖਾਹ ਨੂੰ।

## ਗੁਰਦਾਸਪੁਰ ਡੀ. ਸੀ. ਦੇ ਸਖਤ ਹੁਕਮ, ਇਨ੍ਹਾਂ ਦੁਕਾਨਦਾਰਾਂ 'ਤੇ ਹੋ ਸਕਦੀ ਕਾਰਵਾਈ

ਕਾਦੀਆਂ/ਬਟਾਲਾ/ਨੌਸਹਿਰਾ ਮੱਝਾ ਸਿੰਘ 18 ਜਨਵਰੀ। ਲੋਹੜੀ ਮੌਕੇ ਕੁਝ ਸਥਾਨਕ ਮੀਟ ਦੇ ਦੁਕਾਨਦਾਰਾਂ ਨੇ ਬੱਕਰਿਆਂ ਨੂੰ ਵੱਢ ਕੇ ਆਪਣੀਆਂ ਦੁਕਾਨਾਂ ਦੇ ਬਾਹਰ ਟੰਗ ਦਿੱਤਾ ਸੀ। ਇਸ ਸਬੰਧੀ ਨੇੜਲੇ ਦੁਕਾਨਦਾਰਾਂ ਵੱਲੋਂ ਜ਼ਿਲਾ ਮੈਜਿਸਟ੍ਰੇਟ ਗੁਰਦਾਸਪੁਰ ਨੂੰ ਸ਼ਿਕਾਇਤ ਕੀਤੀ ਸੀ, ਜਿਸ 'ਤੇ ਡੀ. ਸੀ. ਗੁਰਦਾਸਪੁਰ ਉਮਾ ਸੰਕਰ ਗੁਪਤਾ ਨੇ ਐੱਸ. ਡੀ. ਐੱਮ. ਬਟਾਲਾ ਬਿਕਰਮਜੀਤ ਸਿੰਘ ਨੂੰ ਮਾਮਲੇ ਦਾ ਸਖਤ ਨੋਟਿਸ ਲੈਣ ਦੇ ਨਿਰਦੇਸ ਦਿੱਤੇ, ਜਿਸ 'ਤੇ ਐੱਸ. ਡੀ. ਐੱਮ. ਬਟਾਲਾ



ਨੇ ਈ. ਓ. ਕਾਦੀਆਂ ਭੁਪਿੰਦਰ ਸਿੰਘ ਨੂੰ ਮਾਮਲੇ 'ਚ ਤੁਰੰਤ ਕਾਰਵਾਈ ਕਰਨ ਲਈ ਕਿਹਾ। ਸੂਚਨਾ ਮਿਲਦੇ ਹੀ ਨਗਰ ਕੌਂਸਲ ਦੀ ਟੀਮ ਨਾਇਬ ਤਹਿਸੀਲਦਾਰ ਨਿਰਮਲ ਸਿੰਘ ਦੀ ਅਗਵਾਈ ਹੇਠ ਮੌਕੇ 'ਤੇ ਪਹੁੰਚੀ ਅਤੇ ਉਨ੍ਹਾਂ ਨੇ ਵੱਢੇ ਹੋਏ ਬੱਕਰਿਆਂ ਨੂੰ ਦੁਕਾਨਾਂ ਦੇ ਅੰਦਰ ਲਿਜਾਇਆ ਅਤੇ ਕੱਪੜਿਆਂ ਨਾਲ ਢੱਕ ਦਿੱਤਾ। ਕਮਲਪ੍ਰੀਤ ਸਿੰਘ ਉਰਫ ਰਾਜਾ ਨੇ ਦੱਸਿਆ ਕਿ ਈ. ਓ. ਭੁਪਿੰਦਰ ਸਿੰਘ ਦੇ ਨਿਰਦੇਸਾਂ 'ਤੇ ਨਗਰ ਕੌਂਸਲ ਕਾਦੀਆਂ ਨੇ ਉਕਤ ਦੁਕਾਨਦਾਰਾਂ ਦੇ ਚਲਾਨ ਵੀ ਜਾਰੀ ਕੀਤੇ ਹਨ ਅਤੇ ਜੇਕਰ ਭਵਿੱਖ 'ਚ ਕੋਈ ਦੁਕਾਨਦਾਰ ਇਸ ਤਰ੍ਹਾਂ ਆਪਣੀ ਦੁਕਾਨ ਦੇ ਬਾਹਰ ਬੱਕਰੇ ਲਟਕਾਉਂਦਾ ਹੈ ਤਾਂ ਉਨ੍ਹਾਂ ਦੀਆਂ ਦੁਕਾਨਾਂ ਵੀ ਬੰਦ ਕਰ ਦਿੱਤੀਆਂ ਜਾਣਗੀਆਂ। ਨੋਟਿਸ ਜਾਰੀ ਦਿੱਤਾ ਗਿਆ ਹੈ। ਇਸ ਮੌਕੇ ਕਮਲਪ੍ਰੀਤ ਸਿੰਘ ਉਰਫ ਰਾਜਾ, ਰੋਹਿਤ, ਇੰਦਰਪ੍ਰੀਤ ਸਿੰਘ, ਰੋਹਿਤ ਆਦਿ ਹਾਜਰ ਸਨ।

## ਵਿਅਕਤੀ ਦੀ ਮੌਤ ਦੇ ਮਾਮਲੇ 'ਚ ਘੋੜਾ ਟਰਾਲਾ ਚਾਲਕ 'ਤੇ ਪਰਚਾ ਦਰਜ

ਫਾਜ਼ਿਲਕਾ 18 ਜਨਵਰੀ। ਥਾਣਾ ਸਦਰ ਪੁਲਸ ਨੇ ਟੱਕਰ ਮਾਰਨ ਵਾਲੇ ਅਣਪਛਾਤੇ ਘੋੜਾ ਟਰਾਲਾ ਚਾਲਕ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਬੀਰਬਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਰਨੈਲ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਬੰਨਵਾਲਾ ਹਨੂਵੰਤਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸਦਾ ਮੁੰਡਾ ਬਲਵਿੰਦਰ ਸਿੰਘ ਰਾਜ ਕੁਮਾਰ, ਜੋ ਕਿ ਪੁੱਤਰ ਉਮ ਪ੍ਰਕਾਸ਼ ਵਾਸੀ ਫਾਜ਼ਿਲਕਾ ਦੇ ਟੈਂਪੂ 'ਤੇ ਸਬਜੀ ਵੇਚਣ ਦਾ ਕੰਮ ਕਰਦਾ ਹੈ। ਉਹ ਸਬਜੀ ਵੇਚ ਕੇ ਘਰ ਨੂੰ ਆ ਰਹੇ ਸੀ ਤਾਂ ਰਾਤ ਕਰੀਬ 9.30 ਵਜੇ ਅਚਾਨਕ ਟੈਂਪੂ ਖਰਾਬ ਹੋਣ ਕਰਕੇ ਉਨ੍ਹਾਂ ਨੇ ਟੈਂਪੂ ਸੜਕ ਕਿਨਾਰੇ ਦਿੱਤਾ। ਉਹ ਟੈਂਪੂ ਠੀਕ ਕਰ ਰਹੇ ਸੀ ਕਿ ਇਸ ਦੌਰਾਨ ਜਲਾਲਾਬਾਦ ਵੱਲੋਂ ਇੱਕ ਅਣਪਛਾਤੇ ਟਰਾਲਾ ਚਾਲਕ ਨੇ ਬੜੀ ਤੇਜ ਰਫਤਾਰ ਨਾਲ ਲਿਆ ਕੇ ਟਰਾਲਾ ਉਨ੍ਹਾਂ ਦੇ ਟੈਂਪੂ 'ਚ ਮਾਰਿਆ। ਇਸ 'ਤੇ ਬਲਵਿੰਦਰ ਸਿੰਘ ਨੂੰ ਜ਼ਿਆਦਾ ਸੱਟਾਂ ਲੱਗਣ ਕਰਕੇ ਮੌਕੇ 'ਤੇ ਉਸ ਦੀ ਮੌਤ ਹੋ ਗਈ। ਪੁਲਸ ਨੇ ਅਣਪਛਾਤੇ ਟਰਾਲਾ ਚਾਲਕ 'ਤੇ ਮਾਮਲਾ ਦਰਜ ਕਰ ਲਿਆ ਹੈ।

### ਪੰਜਾਬ ਦੇ ਹਾਈਵੇਅ 'ਤੇ ਵੱਡਾ ਹਾਦਸਾ, ਨੌਜਵਾਨ ਦੀ ਦਰਦਨਾਕ ਮੌਤ

ਜਲੰਧਰ 18 ਜਨਵਰੀ। ਜਲੰਧਰ-ਪਠਾਨਕੋਟ ਰਾਸਟਰੀ ਰਾਜਮਾਰਗ 'ਤੇ ਸਵੇਰੇ 6 ਵਜੇ ਦੇ ਕਰੀਬ ਇਕ ਪਿੰਡ ਨੇੜੇ ਹੋਏ ਹਾਦਸੇ ਵਿਚ ਇਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ। ਰਾਹਗੀਰਾਂ ਨੇ ਇਸ ਬਾਰੇ ਮਕਸੂਦਾਂ ਥਾਣੇ ਦੀ ਪੁਲਸ ਨੂੰ ਸੂਚਿਤ ਕੀਤਾ ਅਤੇ ਏ. ਐੱਸ. ਆਈ. ਮੌਕੇ ਰਜਿੰਦਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਾਂਚ ਸੁਰੂ ਕਰ ਦਿੱਤੀ। ਜਾਣਕਾਰੀ ਦਿੰਦੇ ਏ. ਐੱਸ. ਆਈ. ਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਤੁਰੰਤ ਸੂਚਨਾ ਮਿਲੀ ਕਿ ਇਕ ਵਿਅਕਤੀ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਹੈ ਅਤੇ ਵਾਹਨ ਮੌਕੇ ਤੋਂ ਫਰਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਪਹੁੰਚਣ ਤੋਂ ਬਾਅਦ ਮੁੱਢਲੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਕਿ ਇਕ ਅਣਪਛਾਤਾ ਵਿਅਕਤੀ ਸੜਕ ਕਿਨਾਰੇ ਪੈਦਲ ਜਾ ਰਿਹਾ ਸੀ ਤਾਂ ਇਕ ਅਣਪਛਾਤੇ ਵਾਹਨ ਨੇ ਉਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ, ਜਿਸ ਕਾਰਨ ਲਾਸ ਦੇ ਟੁਕੜੇ ਸੜਕ 'ਤੇ ਖਿੱਲਰੇ ਹੋਏ ਸਨ ਅਤੇ ਵਾਹਨ ਉਨ੍ਹਾਂ ਉੱਤੋਂ ਦੀ ਲੰਘਦੇ ਰਹੇ। ਮ੍ਰਿਤਕ ਦੀ ਪਛਾਣ ਲਈ ਆਸ-ਪਾਸ ਦੇ ਪ੍ਰਮੁੱਖ ਲੋਕਾਂ ਨੂੰ ਬੁਲਾਇਆ ਗਿਆ ਪਰ ਕਿਸੇ ਨੇ ਵੀ ਉਸ ਦੀ ਪਛਾਣ ਨਹੀਂ ਕੀਤੀ। ਏ. ਐੱਸ. ਆਈ. ਰਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਸਰੀਰ ਦੇ ਟੁਕੜੇ ਇਕੱਠੇ ਕਰਕੇ ਪਛਾਣ ਲਈ 72 ਘੰਟਿਆਂ ਲਈ ਸਿਵਲ ਹਸਪਤਾਲ ਵਿਚ ਰੱਖੇ ਗਏ ਹਨ ਅਤੇ ਅਣਪਛਾਤੇ ਵਾਹਨ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਨੇੜੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

## ਡੋਰ ਦੀ ਲਪੇਟ 'ਚ ਆਉਣ ਕਾਰਨ ਵੱਢਿਆ ਗਿਆ ਗਲ਼ਾ, ਮਾਸੂਮ ਸਣੇ ਚਾਰ ਲੋਕਾਂ ਦੀ ਮੌਤ

**ਏਜੰਸੀਆਂ**

ਵੈੱਬ ਡੈਸਕ 18 ਜਨਵਰੀ। ਗੁਜਰਾਤ 'ਚ ਮੰਗਲਵਾਰ ਨੂੰ ਉੱਤਰਾਇਣ ਤਿਉਹਾਰ ਦੌਰਾਨ ਪਤੰਗ ਉਡਾਉਂਦੇ ਸਮੇਂ ਪਤੰਗ ਦੀ ਡੋਰ ਨਾਲ ਗਲਾ ਵੱਢਣ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿਚ ਇੱਕ ਚਾਰ ਸਾਲ ਦਾ ਬੱਚਾ ਵੀ ਸਾਮਲ ਹੈ। ਪੁਲਸ ਅਧਿਕਾਰੀਆਂ ਅਨੁਸਾਰ ਇਹ ਘਟਨਾਵਾਂ ਰਾਜਕੋਟ, ਪੰਚਮਹਿਲ, ਮਹਿਸਾਣਾ ਅਤੇ ਸੁਰੇਂਦਰਨਗਰ ਜ਼ਿਲ੍ਹਿਆਂ ਵਿੱਚ ਵਾਪਰੀਆਂ। ਇਸ ਤੋਂ ਇਲਾਵਾ, ਸੂਬੇ ਭਰ ਵਿੱਚ ਕਈ ਲੋਕ ਜਖਮੀ ਹੋਏ ਹਨ। ਪੰਚਮਹਿਲ ਜ਼ਿਲ੍ਹੇ ਦੇ ਹਲੋਲ ਕਸਬੇ ਦਾ ਰਹਿਣ ਵਾਲਾ ਚਾਰ ਸਾਲਾ ਕੁਨਾਲ ਪਰਮਾਰ ਆਪਣੇ ਪਿਤਾ ਨਾਲ ਮੋਟਰਸਾਈਕਲ 'ਤੇ ਬਾਜਾਰ ਤੋਂ ਪਤੰਗ ਅਤੇ ਗੁਬਾਰੇ ਖਰੀਦਣ ਜਾ ਰਿਹਾ ਸੀ ਕਿ ਅਚਾਨਕ ਪਤੰਗ ਦੀ ਡੋਰ ਦਾ ਇੱਕ ਟੁਕੜਾ ਉਸਦੀ ਗਰਦਨ ਵਿੱਚ ਫਸ ਗਿਆ, ਜਿਸ ਨਾਲ ਉਸਦੀ ਗਰਦਨ ਉੱਤੇ ਡੂੰਘਾ ਕੱਟ ਲੱਗ ਗਿਆ। ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਜ਼ਿਆਦਾ ਖੂਨ ਵਹਿਣ ਕਾਰਨ ਉਸਦੀ ਮੌਤ ਹੋ ਗਈ। ਇਸੇ ਸਮੇਂ, ਮਹਿਸਾਣਾ ਜ਼ਿਲ੍ਹੇ ਦੇ ਵਡਨਗਰ ਤਾਲੁਕਾ 'ਚ ਇੱਕ ਹੋਰ ਦੁਖਦਾਈ ਘਟਨਾ ਸਾਹਮਣੇ ਆਈ, ਜਿੱਥੇ 35 ਸਾਲਾ ਕਿਸਾਨ ਮਨਸਾਜੀ ਠਾਕੋਰ ਦੀ ਗਰਦਨ ਪਤੰਗ ਦੀ ਡੋਰ ਨਾਲ ਵੱਢੀ ਗਈ। ਜਦੋਂ ਇਹ ਹਾਦਸਾ ਵਾਪਰਿਆ ਤਾਂ ਉਹ ਮੋਟਰਸਾਈਕਲ 'ਤੇ ਆਪਣੇ ਪਿੰਡ ਜਾ ਰਿਹਾ ਸੀ। ਇਲਾਜ ਦੌਰਾਨ ਉਸਦੀ ਵੀ ਮੌਤ ਹੋ ਗਈ। ਰਾਜਕੋਟ ਜ਼ਿਲ੍ਹੇ ਦੇ ਬਾਹਰਵਾਰ, ਈਸਵਰ ਠਾਕੋਰ (35) ਨਾਮ ਦਾ



ਇੱਕ ਵਿਅਕਤੀ ਵੀ ਪਤੰਗ ਦੀ ਡੋਰ ਨਾਲ ਗੰਭੀਰ ਜਖਮੀ ਹੋ ਗਿਆ ਅਤੇ ਉਸਦੀ ਮੌਤ ਹੋ ਗਈ। ਇਸ ਤੋਂ ਇਲਾਵਾ, ਸੁਰੇਂਦਰਨਗਰ ਜ਼ਿਲ੍ਹੇ ਦੇ ਪਟੜੀ ਤਾਲੁਕਾ ਵਿੱਚ ਇੱਕ ਹੋਰ ਅਣਪਛਾਤੇ ਵਿਅਕਤੀ ਦੀ ਗਰਦਨ 'ਤੇ ਮਾਂਝਾ ਲੱਗਣ ਨਾਲ ਜਖਮੀ ਹੋਣ ਕਾਰਨ ਮੌਤ ਹੋ ਗਈ। ਗੁਜਰਾਤ ਵਿੱਚ ਉੱਤਰਾਇਣ ਤਿਉਹਾਰ ਦੌਰਾਨ 108 ਐਂਬੂਲੈਂਸ ਸੇਵਾ ਨੂੰ ਐਮਰਜੈਂਸੀ ਕਾਲਾਂ ਵਿੱਚ ਵਾਧਾ ਹੋਇਆ। 16 ਜਨਵਰੀ ਨੂੰ ਸਾਮ 6 ਵਜੇ ਤੱਕ ਕੁੱਲ 3,707 ਕਾਲਾਂ ਆਈਆਂ ਸਨ, ਜਦੋਂ ਕਿ ਪਿਛਲੇ ਸਾਲ ਇਸੇ ਦਿਨ 3,362 ਕਾਲਾਂ ਆਈਆਂ ਸਨ। ਇਹਨਾਂ ਕਾਲਾਂ ਵਿੱਚ ਮੁੱਖ ਤੌਰ 'ਤੇ ਪਤੰਗ ਉਡਾਉਂਦੇ ਸਮੇਂ ਪਤੰਗ ਦੀਆਂ ਡੋਰਾਂ ਨਾਲ ਕੱਟੇ ਜਾਣ ਅਤੇ ਛੱਤ ਤੋਂ ਡਿੱਗਣ ਦੇ ਮਾਮਲੇ ਸਾਮਲ ਸਨ। ਪਤੰਗ ਉਡਾਉਣ ਦੇ ਸੌਕੀਨ ਨਾਈਲੋਨ ਦੀ ਬਣੀ ਹੋਈ ਡੋਰ ਦੀ ਵਰਤੋਂ ਕਰਦੇ ਹਨ ਅਤੇ ਇਸ ਉੱਤੇ ਕੱਚ ਦਾ ਮਾਂਝਾ ਲਾਇਆ ਜਾਂਦਾ ਹੈ, ਜੋ ਕਿ ਬਹੁਤ ਤਿੱਖਾ ਅਤੇ ਖਤਰਨਾਕ ਹੁੰਦਾ ਹੈ। ਇਸ ਨਾਲ ਘਾਤਕ ਸੱਟਾਂ ਲੱਗ ਸਕਦੀਆਂ ਹਨ। ਰਾਜ ਸਰਕਾਰ ਨੇ ਅਜਿਹੀਆਂ ਡੋਰਾਂ 'ਤੇ ਪਾਬੰਦੀ ਲਗਾਈ ਹੈ, ਪਰ ਇਹ ਅਜੇ ਵੀ ਪਤੰਗਾਂ ਦੇ ਸੌਕੀਨਾਂ ਤੱਕ ਪਹੁੰਚ ਜਾਂਦੀਆਂ ਹਨ। ਸੋਮਵਾਰ ਨੂੰ, ਗੁਜਰਾਤ ਸਰਕਾਰ ਨੇ ਦੱਸਿਆ ਕਿ ਉਤਰਾਇਣ ਤੋਂ ਪਹਿਲਾਂ 609 ਐੱਫਆਈਆਰ ਦਰਜ ਕੀਤੀਆਂ ਗਈਆਂ ਸਨ ਅਤੇ ਪਾਬੰਦੀਸੁਦਾ ਡੋਰ ਬਣਾਉਣ, ਵੇਚਣ ਅਤੇ ਸਟੋਰ ਕਰਨ ਦੇ ਦੋਸ ਵਿੱਚ 612 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਚੋਰਾਂ ਦੇ ਹੌਸਲੇ ਬੁਲੰਦ, ਚਲਦੇ ਵਾਹਨਾਂ 'ਚੋਂ ਉਡਾ ਲੈਂਦੇ ਹਨ ਮਾਲ ਦੇ ਨਗ

**ਏਜੰਸੀਆਂ**

ਅੰਮ੍ਰਿਤਸਰ 18 ਜਨਵਰੀ। ਚੋਰਾਂ ਦੇ ਹੌਸਲੇ ਬੁਲੰਦ ਹੋਣ ਦੇ ਕਿੱਸੇ ਤਾਂ ਅਸੀਂ ਬਹੁਤ ਸੁਣੇ ਸਨ ਪਰ ਪਿਛਲੇ ਕੁਝ ਦਿਨਾਂ ਤੋਂ ਇਹ ਇੰਨੇ ਦਲੇਰ ਹੋ ਗਏ ਹਨ ਕਿ ਹੁਣ ਟਰਾਂਸਪੋਰਟਰਾਂ ਦੇ ਬੰਦ ਪਏ ਟਰੱਕ ਵੀ ਇਨ੍ਹਾਂ ਤੋਂ ਸੁਰੱਖਿਅਤ ਨਹੀਂ ਹਨ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਮਹਾਨਗਰ ਦੇ ਵੱਡੇ ਟਰਾਂਸਪੋਰਟਰਾਂ ਨੇ ਗੁੱਸੇ ਵਿਚ ਆ ਕੇ ਇਸ ਦਾ ਪਰਦਾਫਾਸ ਕੀਤਾ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਆਦਾਤਰ ਟਰਾਂਸਪੋਰਟਰ ਆਪਣੇ ਅਦਾਰਿਆਂ ਦੇ ਬਾਹਰ ਲੋਡਿਡ ਟਰੱਕ ਖੜ੍ਹੇ ਕਰਦੇ ਹਨ। ਜ਼ਿਆਦਾਤਰ ਟਰੱਕ ਰਾਤ ਨੂੰ ਮਾਲ ਲੱਦਣ ਤੋਂ ਬਾਅਦ ਤਰਪਾਲਾਂ ਨਾਲ ਬੰਨ੍ਹ ਦਿੰਦੇ ਹਨ। ਇਹ ਟਰੱਕ ਰਾਤ ਦੇ 1-2 ਵਜੇ ਤੋਂ ਲੈ ਕੇ ਸਵੇਰੇ 4-5 ਵਜੇ ਦੇ ਵਿਚਕਾਰ ਆਪਣੀ ਮੰਜ਼ਿਲ ਵੱਲ ਭੇਜੇ ਜਾਂਦੇ ਹਨ। ਇਸ ਦੌਰਾਨ ਚੋਰ ਆਪਣਾ ਕੰਮ ਕਰਦੇ ਹਨ। ਉਹ ਛੱਤ 'ਤੇ ਚੜ੍ਹ ਕੇ ਤੇਜਧਾਰ ਚਾਕੂਆਂ ਨਾਲ ਤਰਪਾਲਾਂ ਨੂੰ ਪਾੜ ਕੇ ਅੰਦਰ ਪਿਆ ਕੀਮਤੀ ਸਾਮਾਨ ਬਾਹਰ ਕੱਢ ਲੈਂਦੇ ਹਨ। ਇਹ ਘਟਨਾ ਕਿਸੇ ਇਕ ਟਰਾਂਸਪੋਰਟ ਦੀ ਨਹੀਂ ਸਗੋਂ ਇਸ ਨਾਲ ਵੱਡੀ ਗਿਣਤੀ ਵਿਚ ਟਰਾਂਸਪੋਰਟਰ ਪ੍ਰਭਾਵਿਤ ਹੋ ਰਹੇ ਹਨ। ਦਰਜਨ ਦੇ ਕਰੀਬ ਟਰਾਂਸਪੋਰਟਰ ਹੁਣ ਮੀਡੀਆ ਸਾਹਮਣੇ ਆ ਚੁੱਕੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਊ ਜਵਾਲਾਜੀ ਟਰਾਂਸਪੋਰਟ ਦੇ ਮਾਲਕ ਮਹੇਸ ਕੁਮਾਰ ਭਾਰਦਵਾਜ ਨੇ ਦੱਸਿਆ ਕਿ ਇਨ੍ਹਾਂ ਚੋਰਾਂ ਦੇ ਹੌਂਸਲੇ ਇੰਨੇ ਵਧ ਗਏ ਹਨ ਕਿ ਉਹ ਚੱਲਦੇ ਟਰੱਕ ਦੇ ਉੱਪਰ ਚੜ੍ਹ ਜਾਂਦੇ ਹਨ। ਇਨ੍ਹਾਂ ਦੇ ਹੱਥ ਐਨੇ ਸਾਫ ਹੁੰਦੇ ਹਨ ਕਿ ਟਰੱਕ ਵਿਚ ਬੈਠੇ ਡਰਾਈਵਰ ਨੂੰ ਵੀ ਪਤਾ ਨਹੀਂ ਲੱਗਦਾ ਅਤੇ ਉਪਰੋਂ ਉਹ ਟਰੱਕਾਂ ਵਿੱਚੋਂ ਸਾਮਾਨ ਚੁੱਕ ਕੇ ਹੇਠਾਂ ਸੁੱਟ ਦਿੰਦੇ ਹਨ ਅਤੇ ਅੱਗੇ ਖੜ੍ਹੇ ਉਨ੍ਹਾਂ ਦੇ ਸਾਥੀ ਸੁੱਟੇ ਹੋਏ ਨਗਾਂ ਨੂੰ ਗਾਇਬ ਕਰ ਦਿੰਦੇ ਹਨ। ਇਸ ਕਾਰਨ ਵਪਾਰੀਆਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਟਰਾਂਸਪੋਰਟਰਾਂ ਨੂੰ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਹਿਰ ਦੇ ਵੱਡੀ ਗਿਣਤੀ ਟਰਾਂਸਪੋਰਟਰ ਇਨ੍ਹਾਂ ਚੋਰਾਂ ਤੋਂ ਪ੍ਰੇਸਾਨ ਹਨ। ਚੋਰਾਂ ਦੀ ਅਗਲੀ ਕਾਰਵਾਈ ਵਿਚ ਜਦੋਂ ਉਨ੍ਹਾਂ ਨੂੰ ਦਿਹਾਤੀ ਖੇਤਰ ਵਿਚ ਕੋਈ ਅਜਿਹਾ ਵਾਹਨ ਮਿਲਦਾ ਹੈ ਜਿਸ ਦਾ ਡਰਾਈਵਰ ਨੇੜੇ-ਤੇੜੇ ਨਜਰ ਨਹੀਂ ਆਉਂਦਾ ਤਾਂ ਉਹ ਟਰੱਕ ਦੇ ਟਾਇਰਾਂ ਅਤੇ ਰਿਮਾਂ ਲਾਹ ਕੇ ਲੈ ਜਾਂਦੇ ਹਨ। ਹਾਲ ਹੀ ਵਿਚ ਇੱਕ ਟਰੱਕ ਦੇ ਚਾਰੇ ਪਹੀਏ ਲਾਹ ਦਿੱਤੇ ਗਏ, ਜਿਸ ਕਾਰਨ ਟਰਾਂਸਪੋਰਟਰ ਦਾ ਕਰੀਬ 1 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਲੋਕ ਇੰਨੇ ਖਤਰਨਾਕ ਹੋ ਗਏ ਹਨ ਕਿ ਟਰਾਂਸਪੋਰਟ ਅਦਾਰਿਆਂ ਦੇ ਬਾਹਰ ਖੜ੍ਹੇ ਟਰੱਕਾਂ ਵਿੱਚੋਂ ਡੀਜਲ ਕੱਢ ਲੈਂਦੇ ਹਨ। ਕਿਉਂਕਿ ਫਿਊਲ ਟੈਂਕ ਲਾਕ ਹੁੰਦਾ ਹੈ ਇਸ ਲਈ ਇਹ ਟੈਂਕ ਦੇ ਹੇਠਾ ਵਾਲਾ ਨਟ ਰੇਂਚ ਨਾਲ ਖੋਲ੍ਹਕੇ ਉਸ ਵਿਚੋਂ ਤੇਲ ਕੈਨਾਂ ਵਿਚ ਭਰ ਕੇ ਲੈ



ਜਾਂਦੇ ਹਨ। ਸਵੇਰੇ ਜਦੋਂ ਡਰਾਈਵਰ ਟਰੱਕ ਦੇ ਸੈਲਫ ਮਾਰਦਾ ਹੈ ਤਾਂ ਗੱਡੀ ਸਟਾਰਟ ਨਹੀਂ ਹੁੰਦੀ। ਇਕ ਔਸਤ ਟਰੱਕ ਦੇ ਫਿਊਲ ਟੈਂਕ ਦੀ ਸਮਰੱਥਾ 300 ਲੀਟਰ ਡੀਜਲ ਹੈ, ਜਿਸ ਦੀ ਕੀਮਤ ਲਗਭਗ 25-26 ਹਜਾਰ ਰੁਪਏ ਹੈ। ਚੋਰਾਂ ਦੀ ਚੁਸਤੀ ਇੰਨੀ ਹੈ ਕਿ ਜੇਕਰ ਇਨ੍ਹਾਂ 'ਚੋਂ ਦੋ ਹੀ ਹੋਣ ਤਾਂ ਵੀ ਉਹ 15 ਤੋਂ 20 ਮਿੰਟਾਂ 'ਚ ਹੀ ਟਰੱਕ ਦੇ ਚਾਰ ਪਹੀਏ ਉਤਾਰ ਲੈਂਦੇ ਹਨ। ਇਸ ਤੋਂ ਬਾਅਦ ਟਰੱਕ ਦੀ ਚੈਸੀ ਦੇ ਹੇਠਾਂ ਇੱਟਾਂ ਰੱਖੀਆਂ ਜਾਂਦੀਆਂ ਹਨ ਅਤੇ ਜੈੱਕ ਵੀ ਹਟਾ ਦਿੱਤਾ ਜਾਂਦਾ ਹੈ।ਇਸੇ ਤਰ੍ਹਾਂ ਫਿਊਲਵਿਚ ਜਦੋਂ ਉਨ੍ਹਾਂ ਨੂੰ ਦਿਹਾਤੀ ਖੇਤਰ ਵਿਚ ਕੋਈ ਅਜਿਹਾ ਵਾਹਨ ਮਿਲਦਾ ਹੈ ਜਿਸ ਦਾ ਡਰਾਈਵਰ ਨੇੜੇ-ਤੇੜੇ ਨਜਰ ਨਹੀਂ ਆਉਂਦਾ ਤਾਂ ਉਹ ਟਰੱਕ ਦੇ ਟਾਇਰਾਂ ਅਤੇ ਰਿਮਾਂ ਲਾਹ ਕੇ ਲੈ ਜਾਂਦੇ ਹਨ। ਹਾਲ ਹੀ ਵਿਚ ਇੱਕ ਟਰੱਕ ਦੇ ਚਾਰੇ ਪਹੀਏ ਲਾਹ ਦਿੱਤੇ ਗਏ, ਜਿਸ ਕਾਰਨ ਟਰਾਂਸਪੋਰਟਰ ਦਾ ਕਰੀਬ 1 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਲੋਕ ਇੰਨੇ ਖਤਰਨਾਕ ਹੋ ਗਏ ਹਨ ਕਿ ਟਰਾਂਸਪੋਰਟ ਅਦਾਰਿਆਂ ਦੇ ਬਾਹਰ ਖੜ੍ਹੇ ਟਰੱਕਾਂ ਵਿੱਚੋਂ ਡੀਜਲ ਕੱਢ ਲੈਂਦੇ ਹਨ। ਕਿਉਂਕਿ ਫਿਊਲ ਟੈਂਕ ਲਾਕ ਹੁੰਦਾ ਹੈ ਇਸ ਲਈ ਇ ਕੱਢਣ 'ਚ ਸਿਰਫ 3 ਤੋਂ 4 ਮਿੰਟ ਲੱਗਦੇ ਹਨ। ਕੈਨੀ ਭਰਨ ਤੋਂ ਬਾਅਦ ਨਟ ਅਤੇ ਬੋਲਟ ਢਿੱਲੇ ਰਹਿ ਜਾਂਦੇ ਹਨ, ਜਿਸ ਕਾਰਨ ਬਚਿਆ ਹੋਇਆ ਤੇਲ ਵੀ ਨਾਲੀਆਂ ਵਿਚ ਡਿੱਗ ਜਾਂਦਾ ਹੈ। ਟਰਾਂਸਪੋਰਟਰਾਂ ਨੇ ਦੱਸਿਆ ਕਿ ਜਦੋਂ ਟਰੱਕ ਸੜਕ 'ਤੇ ਜਾ ਰਿਹਾ ਹੁੰਦਾ ਹੈ ਤਾਂ ਜਿਵੇਂ ਹੀ ਡਰਾਈਵਰ ਕਿਸੇ ਵੀ ਥਾਂ 'ਤੇ ਵਾਹਨ ਨੂੰ ਹੌਲੀ ਕਰਦਾ ਹੈ ਤਾਂ ਚੋਰ ਤੁਰੰਤ ਛੱਤ 'ਤੇ ਚੜ੍ਹ ਜਾਂਦੇ ਹਨ ਅਤੇ ਉੱਪਰੋਂ ਸਾਮਾਨ ਸੁੱਟਣਾ ਸੁਰੂ ਕਰ ਦਿੰਦੇ ਹਨ। ਇਸ ਦੌਰਾਨ ਜੇਕਰ ਡਰਾਈਵਰ ਨੂੰ ਚੋਰ ਦਾ ਪਤਾ ਲੱਗ ਜਾਂਦਾ ਹੈ ਅਤੇ ਉਹ ਟਰੱਕ ਨੂੰ ਰੋਕਦਾ ਹੈ ਤਾਂ ਚੋਰ ਛਾਲ ਮਾਰ ਕੇ ਡਰਾਈਵਰ ਤੋਂ ਪਹਿਲਾਂ ਹੀ ਬਾਈਕ 'ਤੇ ਭੱਜ ਜਾਂਦਾ ਹੈ ਅਤੇ ਆਟੋ ਚਾਲਕ ਸੁੱਟਿਆ ਸਾਮਾਨ ਦੂਜੇ ਪਾਸੇ ਲੈ ਜਾਂਦਾ ਹੈ। ਅਜਿਹੇ 'ਚ ਟਰੱਕ ਡਰਾਈਵਰ ਉਲਝਣ 'ਚ ਪੈ ਜਾਂਦੇ ਹਨ ਕਿ ਸਾਮਾਨ ਲੈ ਕੇ ਜਾ ਰਹੇ ਆਟੋ ਦਾ ਪਿੱਛਾ ਕਰਨਾ ਹੈ ਜਾਂ ਬਾਈਕ 'ਤੇ ਫਰਾਰ ਹੋਏ ਚੋਰਾਂ ਦਾ ਪਿੱਛਾ ਕਰਨਾ ਹੈ ਕਿਉਂਕਿ ਦੋਵਾਂ ਦੇ ਰਸਤੇ ਵੱਖ-ਵੱਖ ਹਨ। ਇਸ ਸਬੰਧੀ ਸਹਿਰ ਦੇ ਉੱਘੇ ਟਰਾਂਸਪੋਰਟਰਾਂ ਜਵਾਲਾਜੀ ਟਰਾਂਸਪੋਰਟ ਤੋਂ ਸੁਦਰਸਨ ਭਾਰਦਵਾਜ, ਨਿਊ ਜਵਾਲਾਜੀ ਟਰਾਂਸਪੋਰਟ ਤੋਂ ਮਹੇਸ ਭਾਰਦਵਾਜ, ਬੱਬੂ ਹਿਮਾਚਲ ਟਰਾਂਸਪੋਰਟ ਤੋਂ ਮਨਿੰਦਰ ਸਿੰਘ ਠਾਕੁਰ, ਪੰਜਾਬ ਹਿਮਾਚਲ ਟਰਾਂਸਪੋਰਟ ਤੋਂ ਗੁਰਨਾਮ ਸਿੰਘ, ਨਿਊ ਗੁਰਦਾਸਪੁਰ ਟਰਾਂਸਪੋਰਟ ਤੋਂ ਦਰਜਨਾਂ ਟਰਾਂਸਪੋਰਟਰਾਂ ਨੇ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਟਰਾਂਸਪੋਰਟ ਨਾਲ ਸਬੰਧਤ ਵੱਖ-ਵੱਖ ਖੇਤਰਾਂ ਵਿੱਚ ਸਹਿਰ ਦੀ ਸੁਰੱਖਿਆ ਵਧਾਈ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਰਾਂ ਨੂੰ ਕਾਬੂ ਕੀਤਾ ਜਾਵੇ ਅਤੇ ਤਹਿ ਤੱਕ ਪਹੁੰਚ ਕੀਤੀ ਜਾਵੇ ਕਿ ਚੋਰੀ ਦਾ ਸਾਮਾਨ ਕੌਣ ਖਰੀਦਦਾ ਹੈ?